ਕੌਮਾਂਤਰੀ ਅੰਮ੍ਰਿਤਸਰ ਟਾਈਮਜ਼

QUOMANTRY AMRITSAR TIMES

West/East Coast Edition | Volume 7 | Issue 28 | 11 July 2018 to 17 July 2018 | Ph.: (510) 240-5949 | For Advt.: (510) 677-2777 | Fax: (888) 323-6950 | Email: info@amritsartimes.com, asrtimes@gmail.com


# ਸਰਕਾਰ ਭਾਈ ਜਗਤਾਰ ਸਿੰਘ ਹਵਾਰਾ ਨੂੰ ਤਿਹਾੜ ਜੇਲ੍ਹ ਵਿਚ ਡੱਕ ਕੇ ਰੱਖਣ ਲਈ ਬਜ਼ਿੱਦ

**ਲੁਧਿਆਣਾ/ ਐਡਵੋਕੇਟ ਜਸਪਾਲ ਸਿੰਘ ਮੰਝਪੁਰ :**
ਅੱਜ ਦੀ ਤਰੀਕ ਵਿਚ ਭਾਈ ਜਗਤਾਰ ਸਿੰਘ ਹਵਾਰਾ ਦਿੱਲੀ ਦੀ ਤਿਹਾੜ ਜੇਲ੍ਹ ਨੰਬਰ 3 ਵਿਚ ਨਜ਼ਰਬੰਦ ਹਨ ਅਤੇ ਜਿਕਰਯੋਗ ਹੈ ਕਿ ਨਾ ਤਾਂ ਉਹ ਦਿੱਲੀ ਸਟੇਟ ਦੇ ਕੈਦੀ ਹਨ ਅਤੇ ਨਾ ਹੀ ਹਵਾਲਾਤੀ ਭਾਵ ਕਿ ਨਾ ਤਾਂ ਦਿੱਲੀ ਦੇ ਕਿਸੇ ਕੇਸ ਦੀ ਉਹ ਸਜ਼ਾ ਕੱਟ ਰਹੇ ਹਨ ਅਤੇ ਨਾ ਹੀ ਦਿੱਲੀ ਵਿਚਲਾ ਕੋਈ ਕੇਸ ਉਹਨਾਂ ਉਪਰ ਚੱਲ ਰਿਹਾ ਹੈ ਸਗੋਂ ਇਸ ਤੋਂ ਉਲਟ ਉਹਨਾਂ ਉਪਰ 3 ਕੇਸ ਪੰਜਾਬ ਵਿਚ, ਦੋ 1995 ਦੇ ਲੁਧਿਆਣਾ ਤੇ ਇਕ 2005 ਦਾ ਮੋਗਾ ਵਿਚ ਚੱਲ ਰਹੇ ਹਨ ਅਤੇ ਉਹ ਮੁੱਖ ਮੰਤਰੀ ਬੇਅੰਤ ਕਤਲ ਕੇਸ ਵਿਚ ਯੂ.ਟੀ. ਚੰਡੀਗੜ੍ਹ ਦੇ ਉਮਰ ਕੈਦੀ ਹਨ।



ਭਾਰਤੀ ਕਾਨੂੰਨ ਮੁਤਾਬਕ ਹਰੇਕ ਕੈਦੀ ਨੂੰ ਆਪਣੀ ਸਟੇਟ ਵਿਚ ਕੈਦ ਕੱਟਣ ਦਾ ਕਾਨੂੰਨੀ ਹੱਕ ਹੈ ਪਰ ਭਾਈ ਹਵਾਰਾ ਦੇ ਸਬੰਧ ਵਿਚ ਅਜਿਹਾ ਨਹੀਂ ਹੋ ਰਿਹਾ ਅਤੇ ਜਦੋਂ ਕਾਨੂੰਨ ਵਿਚ ਲਿਖਿਆ ਹੱਕ ਨਾ ਮਿਲੇ ਤਾਂ ਉਸ ਲਈ ਅਦਾਲਤਾਂ ਦਾ ਸਹਾਰਾ ਲਿਆ ਜਾਂਦਾ ਹੈ ਪਰ ਅਦਾਲਤਾਂ ਵੀ ਜਦੋਂ ਨਿਆਂ ਨਾ ਦੇਣ ਤਾਂ ਲੋਕ ਆਪਣੇ ਹੱਕਾਂ ਲਈ ਸੰਘਰਸ਼ ਕਰਦੇ ਹਨ ਅਤੇ ਸੰਘਰਸ਼ਾਂ ਨੂੰ ਜਦੋਂ ਸਿਆਸੀ ਜਾਂ ਵੋਟ ਰਾਜਨੀਤੀ ਵਾਲੀ ਰੰਗਤ ਚਾੜ੍ਹ ਦਿੱਤੀ ਜਾਂਦੀ ਹੈ ਤਾਂ ਫੈਸਲੇ ਕਾਨੂੰਨੀ ਜਾਂ ਅਦਾਲਤੀ ਨਾ ਹੋ ਕੇ ਸਿਆਸੀ ਜਾਂ ਵੋਟ ਰਾਜਨੀਤੀ ਦੇ ਅਧੀਨ ਹੋ ਜਾਂਦੇ ਹਨ ਅਤੇ ਫਿਰ ਫੈਸਲੇ ਤਾਂ ਹੀ ਹੁੰਦੇ ਹਨ ਜਦੋਂ ਸਿਆਸੀ ਲੈਣ-ਦੇਣ ਦੀ ਥਾਂ ਸਿਆਸੀ ਦਬਾਓ ਬਣ ਸਕੇ ਨਹੀਂ ਤਾਂ ਸੰਘਰਸ਼ ਦਾ ਬਣਿਆ ਦਬਾਓ ਉਲਟਾ ਅਸਰ ਵੀ ਕਰਦਾ ਹੈ ਜਿਹਾ ਕਿ ਬੰਦੀ ਸਿੰਘਾਂ ਦੀ ਰਿਹਾਈ ਦੇ ਸਬੰਧ ਵਿਚ ਵੀ ਹੋਇਆ ਹੈ ਅਤੇ ਭਾਈ ਜਗਤਾਰ ਸਿੰਘ ਹਵਾਰਾ ਦੀ ਜੇਲ੍ਹ ਤਬਦੀਲੀ ਦੇ ਸਬੰਧ ਵਿਚ ਹੋਣ ਦੇ ਖਦਸ਼ੇ ਵੀ ਹਨ।

ਪਿਛਲੇ ਦਿਨੀਂ ਭਾਈ ਜਗਤਾਰ ਸਿੰਘ ਹਵਾਰਾ ਨਾਲ ਜੇਲ੍ਹ ਵਿਚ ਮੁਲਾਕਾਤ ਕੀਤੀ ਤਾਂ ਉਹਨਾਂ ਕਿਹਾ ਕਿ ਉਹਨਾਂ ਨੂੰ ਕੋਈ ਗਮ ਨਹੀਂ ਕਿ ਉਹਨਾਂ ਨੂੰ ਕਿਸ ਜੇਲ੍ਹ ਵਿਚ ਰੱਖਿਆ ਜਾਂਦਾ ਹੈ ਪਰ ਅਸਲ ਮੁੱਦਾ ਤਾਂ ਹੈ ਕਿ ਕਾਨੂੰਨ ਕੀ ਕਹਿੰਦਾ ਹੈ ਅਤੇ ਹੋ ਕੀ ਰਿਹਾ ਹੈ ? ਜੇ ਜੇਲ੍ਹ ਤਬਦੀਲੀ ਦੇ ਕਾਨੂੰਨ ਨੂੰ ਵਿਚਾਰੀਏ ਤਾਂ ਪਤਾ ਲੱਗਦਾ ਹੈ ਕਿ ਜਿਸ ਅਦਾਲਤ ਵਿਚ

ਬਾਕੀ ਸਫ਼ਾ 29 'ਤੇ

## *ਮਿਸ਼ਨ 2019* : ਮੋਦੀ ਨੇ ਪੰਜਾਬ ਦੇ ਕਿਸਾਨਾਂ ਤੇ ਬਾਦਲ ਨੇ ਮੋਦੀ ਦੀਆਂ ਤਰੀਫਾਂ ਦੇ ਪੁਲ ਬੰਨ੍ਹੇ



**ਮਲੋਟ/ਬਿਊਰੋ ਨਿਊਜ਼ :** ਪ੍ਰਧਾਨ ਮੰਤਰੀ ਨਰੇਂਦਰ ਮੋਦੀ ਨੇ ਮਲੋਟ ਵਿਚ ਤਿੰਨ ਸੂਬਿਆਂ ਦੇ ਕਿਸਾਨਾਂ ਨੂੰ ਸੰਬੋਧਨ ਕਰਦਿਆਂ ਕਿਹਾ ਕਿ ਪਿਛਲੇ ਚਾਰ ਸਾਲਾਂ ਦੌਰਾਨ ਉਨ੍ਹਾਂ ਨੂੰ ਪੰਜਾਬ ਆਉਣ ਦਾ ਮੌਕਾ ਮਿਲਿਆ ਹੈ। ਉਨ੍ਹਾਂ ਕਿਹਾ ਕਿ ਉਹ ਪ੍ਰਕਾਸ਼ ਸਿੰਘ ਬਾਦਲ ਦੇ ਰਿਣੀ ਹਨ ਕਿ ਉਨ੍ਹਾਂ ਨੇ ਸੂਬੇ ਦੇ ਕਿਸਾਨਾਂ ਨਾਲ ਰੂਬਰੂ ਹੋਣ ਦਾ ਮੌਕਾ ਦਿੱਤਾ। ਇਸ ਮੌਕੇ ਪ੍ਰਧਾਨ ਮੰਤਰੀ ਮੋਦੀ ਨੇ ਕਿਹਾ ਕਿ ਕਾਂਗਰਸ ਨੇ ਕਿਸਾਨਾਂ ਨਾਲ ਧੋਖਾ ਕੀਤਾ ਤੇ ਹਰ ਸਮਾਂ ਉਨ੍ਹਾਂ ਨਾਲ ਰਾਜਨੀਤੀ ਕੀਤੀ। 70 ਸਾਲਾਂ ਵਿਚ ਕਿਸਾਨਾਂ ਲਈ ਐਮਐਸਪੀ ਦਾ ਪਹਿਲੀ ਵਾਰ ਵਾਧਾ ਕੀਤਾ ਗਿਆ ਹੈ ਅਤੇ 40 ਸਾਲਾਂ ਤੋਂ ਰੁਕੀ ਹੋਈ ਵਨ-ਰੈਂਕ-ਵਨ ਪੈਂਸ਼ਨ ਨੂੰ ਭਾਜਪਾ ਸਰਕਾਰ ਨੇ

ਬਾਕੀ ਸਫ਼ਾ 29 'ਤੇ

# ਨਾਮੀ ਗੈਂਗਸਟਰ ਦਿਲਪ੍ਰੀਤ ਸਿੰਘ ਢਾਹਾਂ ਬਾਰੇ ਹੋ ਰਹੇ ਨੇ ਰੋਜ਼ ਨਵੇਂ ਖੁਲਾਸੇ

## ਗੈਂਗਸਟਰ ਦਾ ਸਾਥ ਦੇਣ ਦੇ ਦੋਸ਼ 'ਚ ਦੋ ਸਕੀਆਂ ਭੈਣਾਂ ਗ੍ਰਿਫ਼ਤਾਰ

**ਚੰਡੀਗੜ੍ਹ/ਬਿਊਰੋ ਨਿਊਜ਼ :**
ਪੰਜਾਬ ਪੁਲੀਸ ਸਟੇਟ ਸਪੈਸ਼ਲ ਅਪਰੇਸ਼ਨ ਸੈੱਲ ਵੱਲੋਂ ਗੈਂਗਸਟਰ ਦਿਲਪ੍ਰੀਤ ਸਿੰਘ ਉਰਫ਼ ਬਾਬਾ ਦੀ ਕਥਿਤ ਪ੍ਰੇਮਿਕਾ ਰੁਪਿੰਦਰ ਕੌਰ ਵਾਸੀ ਨਵਾਂ ਸ਼ਹਿਰ ਹਾਲ ਵਾਸੀ ਸੈਕਟਰ-38, ਚੰਡੀਗੜ੍ਹ ਅਤੇ ਉਸ ਦੀ ਭੈਣ ਹਰਪ੍ਰੀਤ ਕੌਰ ਨੂੰ ਗ੍ਰਿਫ਼ਤਾਰ ਕਰ ਲਿਆ ਹੈ। ਮੁਲਜ਼ਮ ਭੈਣਾਂ 'ਤੇ ਗੈਂਗਸਟਰ ਬਾਬਾ ਨੂੰ ਆਪਣੇ ਘਰ ਵਿੱਚ ਪਨਾਹ ਦੇਣ ਅਤੇ ਨਸ਼ੀਲੇ ਪਦਾਰਥ ਤੇ ਅਸਲਾ ਛੁਪਾ ਕੇ ਰੱਖਣ ਦਾ ਦੋਸ਼ ਹੈ।

ਇਸ ਗੱਲ ਦਾ ਖ਼ੁਲਾਸਾ ਇੱਥੇ ਪੰਜਾਬ ਪੁਲੀਸ ਸਟੇਟ ਸਪੈਸ਼ਲ ਅਪਰੇਸ਼ਨ ਸੈੱਲ ਦੇ ਏਆਈਜੀ ਵਰਿੰਦਰਪਾਲ ਸਿੰਘ ਨੇ ਕੀਤਾ। ਉਨ੍ਹਾਂ ਦੱਸਿਆ ਕਿ ਰੁਪਿੰਦਰ ਕੌਰ ਨੂੰ ਮੁਹਾਲੀ ਦੇ ਸੈਕਟਰ-91 'ਚੋਂ ਗ੍ਰਿਫ਼ਤਾਰ ਕੀਤਾ ਗਿਆ ਹੈ। ਉਹ ਇੱਥੇ ਆਪਣੇ ਨਜ਼ਦੀਕੀ ਰਿਸ਼ਤੇਦਾਰ ਦੇ ਘਰ ਆਈ ਸੀ ਜਦੋਂਕਿ ਉਸ ਦੀ ਭੈਣ ਹਰਪ੍ਰੀਤ ਕੌਰ ਨੂੰ ਨਵਾਂ ਸ਼ਹਿਰ ਤੋਂ ਗ੍ਰਿਫ਼ਤਾਰ ਕੀਤਾ ਗਿਆ ਹੈ। ਦੱਸਣਯੋਗ ਹੈ ਕਿ ਗੈਂਗਸਟਰ ਦਿਲਪ੍ਰੀਤ ਸਿੰਘ ਨੂੰ ਬੀਤੇ ਦਿਨੀਂ ਸੈਕਟਰ-43 ਦੇ ਬੱਸ ਅੱਡੇ ਨੇੜਿਓਂ ਪੁਲੀਸ ਮੁਕਾਬਲੇ ਦੌਰਾਨ ਕਾਬੂ ਕੀਤਾ ਗਿਆ ਸੀ। ਉਹ ਇਸ ਸਮੇਂ ਪੁਲੀਸ ਦੇ ਸਖ਼ਤ ਪਹਿਰੇ ਹੇਠ ਪੀਜੀਆਈ ਵਿੱਚ ਜ਼ੇਰੇ ਇਲਾਜ ਹੈ। ਉਸ ਦੇ ਪੱਟ ਵਿੱਚ ਗੋਲੀ ਲੱਗੀ ਹੈ।

ਏਆਈਜੀ ਵਰਿੰਦਰਪਾਲ ਸਿੰਘ ਨੇ ਦੱਸਿਆ ਕਿ ਕਪੂਰਥਲਾ ਜੇਲ੍ਹ ਵਿੱਚ ਨਿਆਂਇਕ ਹਿਰਾਸਤ ਦੌਰਾਨ ਗੈਂਗਸਟਰ ਦਿਲਪ੍ਰੀਤ ਦਾ ਹਰਪ੍ਰੀਤ ਕੌਰ ਨਾਲ ਸੰਪਰਕ ਹੋਇਆ ਸੀ।



ਜੇਲ੍ਹ 'ਚੋਂ ਰਿਹਾਅ ਹੋਣ ਮਗਰੋਂ ਉਹ ਚੰਗੇ ਦੋਸਤ ਬਣ ਗਏ ਅਤੇ ਹੌਲੀ-ਹੌਲੀ ਉਸ ਦੇ ਗਰੋਹ ਦੇ ਮੈਂਬਰ ਵੀ ਉਨ੍ਹਾਂ ਦੇ ਘਰ ਆਉਣ-ਜਾਣ ਲੱਗ ਪਏ। ਇਸ ਦੌਰਾਨ ਹਰਪ੍ਰੀਤ ਦੀ ਛੋਟੀ ਭੈਣ ਰੁਪਿੰਦਰ ਕੌਰ ਵੀ ਦਿਲਪ੍ਰੀਤ ਦੀ ਦੋਸਤ ਬਣ ਗਈ। ਪੁਲੀਸ ਅਨੁਸਾਰ ਪਿਛਲੇ ਸਾਲ ਨਵੰਬਰ ਵਿੱਚ ਹਰਪ੍ਰੀਤ ਨੇ ਚੰਡੀਗੜ੍ਹ ਦੇ ਸੈਕਟਰ-38ਸੀ ਵਿੱਚ ਕਿਰਾਏ 'ਤੇ ਮਕਾਨ ਲੈ ਕੇ ਰਹਿਣਾ ਸ਼ੁਰੂ ਕਰ ਦਿੱਤਾ ਸੀ। ਦਿਲਪ੍ਰੀਤ ਨੇ ਪੁਲੀਸ ਤੋਂ ਬਚਣ ਲਈ ਆਪਣੀ ਦਾੜ੍ਹੀ, ਮੁੱਛਾਂ ਅਤੇ ਸਿਰ ਦੇ ਵਾਲ ਕੱਟ ਕੇ ਆਪਣਾ ਹੁਲੀਆ ਬਦਲ ਲਿਆ। ਗੈਂਗਸਟਰ ਦਿਲਪ੍ਰੀਤ ਨੇ ਆਪਣਾ ਫਰਜ਼ੀ ਨਾਂ ਗਗਨਦੀਪ ਸਿੰਘ ਰੱਖ ਲਿਆ ਅਤੇ ਚੰਡੀਗੜ੍ਹ ਵਿੱਚ ਉਹ ਹਰਪ੍ਰੀਤ ਦਾ ਪਤੀ ਬਣ ਕੇ ਰਹਿਣ ਲੱਗ ਪਿਆ।

ਏਆਈਜੀ ਨੇ ਦੱਸਿਆ ਕਿ ਦੋਵੇਂ ਭੈਣਾਂ ਤੋਂ ਮੁੱਢਲੀ ਪੁੱਛ-ਪੜਤਾਲ ਦੌਰਾਨ ਇਹ ਗੱਲ ਸਾਹਮਣੇ ਆਈ ਹੈ ਕਿ ਦਿਲਪ੍ਰੀਤ ਪਹਿਲਾਂ ਅਫੀਮ ਦਾ ਨਸ਼ਾ ਕਰਦਾ ਸੀ ਪ੍ਰੰਤੂ ਇਸ ਸਾਲ ਫਰਵਰੀ ਤੋਂ ਉਸ ਨੇ ਹੈਰੋਇਨ ਦਾ ਨਸ਼ਾ ਕਰਨਾ ਸ਼ੁਰੂ ਕਰ ਦਿੱਤਾ। ਬਾਅਦ ਵਿੱਚ ਉਸਨੇ ਹੈਰੋਇਨ ਅਤੇ ਹਥਿਆਰ ਵੇਚਣ ਦਾ ਧੰਦਾ ਸ਼ੁਰੂ ਕਰ ਲਿਆ। ਮੁਲਜ਼ਮ ਭੈਣਾਂ ਨੇ ਦੱਸਿਆ ਕਿ ਗੈਂਗਸਟਰ ਦਿਲਪ੍ਰੀਤ ਸਿੰਘ ਨੇ ਪੈਸੇ ਇਕੱਠੇ ਕਰਨ ਲਈ ਮਸ਼ਹੂਰ ਕਾਰੋਬਾਰੀਆਂ, ਪ੍ਰਮੁੱਖ ਲੋਕ ਗਾਇਕਾਂ ਅਤੇ ਅਦਾਕਾਰਾਂ ਨੂੰ ਡਰਾ ਧਮਕਾ ਕੇ ਫਿਰੌਤੀ ਮੰਗਣ ਦਾ ਧੰਦਾ ਸ਼ੁਰੂ ਕਰ ਲਿਆ। ਪੁਲੀਸ ਨੇ ਮੁਲਜ਼ਮ ਭੈਣਾਂ ਦੇ ਘਰਾਂ 'ਚੋਂ ਵੱਡੀ ਮਾਤਰਾ ਵਿੱਚ ਨਸ਼ੀਲੇ ਪਦਾਰਥ, ਅਸਲਾ ਅਤੇ ਗੋਲੀ ਸਿੱਕਾ ਵੀ ਬਰਾਮਦ ਕੀਤਾ ਹੈ।

ਉਧਰ, ਪੁਲੀਸ ਵੱਲੋਂ ਮੰਗਲਵਾਰ ਦੇਰ ਸ਼ਾਮ ਮੁਲਜ਼ਮ ਭੈਣਾਂ ਰੁਪਿੰਦਰ ਕੌਰ ਅਤੇ ਹਰਪ੍ਰੀਤ ਕੌਰ ਨੂੰ ਡਿਊਟੀ ਮੈਜਿਸਟਰੇਟ

ਬਾਕੀ ਸਫ਼ਾ 29 'ਤੇ

## ਮੇਘਾਲਿਆ ਹਾਈਕੋਰਟ ਵੱਲੋਂ ਸ਼ਿਲਾਂਗ ਦੇ ਸਿੱਖਾਂ ਨੂੰ ਉਜਾੜਨ 'ਤੇ ਲਾਈ ਰੋਕ

**ਨਵੀਂ ਦਿੱਲੀ/ਬਿਊਰੋ ਨਿਊਜ਼ :**
ਮੇਘਾਲਿਆ ਹਾਈ ਕੋਰਟ ਨੇ ਸ਼ਿਲਾਂਗ ਵਿਚ ਰਹਿੰਦੇ ਸਿੱਖ ਪਰਿਵਾਰਾਂ ਨੂੰ ਉਜਾੜ ਕੇ ਹੋਰ ਥਾਂ ਵਸਾਉਣ ਦੀ ਕਾਰਵਾਈ 'ਤੇ ਰੋਕ ਲਗਾ ਦਿੱਤੀ ਹੈ ਤੇ ਸੂਬਾ ਸਰਕਾਰ ਨੂੰ ਥਾਂ ਤਬਦੀਲੀ ਖਿਲਾਫ 218 ਪਰਿਵਾਰਾਂ ਵੱਲੋਂ ਦਾਇਰ ਪਟੀਸ਼ਨ 'ਤੇ ਚਾਰ ਹਫਤਿਆਂ ਦੇ ਅੰਦਰ ਅੰਦਰ ਆਪਣਾ ਜਵਾਬ ਦਾਖਲ ਕਰਨ ਦੀ ਹਦਾਇਤ ਕੀਤੀ ਹੈ।ਇਥੇ ਦੱਸਣਯੋਗ ਹੈ ਕਿ ਕੁਝ ਦਿਨ ਪਹਿਲਾਂ ਸ਼ਿਲਾਂਗ ਦੇ ਪੰਜਾਬੀ ਲੇਨ ਇਲਾਕੇ ਵਿਚ ਸਿੱਖਾਂ ਤੇ ਸਥਾਨਕ ਲੋਕਾਂ ਵਿਚ ਤਣਾਅ ਪੈਦਾ ਹੋ ਗਿਆ ਸੀ, ਜਿਸ ਮਗਰੋਂ ਮੇਘਾਲਿਆ ਸਰਕਾਰ ਨੇ ਸਿੱਖਾਂ ਦੀ ਥਾਂ ਤਬਦੀਲੀ ਦੀ ਕਾਰਵਾਈ ਸ਼ੁਰੂ ਕਰ ਦਿੱਤੀ ਸੀ। ਸ਼ਿਲਾਂਗ ਦੇ ਪੰਜਾਬੀ ਲੇਨ ਇਲਾਕੇ ਵਿਚ ਰਹਿੰਦੇ 218 ਪਰਿਵਾਰਾਂ ਨੇ ਸਰਕਾਰ ਵੱਲੋਂ ਉਹਨਾਂ ਦੇ ਘਰ ਤਬਦੀਲ ਕਰਨ ਦੀ ਪ੍ਰਕਿਰਿਆ ਦੇ ਖਿਲਾਫ ਕੇਸ ਹਾਈ ਕੋਰਟ ਵਿਚ ਦਾਇਰ ਕੀਤਾ ਹੈ ਤੇ ਇਸ ਮਾਮਲੇ 'ਤੇ ਇਕ ਉਚ ਤਾਕਤੀ ਕਮੇਟੀ ਵੀ ਬਣਾਈ ਹੈ।

ਸਿੱਖ ਪਰਿਵਾਰਾਂ ਦੇ ਵਕੀਲ ਡਾ. ਨਵੀਨ ਨੇ ਦੱਸਿਆ ਕਿ ਹਾਈ ਕੋਰਟ ਨੇ ਸੁਣਵਾਈ ਵਾਸਤੇ ਪਟੀਸ਼ਨ ਪ੍ਰਵਾਨ ਕਰ ਲਈ ਹੈ ਤੇ ਅਗਲੇ ਹੁਕਮਾਂ ਤੱਕ ਸਿੱਖ

ਬਾਕੀ ਸਫ਼ਾ 29 'ਤੇ
















# Atamras Kirtan Katha Samagam

## Celebrating the Parkash Utsav of Dhan Dhan Sri Guru Harkrishan Sahib Jee

Gurdwara Sahib Khalsa Care Foundation    Phone: (818) 896-7700    Address: 9989 Laurel Canyon Blvd, Pacoima, CA 91331


**Bhai Sahib Bhai Pinderpal Singh Jee**


**Bhai Sahib Bhai Harjinder Singh Jee**


**Sant Anoop Singh Jee**


**Bhai Varinder Singh Jee**


**Bhai Kulwinder Singh Jee**

**All Jathas Will Be Performing Together From:**

**SUNDAY JULY 15TH - 10:00 AM - 1:00 PM**

**MONDAY JULY 16 TH TO SATURDAY JULY 21ST**

**6:00 PM - 9:00 PM**

**SUNDAY JULY 22ND -10:00 AM - 1:00 PM**

*Arambh Sri Akhand Paath Sahib*
*July 20th Friday at 9:00 AM*
*Bhog Sri Akhand Paath Sahib*
*July 22nd Sunday at 9:00 AM*



For More Information Please Contact
Bhai Kanhaiya Jee Langar Seva Dal:
Baldev Singh: (818) 468-9595
Balvinder Singh: (818) 404-0811
Makhan Singh: (661) 225-7157
Paramjit Singh: (626) 354-6653



# ਅਫਗਾਨਿਸਤਾਨ ਵਿਚ ਮਾਰੇ ਗਏ ਸਿੱਖਾਂ ਲਈ ਅਰਦਾਸ ਸਮਾਗਮ ਵਿਚ ਅਫਗਾਨਿਸਤਾਨ ਦੇ ਕੌਂਸਲ ਜਨਰਲ ਨੇ ਕੀਤੀ ਸ਼ਮੂਲੀਅਤ

**ਨਿਊਯਾਰਕ/ਹੁਸਨ ਲੜੋਆ ਬੰਗਾ :** ਅਫਗਾਨਿਸਤਾਨ ਦੇ ਜਲਾਲਾਬਾਦ ਸ਼ਹਿਰ ਵਿਚ ਹੋਏ ਇਕ ਆਤਮਘਾਤੀ ਹਮਲੇ ਵਿਚ ਮਾਰੇ ਗਏ ਸਿੱਖਾਂ ਦੀ ਯਾਦ ਵਿਚ ਅਰਦਾਸ ਸਮਾਗਮ ਗੁਰਦੁਆਰਾ ਗੁਰੂ ਨਾਨਕ ਦਰਬਾਰ ਹਿਕਸਵਿਲ ਨਿਊਯਾਰਕ ਵਿਖੇ ਕਰਵਾਇਆ ਗਿਆ, ਜਿਸ ਵਿਚ ਸਥਾਨਕ ਗੁਰੂਘਰ ਦੀਆਂ ਕਮੇਟੀਆਂ ਦੇ ਨੁਮਾਇੰਦਿਆਂ ਅਤੇ ਸਿੱਖ ਆਗੂਆਂ ਨੇ ਹਾਜ਼ਰੀ ਭਰੀ। ਨਿਊਯਾਰਕ ਵਿਚ ਵੱਡੀ ਗਿਣਤੀ ਵਿਚ ਰਹਿੰਦੇ ਅਫ਼ਗਾਨ ਸਿੱਖਾਂ ਨੇ ਵੀ ਇਸ ਵਿਚ ਸ਼ਮੂਲੀਅਤ ਕੀਤੀ। ਵਿਛੜੀਆਂ ਰੂਹਾਂ ਦੀ ਯਾਦ ਵਿਚ ਸ੍ਰੀ ਅਖੰਡ ਪਾਠ ਸਾਹਿਬ ਦੇ ਭੋਗ ਪਾਏ ਗਏ। ਅਫਗਾਨਿਸਤਾਨ ਦੇ ਕੌਂਸਲ ਜਨਰਲ ਅਬਦੁਲ ਸਤਾਰ ਹਕਬਿਨ ਨੇ ਵਿਸ਼ੇਸ਼ ਤੌਰ 'ਤੇ ਹਾਜ਼ਰੀ ਭਰੀ ਅਤੇ ਇਸ ਦੁੱਖ ਦੀ ਘੜੀ ਵਿਚ



ਸਿੱਖਾਂ ਨਾਲ ਖੜ੍ਹਨ ਦਾ ਭਰੋਸਾ ਦਿੱਤਾ। ਸੰਗਤ ਨੂੰ ਸੰਬੋਧਨ ਕਰਦਿਆਂ ਉਹਨਾਂ ਕਿਹਾ ਕਿ ਪਿਛਲੇ 40 ਸਾਲਾਂ ਤੋਂ ਜਦੋਂ ਤੋਂ ਸੋਵੀਅਤ ਯੂਨੀਅਨ ਦੀਆਂ ਫੌਜਾਂ ਅਫਗਾਨਿਸਤਾਨ ਵਿਚ ਦਾਖ਼ਲ ਹੋਈਆਂ ਉਦੋਂ ਤੋਂ ਮੁਲਕ ਦੇ ਹਾਲਾਤ ਬਦ ਤੋਂ ਬਦਤਰ ਹੋਏ ਹਨ। ਸਾਡੀ ਸਰਕਾਰ ਅਮਨਪਸੰਦ ਕਦਰਾਂ ਕੀਮਤਾਂ ਵਿਚ ਯਕੀਨ ਰੱਖਦੀ ਹੈ ਅਤੇ ਸਿੱਖਾਂ 'ਤੇ ਹੋਏ ਇਸ ਆਤਮਘਾਤੀ ਹਮਲੇ ਨੇ ਸਾਡੇ ਦਿਲਾਂ ਨੂੰ ਗਹਿਰੀ ਸੱਟ ਮਾਰੀ ਹੈ। ਇਸ ਦੁਖਦਾਈ ਘੜੀ ਵਿਚ ਅਸੀਂ ਸਿੱਖਾਂ ਦੇ ਦੁੱਖ ਵਿਚ ਸ਼ਰੀਕ ਹੁੰਦੇਹਾਂ ਅਤੇ ਅਫਗਾਨਿਸਤਾਨ ਵਿਚ ਵਸਦੇ ਸਿੱਖਾਂ ਦੀ ਸੁਰੱਖਿਆ ਲਈ ਹਰ ਸੰਭਵ ਯਤਨ ਕਰਾਂਗੇ।

ਸ਼ਹੀਦ ਹੋਏ ਸਿੱਖਾਂ ਨੂੰ ਵੱਖ-ਵੱਖ ਗੁਰਦੁਆਰਾ ਕਮੇਟੀਆਂ ਦੇ ਨੁਮਾਇੰਦਿਆਂ, ਈਸਟ ਕੋਸਟ ਸਿੱਖ ਕੋਆਰਡੀਨੇਸ਼ਨ ਕਮੇਟੀ, ਯੂਨਾਈਟਿਡ ਸਿੱਖਜ਼, ਅਫਗਾਨ ਮੰਦਿਰ ਕਮੇਟੀ ਦੇ ਨੁਮਾਇੰਦਿਆਂ ਸਮੇਤ ਬਹੁਤ ਸਾਰੇ ਆਗੂਆਂ ਨੇ ਸ਼ਰਧਾ ਦੇ ਫੁੱਲ ਭੇਟ ਕੀਤੇ। ਖਾਲਿਸਤਾਨ ਅਫੇਅਰਜ਼ ਸੈਂਟਰ ਦੇ ਸੰਚਾਲਕ ਡਾ. ਅਮਰਜੀਤ ਸਿੰਘ ਨੇ ਸੰਗਤ ਨੂੰ ਸੰਬੋਧਨ ਕਰਦਿਆਂ ਕਿਹਾ ਕਿ ਭਾਵੇਂ ਆਪਣਾ ਮੁਲਕ ਨਾ ਹੋਣ ਕਰਕੇ ਅਸੀਂ ਅਫਗਾਨਿਸਤਾਨ ਦੇ ਸਿੱਖਾਂ ਲਈ ਬਹੁਤ ਕੁਝ ਨਹੀਂ ਕਰ ਸਕਦੇ ਪਰ ਜਿਨ੍ਹਾਂ ਮੁਲਕਾਂ ਵਿਚ ਅਸੀਂ ਬੈਠੇ ਹਾਂ ਇਥੇ ਲਾਮਬੰਦ ਹੋ ਕੇ ਇਥੋਂ ਦੀਆਂ ਸਰਕਾਰਾਂ ਉਪਰ ਸਿੱਖਾਂ ਦੀ ਸੁਰੱਖਿਆ ਲਈ ਦਬਾਅ ਬਣਾਈਏ। ਉਨ੍ਹਾ ਕਿਹਾ ਕਿ ਸਾਡਾ ਫਰਜ਼ ਬਣਦਾ ਹੈ ਕਿ ਉਥੇ ਵਸਦੇ ਸਿੱਖ ਭਾਈਚਾਰੇ ਅਤੇ ਸਿੱਖਾਂ ਦੇ ਇਤਿਹਾਸਕ ਗੁਰਧਾਮਾਂ ਦੀ ਰੱਖਿਆ ਲਈ ਹਰ ਸੰਭਵ ਯਤਨ ਕੀਤਾ ਜਾਵੇ। ਸਿਖ ਪ੍ਰਚਾਰਕ ਜਗਤਾਰ ਸਿੰਘ ਜਾਚਕ ਨੇ ਕਿਹਾ ਕਿ ਸਿੱਖਾਂ ਨੂੰ ਸਿਖ ਹੋਣ ਦੀ ਕੀਮਤ ਚੁਕਾਉਣੀ ਪਈ ਹੈ, ਸਿੱਖਾਂ 'ਤੇ ਹੁੰਦੇ ਜ਼ੁਲਮਾਂ ਨੂੰ ਉਦੋਂ ਤੱਕ ਠੱਲ੍ਹ ਨਹੀਂ ਪਾਈ ਜਾ ਸਕਦੀ ਜਦੋਂ ਤੱਕ ਸਾਡਾ ਆਪਣਾ ਮੁਲਕ ਨਹੀਂ ਬਣ ਜਾਂਦਾ। ਗੁਰੂ ਨਾਨਕ ਦਰਬਾਰ ਦੀ ਕਮੇਟੀ ਵਲੋਂ ਬੋਲਦਿਆਂ ਪਰਮਜੀਤ ਸਿੰਘ ਬੇਦੀ ਨੇ ਕਿਹਾ ਕਿ ਇਸ ਮਸਲੇ 'ਤੇ ਅਮਰੀਕਾ ਦੀ ਸਰਕਾਰ ਨਾਲ ਗੱਲਬਾਤ ਅਤੇ ਉਥੇ ਰਹਿ ਰਹੇ ਸਿੱਖਾਂ ਦੀ ਮਦਦ ਲਈ ਇਕ ਕਮੇਟੀ ਬਣਾਈ ਜਾਵੇਗੀ। ਇਸ ਹਮਲੇ ਵਿਚ ਮਾਰੇ ਗਏ ਹਿੰਦੂ ਅਤੇ ਮੁਸਲਮਾਨ ਭਰਾਵਾਂ ਨੂੰ ਵੀ ਸ਼ਰਧਾਂਜਲੀ ਦਿੱਤੀ ਗਈ। ਸਟੇਜ ਦੀ ਸੇਵਾ ਸਰਦਾਰ ਗੁਲਾਟੀ ਵਲੋਂ ਨਿਭਾਈ ਗਈ ਅਤੇ ਅੰਤ ਨੂੰ ਗੁਰੂਘਰ ਦੇ ਮੁੱਖ ਸੇਵਾਦਾਰ ਮੋਹਨ ਸਿੰਘ ਵਲੋਂ ਆਈਆਂ ਸੰਗਤਾਂ ਦਾ ਧੰਨਵਾਦ ਕੀਤਾ ਗਿਆ।

# ਏਜੀਪੀਸੀ ਵੱਲੋਂ ਵੱਖ-ਵੱਖ ਦੇਸ਼ਾਂ ਨੂੰ ਗੁਰੂ-ਘਰਾਂ ਦੀਆਂ ਜ਼ਮੀਨਾਂ ਦੀ ਸੁਰੱਖਿਆ ਦੀ ਅਪੀਲ

**ਫਰੀਮੌਂਟ/ਬਿਊਰੋ ਨਿਊਜ਼ :** ਅਮਰੀਕੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੇ ਪਾਕਿਸਤਾਨ ਅਤੇ ਬੰਗਲਾਦੇਸ਼ ਸਮੇਤ ਦੁਨੀਆ ਦੇ ਵੱਖ-ਵੱਖ ਮੁਲਕਾਂ ਦੀਆਂ ਸਰਕਾਰਾਂ ਨੂੰ ਉਨ੍ਹਾਂ ਦੇ ਦੇਸ਼ਾਂ ਵਿਚ ਸਿੱਖ ਗੁਰਧਾਮਾਂ ਦੀਆਂ ਜ਼ਮੀਨਾਂ ਦੀ ਰੱਖਿਆ ਲਈ ਇਕ ਨਿਮਰ ਬੇਨਤੀ ਜਾਰੀ ਕੀਤੀ ਹੈ। ਉਨ੍ਹਾਂ ਕਿਹਾ ਕਿ ਬਹੁਤ ਸਾਰੀਆਂ ਥਾਵਾਂ ਉਤੇ ਗੁਰਦੁਆਰਿਆਂ ਦੀਆਂ ਜ਼ਮੀਨਾਂ ਹੜੱਪੀਆਂ ਜਾ ਰਹੀਆਂ ਹਨ ਅਤੇ ਬਹੁਤ ਸਾਰੇ ਲੋਕਾਂ ਦੁਆਰਾ ਕਬਜ਼ੇ ਕੀਤੇ ਗਏ ਹਨ। ਇਨ੍ਹਾਂ ਜ਼ਮੀਨਾਂ ਨੂੰ ਖਾਲੀ ਕਰਵਾਉਣ ਲਈ ਕਰੜੇ ਯਤਨ ਕੀਤੇ ਜਾਣ ਦੀ ਲੋੜ ਹੈ ਤਾਂ ਕਿ ਇਹ ਪੱਕਾ ਕੀਤਾ ਜਾ ਸਕੇ ਕਿ ਇਹ ਜਾਇਦਾਦਾਂ ਗੁਰੂ ਘਰਾਂ ਦੀਆਂ ਹਨ।

ਏਜੀਪੀਸੀ ਦੇ ਪ੍ਰਧਾਨ ਜੇ.ਐਸ. ਹੋਠੀ ਅਤੇ ਕੋਆਰਡੀਨੇਟਰ ਡਾ. ਪ੍ਰਿਤਪਾਲ ਸਿੰਘ ਨੇ ਇੱਥੇ ਜਾਰੀ ਸਾਂਝੇ ਬਿਆਨ 'ਚ ਕਿਹਾ ਕਿ ਭਾਰਤ ਵਿਚ ਵੱਖ ਵੱਖ ਗੁਰਦੁਆਰਿਆਂ ਦੀਆਂ ਜ਼ਮੀਨਾਂ ਸੁਰੱਖਿਅਤ ਨਹੀਂ ਹਨ। ਉਨ੍ਹਾਂ ਮੁਤਾਬਕ ਭਾਰਤ ਵਿਚ ਸਿੱਕਮ ਵਿਚ ਸਿੱਖਾਂ ਨੂੰ ਆਪਣੇ ਘਰਾਂ ਵਿਚੋਂ ਜ਼ਬਰਦਸਤੀ ਬੇਦਖ਼ਲ ਕੀਤਾ ਜਾ ਰਿਹਾ ਹੈ। ਉਨ੍ਹਾਂ ਕਿਹਾ ਕਿ ਸਥਾਨਕ ਲੋਕਾਂ ਨੇ ਗੁਰਦੁਆਰਾ ਗੁਰੂ ਡੋਂਗਮਾਰ ਸਾਹਿਬ ਵਿਖੇ ਜ਼ਮੀਨ ਕਬਜ਼ੇ ਵਿਚ ਰੱਖੀ ਹੈ ਅਤੇ ਅਜਿਹਾ ਕਰਨ ਵਾਲਿਆਂ ਵਿਰੁੱਧ ਕੋਈ ਕਾਰਵਾਈ ਨਹੀਂ ਕੀਤੀ ਗਈ। ਇਸੇ ਤਰ੍ਹਾਂ ਉਤਰਾਖੰਡ ਦੇ ਹਰਿਦੁਆਰ ਵਿਚ ਗੁਰਦੁਆਰਾ ਗਿਆਨ ਗੋਦੜੀ ਸਾਹਿਬ ਦੀ ਜ਼ਮੀਨ ਨੂੰ ਜ਼ਬਰਦਸਤੀ ਖੋਹਿਆ ਗਿਆ ਹੈ।



ਅਮਰੀਕੀ ਸਿੱਖ ਆਗੂਆਂ ਨੇ ਕਿਹਾ ਕਿ ਬੰਗਲਾਦੇਸ਼ ਵਿਚ ਸਿੱਖਾਂ ਦਾ 'ਨਾਨਕਸ਼ਾਹੀ' ਨਾਂ ਦਾ ਵੱਡਾ ਗੁਰੂਦੁਆਰਾ ਹੈ, ਜਿਸ ਦੀ 63 ਏਕੜ ਜ਼ਮੀਨ ਉਤੇ ਕਬਜ਼ਾ ਕਰਕੇ ਢਾਕਾ ਯੂਨੀਵਰਸਿਟੀ ਕੈਂਪਸ ਉਸਾਰ ਦਿਤਾ ਗਿਆ ਹੈ। ਅਫਗਾਨਿਸਤਾਨ ਦੇ ਗੁਰਦੁਆਰਾ 'ਕਰਤਾ ਪਰਵਾਨ' ਦੀ ਕਾਫੀ ਜ਼ਮੀਨ ਵੀ ਦੱਬੀ ਜਾ ਚੁੱਕੀ ਹੈ।

ਉਨ੍ਹਾਂ ਕਿਹਾ ਕਿ ਨੇਪਾਲ ਵਿਚ ਗੁਰਦੁਆਰੇ ਅਤੇ ਉਨ੍ਹਾਂ ਦੀ ਜ਼ਮੀਨ ਸਰਕਾਰ ਦੇ ਪ੍ਰਬੰਧ ਅਧੀਨ ਕੀਤੇ ਗਏ ਸਨ, ਜਿਨ੍ਹਾਂ ਨੂੰ ਦੁਬਾਰਾ ਸਿੱਖਾਂ ਨੂੰ ਸੌਂਪਿਆ ਜਾਣਾ ਚਾਹੀਦਾ ਹੈ, ਤਾਂ ਜੋ ਉਹ ਗੁਰਦੁਆਰਿਆਂ ਦਾ ਪ੍ਰਬੰਧ ਖੁਦ ਕਰ ਸਕਣ। ਇਸੇ ਤਰ੍ਹਾਂ ਇਰਾਕ ਵਿਚ, ਉਹ ਜਗ੍ਹਾ, ਜਿੱਥੇ ਗੁਰੂ ਨਾਨਕ ਦੇਵ ਜੀ ਬਗਦਾਦ ਵਿਖੇ ਆਏ ਸਨ, ਨੂੰ ਵੀ ਸਿੱਖਾਂ ਨੂੰ ਦੇਣਾ ਚਾਹੀਦਾ ਹੈ। ਪਾਕਿਸਤਾਨ ਵਿਚ ਇਹ ਰਿਕਾਰਡ ਵਿਚ ਹੈ ਕਿ 64,000 ਏਕੜ ਜ਼ਮੀਨ ਸਿੱਖਾਂ ਦੀ ਹੈ ਅਤੇ 16000 ਏਕੜ ਜ਼ਮੀਨ ਇਕੱਲੇ ਨਨਕਾਣਾ ਸਾਹਿਬ ਦੇ ਗੁਰਦੁਆਰਿਆਂ ਨਾਲ ਸਬੰਧਿਤ ਹੈ। ਇਸ ਜ਼ਮੀਨ ਵਿਚੋਂ ਵੀ ਬਹੁਤ ਸਾਰੀ ਉਤੇ ਨਜਾਇਜ਼ ਕਬਜ਼ੇ ਹੋ ਚੁੱਕੇ ਹਨ, ਜਾਂ ਹੇਰਾਫੇਰੀ ਨਾਲ ਸਸਤੇ ਭਾਅ ਉਤੇ ਲੀਜ਼ 'ਤੇ ਦਿਤੀ ਗਈ ਹੈ।

ਇਸੇ ਤਰ੍ਹਾਂ ਨਨਕਾਣਾ ਸਾਹਬ ਵਿਖੇ ਈਟੀਪੀਬੀ ਗੁਰੂ ਨਾਨਕ ਯੂਨੀਵਰਸਿਟੀ ਬਣਾਉਣ ਵਾਸਤੇ ਐਕਵਾਇਰ ਕੀਤੀ 100 ਏਕੜ ਜ਼ਮੀਨ ਵਾਪਸ ਨਹੀਂ ਕਰ ਰਿਹਾ। ਲਾਹੌਰ ਵਿਚ ਚੂਨਾ ਮੰਡੀ ਵਿਖੇ ਇਕ ਪਵਿੱਤਰ ਅਸਥਾਨ ਹੈ, "ਦੀਵਾਨ ਖਾਨਾ" ਜਿੱਥੇ "ਸ਼ਬਦ ਹਜ਼ਾਰੇ" ਦੀ ਪਵਿੱਤਰ ਬਾਣੀ ਦੀ ਰਚਨਾ ਹੋਈ, ਨੂੰ ਸਥਾਨਕ ਲੋਕਾਂ ਦੁਆਰਾ ਦੱਬ ਲਿਆ ਗਿਆ ਹੈ ਅਤੇ ਸਬੰਧਿਤ ਜ਼ਮੀਨ ਉੱਤੇ ਇਕ ਪਲਾਜ਼ਾ ਉਸਾਰਿਆ ਗਿਆ ਹੈ। ਇਸੇ ਤਰ੍ਹਾਂ, ਗੁਰਦੁਆਰਾ ਡੇਰਾ ਚਾਹਲ ਲਾਹੌਰ ਦੀ ਲਗਭਗ 35 ਏਕੜ ਜ਼ਮੀਨ ਨੂੰ ਵੇਚਣ ਦੀ ਕੋਸ਼ਿਸ਼ ਕੀਤੀ ਗਈ ਪਰ ਇਸ ਨੂੰ ਸਥਾਨਕ ਸਿੱਖਾਂ ਦੀ ਸਮੇਂ ਸਿਰ ਕੀਤੀ ਪਹਿਲਕਦਮੀ ਤੋਂ ਬਾਅਦ ਰੋਕ ਦਿੱਤਾ ਗਿਆ। ਉਨ੍ਹਾਂ ਨੇ ਅਪੀਲ ਕੀਤੀ ਕਿ ਜਿਸ ਭੂਮੀ ਦਾ ਸਬੰਧ ਇਤਿਹਾਸਕ ਗੁਰਦੁਆਰਿਆਂ ਨਾਲ ਹੈ, ਨੂੰ ਭੂ-ਮਾਫੀਆ ਤੋਂ ਖਾਲੀ ਕਰਵਾਉਣਾ ਚਾਹੀਦਾ ਹੈ ਅਤੇ ਸਿੱਖਾਂ ਦੇ ਹਵਾਲੇ ਕਰਨਾ ਚਾਹੀਦਾ ਹੈ। ਉਨ੍ਹਾਂ ਨੇ ਇਸ ਬਾਬਤ ਇਕ ਹਵਾਲਾ ਦਿੰਦਿਆਂ ਕਿਹਾ ਕਿ ਜਿਵੇਂ ਹਾਲ ਹੀ 'ਚ ਪਾਕਿਸਤਾਨ ਦੇ ਪਹਿਲੇ ਸਿੱਖ ਪੁਲਿਸ ਅਫਸਰ ਗੁਲਾਬ ਸਿੰਘ ਦੇ ਪਰਿਵਾਰ ਨੂੰ ਇਕ ਥਾਂ ਵਿਚੋਂ ਕੱਢਿਆ ਵੀ ਗਿਆ ਹੈ। ਇਸ ਲਈ ਪਾਕਿਸਤਾਨ ਅਤੇ ਹੋਰ ਥਾਵਾਂ 'ਤੇ ਸਹੀ ਢੰਗ ਨਾਲ ਸਿੱਖ ਭਾਈਚਾਰੇ ਦੀ ਸੁਰੱਖਿਆ ਯਕੀਨੀ ਬਣਾਈ ਜਾਵੇ।




# ਪੰਜਾਬੀ ਕਲਚਰਲ ਸੁਸਾਇਟੀ ਸ਼ਿਕਾਗੋ ਵੱਲੋਂ 18ਵੀਂ ਸਾਲਾਨਾ 'ਪੰਜਾਬੀ ਯੂਥ ਗ੍ਰੈਜੂਏਸ਼ਨ ਐਂਡ ਸਕਾਲਰਸ਼ਿਪ ਐਵਾਰਡਜ਼ ਨਾਈਟ' ਦੀ ਮੇਜ਼ਬਾਨੀ

## 'ਰੰਗਲਾ ਪੰਜਾਬ 2018' ਵਿਚ ਭਾਗ ਲੈਣ ਵਾਲਿਆਂ ਦਾ ਕੀਤਾ ਸਨਮਾਨ







**ਸ਼ਿਕਾਗੋ/ਬਿਊਰੋ ਨਿਊਜ਼ :** ਪੰਜਾਬੀ ਸੱਭਿਆਚਾਰਕ ਸੁਸਾਇਟੀ ਆਫ ਸ਼ਿਕਾਗੋ (ਪੀ.ਸੀ.ਐਸ) ਵੱਲੋਂ ਵਾਇਸਰਾਏ ਆਫ ਇੰਡੀਆ ਦੇ ਬੈਂਕੁਇਟ ਹਾਲ, ਲੋਂਬਾਰਡ, ਇਲੀਨੋਇਸ ਵਿਖੇ ਆਪਣੀ ਅਠਾਰਵੀਂ ਸਾਲਾਨਾ "ਪੰਜਾਬੀ ਯੂਥ ਗਰੈਜੂਏਸ਼ਨ ਅਤੇ ਸਕਾਲਰਸ਼ਿਪਜ਼ ਐਵਾਰਡਜ਼ ਨਾਈਟ" ਦੀ ਮੇਜ਼ਬਾਨੀ ਕੀਤੀ ਗਈ ਹੈ। ਇਸ ਮੌਕੇ ਸਾਲ 2018 ਦੇ ਗ੍ਰੈਜੂਏਟ ਵਿਦਿਆਰਥੀਆਂ ਨੂੰ ਪੀਸੀਐਸ ਸਕਾਲਰਸ਼ਿਪਾਂ ਨਾਲ ਸਨਮਾਨਿਤ ਕੀਤਾ ਗਿਆ। ਇਸ ਸਮਾਗਮ ਵਿਚ 250 ਤੋਂ ਜ਼ਿਆਦਾ ਲੋਕਾਂ ਨੇ ਹਾਜ਼ਰੀ ਭਰੀ। ਸਮਾਗਮ ਵਿਚ ਪ੍ਰੋਫੈਸਰ ਮੋਹਨਬੀਰ ਸਿੰਘ ਸਾਹਨੀ ਵੱਲੋਂ ਪ੍ਰੇਰਨਾਦਾਇਕ ਕੁੰਜੀਵਤ ਭਾਸ਼ਣ ਦਿੱਤਾ ਗਿਆ।

ਪ੍ਰੋਫੈਸਰ ਸਾਹਨੀ ਨੇ ਆਪਣੇ ਮੁੱਖ ਭਾਸ਼ਣ ਵਿਚ ਕਿਹਾ ਕਿ,"ਇੱਕ ਇੰਟਰਪਰਾਈਜ਼ਜ਼ ਨੂੰ ਇੱਕ ਵਿਲੱਖਣ ਉਤਪਾਦ ਦੀ ਜ਼ਰੂਰਤ ਹੁੰਦੀ ਹੈ, ਜੋ ਮਾਰਕੀਟ ਵਿਚ ਸਫਲ ਹੋਣ ਲਈ ਜ਼ਰੂਰੀ ਹੈ। ਤੁਸੀਂ ਆਪਣੀ ਨੈਤਿਕਤਾ, ਪਰਿਵਾਰਕ ਕਦਰਾਂ ਕੀਮਤਾਂ ਅਤੇ ਸਖ਼ਤ ਮਿਹਨਤ ਕਰਕੇ ਪਹਿਲਾਂ ਹੀ ਵਿਲੱਖਣਤਾ ਵਾਲੇ ਹੁੰਦੇ ਹੋ।"

ਉਨ੍ਹਾਂ ਕਿਹਾ ਕਿ ਪੀਸੀਐਸ ਪ੍ਰੋਗਰਾਮਾਂ ਵਿਚ ਭਾਗ ਲੈਣ ਵਾਲੇ ਕੇਵਿੰਦੀਪ ਸਿੰਘ ਅਟਵਾਲ ਸਾਬਕਾ ਬੋਰਡ ਮੈਂਬਰ, ਨੌਰਥਵੈਸਟਰਨ ਯੂਨੀਵਰਸਿਟੀ ਅਤੇ ਲੰਡਨ ਸਕੂਲ ਆਫ ਇਕਨਾਮਿਕਸ ਦੇ ਗ੍ਰੈਜੂਏਟ ਸਨ, ਪਰ ਹੁਣ ਇਕ ਵੱਡੀ ਬੇਅ-ਏਰੀਆ ਤਕਨਾਲੋਜੀ ਕੰਪਨੀ ਵਿਚ ਬਿਜਨਸ ਡਿਵੈਲਪਮੈਂਟ ਪ੍ਰੋਗਰਾਮਰ ਹਨ।ਫਰੀਡਮ ਹਾਈ ਸਕੂਲ ਪਲਾਟਾਈਨ ਦੇ ਅਵਿਜੀਤ ਸਿੰਘ ਨੰਦਰਾ ਨੇ 1000 ਡਾਲਰ ਦੀ ਸਕਾਲਰਸ਼ਿਪ ਹਾਸਲ ਕੀਤੀ ਅਤੇ ਜ਼ਿਊਰਿਖ ਹਾਈ ਸਕੂਲ ਦੇ ਸਿਮਰ ਸਿੰਘ ਨੇ 750 ਡਾਲਰ ਦੀ ਸਕਾਲਰਸ਼ਿਪ ਨਾਲ ਦੂਜੀ ਥਾਂ ਹਾਸਲ ਕੀਤੀ। ਇਸ ਮੌਕੇ ਸਾਲ 2018 ਦੇ ਸਾਰੇ ਗ੍ਰੈਜੂਏਟ ਗ੍ਰੈਜੂਏਟਾਂ ਨੂੰ ਸਨਮਾਨਿਤ ਕੀਤਾ ਗਿਆ ਅਤੇ ਉਨ੍ਹਾਂ ਨੂੰ ਸਰਟੀਫਿਕੇਟ ਅਤੇ ਨਗਦ ਤੋਹਫ਼ੇ ਦਿਤੇ ਗਏ। ਰਾਜਪ੍ਰੀਤ ਕੌਰ ਧਾਲੀਵਾਲ ਸਮਾਗਮ ਦੇ ਮੁੱਖ ਮਹਿਮਾਨ ਸਨ। ਇਸ ਪ੍ਰੋਗਰਾਮ ਨੂੰ ਦਿਲਜੀਤ ਸਿੰਘ ਆਹਲੂਵਾਲੀਆ ਦੀ ਯਾਦ ਵਿਚ ਮੋਹਿਨਾ ਆਹਲੂਵਾਲੀਆ ਨੇ ਸਪਾਂਸਰ ਕੀਤਾ ਸੀ ਅਤੇ ਡਾ. ਦਿਲਜੀਤ ਕੌਰ ਸਿੰਘ ਅਤੇ ਡਾ. ਕਰਮਜੀਤ ਕੌਰ ਸਿੰਘ ਨੇ ਆਪਣੇ ਪਿਤਾ ਡਾ. ਪ੍ਰੀਤਮ ਸਿੰਘ ਦੀ ਯਾਦ ਵਿਚ ਭੁਪਿੰਦਰ ਸਿੰਘ ਧਾਲੀਵਾਲ,ਕੇਵਿੰਦੀਪ ਸਿੰਘ ਅਟਵਾਲ, ਹਰਿੰਦਰ ਸਿੰਘ ਐਮ.ਆਈ.ਟੀ.ਐਸ., ਜਸਬੀਰ ਸਿੰਘ ਭੱਲਾ, ਅੰਮ੍ਰਿਤ ਮਿੱਤਲ, ਗੁਰਦੀਪ ਸਿੰਘ ਨੰਦਰਾ, ਡਾ. ਜਸਵਿੰਦਰ ਸਿੰਘ

ਬਾਕੀ ਸਫ਼ਾ 28 'ਤੇ

# ਪੰਜਾਬੀ ਸਾਹਿਤ ਸਭਾ ਕੈਲੀਫੋਰਨੀਆ ਵੱਲੋਂ ਮਹਾਰਾਜਾ ਰਣਜੀਤ ਸਿੰਘ ਅਤੇ ਬੰਦਾ ਸਿੰਘ ਬਹਾਦਰ ਨੂੰ ਸਮਰਪਿਤ ਸਾਹਿਤਕ ਮਿਲਣੀ



ਯੂਬਾ ਸਿਟੀ/ਬਿਊਰੋ ਨਿਊਜ਼ :

ਪੰਜਾਬੀ ਸਾਹਿਤ ਸਭਾ ਕੈਲੀਫੋਰਨੀਆ ਦੀ ਮਹੀਨਾਵਾਰ ਮਿਲਣੀ ਗੁਰਦਾਵਾਰਾ ਸਾਹਿਬ ਟੈਰਾਬੁਆਇਨਾ ਰੋਡ, ਯੂਬਾ ਸਿਟੀ ਦੇ ਕਮੇਟੀ ਰੂਮ ਵਿਚ ਕੀਤੀ ਗਈ। ਇਸ ਵਿਚ ਮਹਾਰਾਜਾ ਰਣਜੀਤ ਸਿੰਘ ਦੇ ਚਾਲੀ ਸਾਲਾਂ ਦੇ ਰਾਜ ਅਤੇ ਜੀਵਨ ਨੂੰ ਭਾਸ਼ਣਾਂ, ਕਵਿਤਾਵਾਂ ਰਾਹੀਂ ਯਾਦ ਕੀਤਾ ਗਿਆ। ਇਸ ਸਬੰਧੀ ਪ੍ਰੈਸ ਨੋਟ ਰਾਹੀਂ ਜਾਣਕਾਰੀ ਦਿੰਦਿਆਂ ਦੱਸਿਆ ਗਿਆ ਕਿ ਮੀਟਿੰਗ ਦੌਰਾਨ ਪ੍ਰਧਾਨਗੀ ਮੰਡਲ ਵਿਚ ਸਭਾ ਦੇ ਉਪ ਪ੍ਰਧਾਨ, ਹਰਭਜਨ ਸਿੰਘ ਢੇਰੀ, ਹਰਬੰਸ ਸਿੰਘ ਜਗਿਆਸੂ ,ਉੱਘੇ ਲਿਖਾਰੀ ਮਾਸਟਰ ਨਿਰਮਲ ਸਿੰਘ, ਗ਼ਜ਼ਲਗੋ ਇਕਵਿੰਦਰ ਸਿੰਘ ਤੇ ਗੀਤਕਾਰ ਰਾਜਿੰਦਰ ਸਹੋਤਾ ਨੂੰ ਸੱਦਾ ਦਿੱਤਾ ਗਿਆ।

ਸਭਾ ਦੇ ਸਕੱਤਰ ਅਜਮੇਰ ਸਿੰਘ ਗੋਗੀ ਸੰਧੂ ਦੀ ਗੈਰਹਾਜ਼ਰੀ ਕਾਰਨ ਸਭਾ ਦੇ ਸਾਬਕਾ ਸਕੱਤਰ, ਇੰਦਰਜੀਤ ਸਿੰਘ ਗਰੇਵਾਲ ਨੂੰ ਸਟੇਜ ਸਕੱਤਰ ਦੀ ਸੇਵਾ ਸੌਂਪੀ ਗਈ। ਉਸ ਨੇ ਸਟੇਜ ਦੀ ਕਾਰਵਾਈ ਅਰੰਭ ਕਰਦਿਆਂ ਹਰਬੰਸ ਸਿੰਘ ਜਗਿਆਸੂ ਨੂੰ ਇਸ ਮਿਲਣੀ ਦੇ ਏਜੰਡੇ ਬਾਰੇ ਜਾਣਕਾਰੀ ਦੇਣ ਦੀ ਬੇਨਤੀ ਕੀਤੀ।

ਉਪਰੰਤ ਸ. ਜਗਿਆਸੂ ਨੇ ਦੱਸਿਆ ਕਿ ਇਸ ਮਿਲਣੀ ਨੂੰ ਮਹਾਰਾਜਾ ਰਣਜੀਤ ਸਿੰਘ ਅਤੇ ਬੰਦਾ ਬਹਾਦਰ ਜੀ ਨੂੰ ਸਮਰਪਿਤ ਕੀਤਾ ਹੈ ਜੋ ਸਾਰਾ ਜਗਤ ਮਨਾ ਰਿਹਾ ਹੈ। ਆਪਾਂ ਉਨ੍ਹਾਂ ਦੀ ਯਾਦ ਨੂੰ ਕਵਿਤਾਵਾਂ, ਗੀਤਾਂ ਤੇ ਭਾਸ਼ਣਾਂ ਰਾਹੀਂ ਤਾਜ਼ਾ ਕਰਨਾ ਹੈ ਅਤੇ ਇਸ ਵਿਚ ਖਾਸ ਤੌਰ 'ਤੇ ਭਾਗ ਲੈਣ ਲਈ ਕਵੀ ਗੁਰਦੀਪ ਸਿੰਘ ਹੀਰਾ, ਸੂਫੀ ਕਵੀ ਜੁਗਿੰਦਰ ਸਿੰਘ ਸ਼ੌਕੀ, ਪੰਜਾਬੀ ਰਸਾਲੇ ਖੁਸ਼ਬੋ ਦਾ ਸੰਪਾਦਕ ਕਵੀ ਇੰਦਰਜੀਤ ਸਿੰਘ ਰੰਧਾਵਾ, ਸਪਤਾਹਿਕ ਦੇਸ਼ ਦੁਆਬਾ ਦਾ ਸੰਪਾਦਕ ਪ੍ਰੇਮ ਕੁਮਾਰ ਚੁੰਬਰ ਪਹੁੰਚੇ ਹੋਏ ਹਨ।

ਉਨ੍ਹਾਂ ਨੇ ਨਾਵਲਕਾਰ ਜਸਵੰਤ ਸਿੰਘ ਕੰਵਲ ਨੂੰ ਸਾਹਿਤ ਅਕਾਦਮੀ ਪੁਰਸਕਾਰ ਦੇਣ ਉਤੇ ਖੁਸ਼ੀ ਦਾ ਇਜ਼ਹਾਰ ਕੀਤਾ। ਸਭਾ ਦੇ ਸਥਾਈ ਡਾਇਰੈਟਰ ਮੁਹਿੰਦਰ ਸਿੰਘ ਘੱਗ ਨੇ ਵੀ ਮਹਾਰਾਜਾ ਰਣਜੀਤ ਸਿੰਘ ਦੇ ਇਤਿਹਾਸ ਉਤੇ ਚਾਨਣਾ ਪਾਇਆ। ਸਭਾ ਦੇ ਉਪ-ਪ੍ਰਧਾਨ, ਢੇਰੀ ਸਾਹਿਬ ਨੇ ਵੀ ਮਹਾਰਾਜੇ ਬਾਬਤ ਆਪਣੀ ਇਕ ਰਚਨਾ ਪੇਸ਼ ਕੀਤੀ।

ਇਸ ਮੌਕੇ ਮਾਸਟਰ ਨਿਰਮਲ ਸਿੰਘ ਯੂਬਾ ਸਿਟੀ ਦੀ ਪੰਜਾਬੀ ਸਾਹਿਤ ਨੂੰ ਅਰਪਨ ਚੌਵੀਵੀਂ ਪੁਸਤਕ,"ਨਵੇਂ ਜ਼ਖਮ" ਦੀ ਘੁੰਡ ਚੁਕਾਈ ਕੀਤੀ ਗਈ। ਲਾਲੀ ਜੀ ਨੇ ਇਸ ਪੁਸਤਕ ਬਾਰੇ ਵਿਚਾਰ ਦੱਸੇ। ਇਸੇ ਦੌਰਾਨ ਗੁਰਦਵਾਰਾ ਸਾਹਿਬ ਵਲੋਂ ਚਾਹ ਪਕੌੜਿਆਂ ਦਾ ਲੰਗਰ ਵੀ ਛਕਾਇਆ ਗਿਆ।

ਕਵੀ ਦਰਬਾਰ ਵਿਚ ਹਰਭਜਨ ਸਿੰਘ ਢੇਰੀ, ਇੰਦਰਜੀਤ ਗਰੇਵਾਲ ਥਰੀਕੇ, ਜੀਵਨ ਰੱਤੂ. ਖੁਸ਼ੀ ਰੱਤੂ, ਗੁਰਦੀਪ ਸਿੰਘ ਹੀਰਾ, ਰਾਜਿੰਦਰ ਸਹੋਤਾ, ਇਕਵਿੰਦਰ ਸਿੰਘ, ਫਤਹਿ ਸਿੰਘ ਮੱਲ੍ਹੀ, ਇੰਦਰਜੀਤ ਸਿੰਘ ਰੰਧਾਵਾ, ਪ੍ਰੇਮ ਕੁਮਾਰ ਚੁੰਬਰ, ਐਸ.ਐਮ. ਭਾਟੀਆ, ਜੋਗਿੰਦਰ ਸਿੰਘ ਸ਼ੌਕੀ, ਸੁਖਵਿੰਦਰ ਕੌਰ, ਜਮੀਸ਼ਾ ਨਾਰ, ਅਲੀਸ਼ਾ ਨਾਰ, ਸਤਨਾਮ ਸਿੰਘ ਨਿੱਝਰ, ਸੋਹਨ ਸਿੰਘ ਢਿਲੋਂ, ਅਵਤਾਰ ਸਿੰਘ ਢਿਲੋਂ, ਅਜੈਬ ਚੀਮਾ, ਪਰਮਿੰਦਰ ਸਿੰਘ ਰਾਇ ਖਾਨ ਖਾਨਾਂ, ਸੁਖਦੇਵ ਸਿੰਘ ਢਿਲੋਂ, ਰਾਜਵਿੰਦਰ ਸਿੰਘ ਟੀਟਾ, ਮੁਹਿੰਦਰ ਸਿੰਘ ਘੱਗ ਅਤੇ ਹਰਬੰਸ ਸਿੰਘ ਜਗਿਆਸੂ ਨੇ ਭਾਗ ਲਿਆ।

ਅਖੀਰ ਵਿਚ ਸਭਾ ਦੇ ਉਪ-ਪ੍ਰਧਾਨ, ਹਰਭਜਨ ਸਿੰਘ ਢੇਰੀ ਨੇ ਗੁਰਦਵਾਰਾ ਸਾਹਿਬ ਦੀ ਪ੍ਰਬੰਧਕ ਕਮੇਟੀ ਦਾ ਇਸ ਮਿਲਣੀ ਲਈ ਦਿੱਤੇ ਸਹਿਯੋਗ ਤੇ ਸੇਵਾ ਲਈ, ਹਰਬੰਸ ਸਿੰਘ ਜਗਿਆਸੂ ਦਾ ਸਭਾ ਦੇ ਮੈਂਬਰਾਂ ਤੇ ਮਹਿਮਾਨਾਂ ਤੱਕ ਪਹੁੰਚ ਕਰਨ ਤੇ ਸੁਨੇਹੇ ਪਹੁੰਚਾਉਣ ਲਈ ਅਤੇ ਸਾਰੇ ਮੈਂਬਰਾਂ ਤੇ ਮਹਿਮਾਨਾਂ ਦਾ ਇਸ ਵਿਚ ਭਾਗ ਲੈਣ ਲਈ ਧੰਨਵਾਦ ਕੀਤਾ ਤੇ ਅੱਗੇ ਤੋਂ ਇਸੇ ਤਰਾਂ ਸਹਿਯੋਗ ਦਿੰਦੇ ਰਹਿਣ ਲਈ ਬੇਨਤੀ ਕਰ ਕੇ ਮੀਟਿੰਗ ਨੂੰ ਸਮਾਪਤ ਕੀਤਾ।



### ਇੰਡੀਅਨ ਓਵਰਸੀਜ਼ ਕਾਂਗਰਸ, ਯੂਐਸਏ ਨੇ ਕਿਹਾ

# ਸ਼ਸ਼ੀ ਥਰੂਰ ਖਿਲਾਫ ਦਰਜ ਕੇਸ ਸਿਆਸਤ ਤੋਂ ਪ੍ਰੇਰਿਤ

**ਵਾਸ਼ਿੰਗਟਨ/ਬਿਊਰੋ ਨਿਊਜ਼ :** ਇੰਡੀਅਨ ਓਵਰਸੀਜ਼ ਕਾਂਗਰਸ, ਯੂਐਸਏ ਦੇ ਵਾਈਸ ਚੇਅਰਮੈਨ ਜਾਰਜ ਅਬਰਾਹਮ ਨੇ ਕਿਹਾ ਹੈ, ਕਿ "ਭਾਰਤ ਵਿਚ ਮੈਂਬਰ ਪਾਰਲੀਮੈਂਟ ਸ਼ਸ਼ੀ ਥਰੂਰ ਖਿਲਾਫ ਦਾਇਰ ਕੀਤਾ ਗਿਆ ਕੇਸ ਰਾਜਨੀਤੀ ਤੋਂ ਪ੍ਰੇਰਿਤ ਹੈ। ਇਕ ਪੁਰਾਣੇ ਕੇਸ ਵਿਚ ਸ੍ਰੀ ਥਰੂਰ ਦਾ ਨਾਂ ਸ਼ਾਮਲ ਕਰਨਾ ਜਮਹੂਰੀਅਤ ਦੀ ਇਕ ਮਜ਼ਬੂਤ ਅਤੇ ਸਥਾਈ ਆਵਾਜ਼ ਨੂੰ ਚੁੱਪ ਕਰਵਾਉਣ ਲਈ ਚੱਲੀ ਗਈ ਰਾਜਨੀਤੀਕ ਚਾਲ ਹੈ।"



ਉਨ੍ਹਾਂ ਕਿਹਾ ਕਿ ਭਾਰਤ ਵਿਚ ਬੀਜੇਪੀ ਸਰਕਾਰ ਜੋ ਕੰਮ ਕਰ ਰਹੀ ਹੈ, ਉਹ ਵਿਨਾਸ਼ ਦੀ ਰਾਜਨੀਤੀ ਹੈ। ਕਾਨੂੰਨ ਲਾਗੂ ਕਰਨ ਵਾਲੀਆਂ ਏਜੰਸੀਆਂ ਨੂੰ ਹਥਿਆਰ ਦੀ ਤਰ੍ਹਾਂ ਇਸਤੇਮਾਲ ਕਰਕੇ ਵਿਰੋਧੀ ਧਿਰ ਨੂੰ ਖਤਮ ਕੀਤਾ ਜਾ ਰਿਹਾ ਹੈ।

ਉਨ੍ਹਾਂ ਕਿਹਾ ਕਿ ਸ਼੍ਰੀ ਸ਼ਸ਼ੀ ਥਰੂਰ, ਸੰਯੁਕਤ ਰਾਸ਼ਟਰ ਵਿਚ ਅੰਡਰ-ਸੈਕਟਰੀ ਦੇ ਤੌਰ ਤੇ ਸੇਵਾ ਨਿਭਾ ਚੁੱਕੇ ਹਨ ਅਤੇ ਸੰਯੁਕਤ ਰਾਸ਼ਟਰ ਦੇ ਮੁਖੀ ਦੀ ਚੋਣ ਵੀ ਲੜ ਚੁੱਕੇ ਹਨ। ਉਹ ਇਕ ਚੰਗੇ ਵਕਤਾ, ਵਿਦਵਾਨ, ਵਿਚਾਰਕ ਅਤੇ ਲੇਖਕ ਹਨ। ਉਹਨਾਂ ਦਾ ਨਾ ਸਿਰਫ ਭਾਰਤ ਸਗੋਂ ਦੁਨੀਆ ਭਰ ਵਿਚ ਸਤਿਕਾਰ ਕੀਤਾ ਜਾਂਦਾ ਹੈ। ਉਨ੍ਹਾਂ ਦੀ ਪਤਨੀ ਦੀ ਮੌਤ ਸੱਚਮੁੱਚ ਇਕ ਦੁਖਦਾਈ ਘਟਨਾ ਹੈ ਪਰ ਫੌਜਦਾਰੀ ਮੁਕੱਦਮੇ ਰਾਹੀਂ ਇਸ ਨੂੰ ਸਿਆਸੀ ਰੰਗਤ ਦੇਣਾ ਬਿਲਕੁਲ ਗਲਤ ਹੈ। ਭਾਰਤ ਵਿਚ ਸ੍ਰੀ ਥਰੂਰ ਮੌਜੂਦਾ ਸਮੇਂ ਵਿਰੋਧੀ ਧਿਰ ਦੇ ਪ੍ਰਭਾਵਸ਼ਾਲੀ ਮੈਂਬਰ ਹਨ, ਇਸ ਕਰਕੇ ਉਨ੍ਹਾਂ ਵਿਰੁੱਧ ਦਰਜ ਕੇਸ ਭਾਰਤ ਦੇ ਲੋਕਤੰਤਰ ਅਤੇ ਨਿਆਂ ਪ੍ਰਣਾਲੀ 'ਤੇ ਵੀ ਕਾਲਾ ਧੱਬਾ ਹੈ।

ਜਾਰਜ ਅਬਰਾਹਮ ਨੇ ਅੱਗੇ ਕਿਹਾ ਕਿ ਭਾਜਪਾ ਦਾ ਕਾਨੂੰਨ ਦੀ ਪਾਲਣਾ ਕਰਨ ਦਾ ਦੰਭ ਬਹੁਤ ਹੈਰਾਨਕੁੰਨ ਹੈ। ਹਾਲ ਹੀ ਵਿਚ ਇਕ ਰਿਪੋਰਟ ਵਿਚ ਭਾਜਪਾ ਦੇ ਇਕ ਕੇਂਦਰੀ ਮੰਤਰੀ ਜੈਅੰਤ ਸਿਨਹਾ ਨੇ ਹੱਤਿਆ ਦੇ ਦੋਸ਼ੀਆਂ ਨੂੰ ਸ਼ਰਧਾਂਜਲੀ ਭੇਟ ਕੀਤੀ ਹੈ। ਇਨ੍ਹਾਂ ਲੋਕਾਂ ਨੇ ਅਲੀਮੂਦੀਨ ਅੰਸਾਰੀ ਨਾਂ ਦੇ ਵਿਅਕਤੀ ਨੂੰ ਸ਼ੱਕ ਦੇ ਆਧਾਰ ਉਤੇ ਮਾਰ ਦਿਤਾ ਕਿ ਉਹ ਆਪਣੀ ਕਾਰ ਵਿਚ ਗਾਂ ਦਾ ਮਾਸ ਲਿਜਾ ਰਿਹਾ ਹੈ। ਮੱਕਾ ਮਸਜਿਦ ਅਤੇ ਲੋਇਆ ਕੇਸ ਦੇ ਹਾਲ ਹੀ ਵਿਚ ਕੀਤੇ ਗਏ ਫੈਸਲਿਆਂ ਨੇ ਵੀ ਭਾਰਤ ਵਿਚ ਆਜ਼ਾਦ ਅਦਾਲਤੀ ਪ੍ਰਣਾਲੀ ਦਾ ਭਰੋਸਾ ਹਿਲਾਇਆ ਹੈ। ਉਨ੍ਹਾਂ ਕਿਹਾ ਕਿ ਜੇ ਭਾਰਤ ਵਿਚ ਅਸਲੀ ਲੋਕਤੰਤਰ ਲਾਗੂ ਕਰਨਾ ਹੈ, ਤਾਂ ਉਥੇ ਪ੍ਰਗਟਾਵੇ ਦੀ ਆਜ਼ਾਦੀ ਅਤੇ ਸਿਆਸੀ ਪਾਰਟੀਆਂ ਦੀ ਆਜ਼ਾਦੀ ਹੋਣੀ ਚਾਹੀਦੀ ਹੈ। ਇਸ ਦੇ ਉਲਟ ਭਾਰਤ ਵਿਚ ਅੱਜ ਕੱਲ੍ਹ ਝਗੜੇ ਦੀ ਭਾਵਨਾ ਵਧਦੀ ਜਾ ਰਹੀ ਹੈ, ਜਿਥੇ ਸੱਤਾਧਾਰੀ ਪਾਰਟੀ ਨੇ ਭਾਰਤ ਨੂੰ 'ਕਾਗਰਸ ਮੁਕਤ' ਬਣਾਉਣ ਦੀ ਵਚਨਬੱਧਤਾ ਜ਼ਾਹਰ ਕੀਤੀ ਹੈ। ਸਿਆਸੀ ਦੁਸ਼ਮਣਾਂ ਉਤੇ ਵਧ ਰਹੇ ਮੁਕੱਦਮੇ ਇੱਕ ਪਰਿਪੱਕਤਾਪੂਰਨ ਜਮਹੂਰੀਅਤ ਦੀ ਨਿਸ਼ਾਨੀ ਨਹੀਂ ਹੈ।

ਉਨ੍ਹਾਂ ਇਹ ਵੀ ਸਵਾਲ ਉਠਾਇਆ ਕਿ ਭਾਜਪਾ ਦੇ ਸ਼ਾਸਨਕਾਲ ਵਿਚ ਮਾੜੀਆਂ ਲੀਤੀਆਂ ਕਾਰਨ ਭਾਰਤ ਦੇ ਹਜ਼ਾਰਾਂ ਕਿਸਾਨ ਖ਼ੁਦਕੁਸ਼ੀਆਂ ਕਰ ਰਹੇ ਹਨ, ਉਨ੍ਹਾਂ ਲਈ ਕੌਣ ਜਿੰਮੇਵਾਰ ਹੈ।

# ਸਿੱਖ ਕਾਕਸ ਦੇ ਯਤਨਾਂ ਨਾਲ ਪੰਜਾਬੀ ਕੈਦੀਆਂ ਨੂੰ ਰਾਹਤ ਮਿਲਣ ਲੱਗੀ

**ਮਿਲਪੀਟਸ/ਬਿਊਰੋ ਨਿਊਜ਼ :** ਅਮਰੀਕਨ ਸਿੱਖ ਕਾਕਸ ਕਮੇਟੀ ਦੇ ਨਿਰਦੇਸ਼ਕ ਹਰਪ੍ਰੀਤ ਸਿੰਘ ਸੰਧੂ ਵੱਲੋਂ ਪਿਛਲੇ ਇਕ ਹਫਤੇ ਤੋਂ ਲਗਾਤਾਰ ਓਰੇਗਨ ਸਟੇਟ ਵਿਖੇ ਨਜ਼ਰਬੰਦ ਪੰਜਾਬੀ ਕੈਦੀਆਂ ਅਤੇ ਹੋਰ ਵੱਖੋ ਵੱਖ ਧਰਮਾਂ ਅਤੇ ਦੇਸ਼ਾਂ ਵਿਚੋਂ ਆਏ ਲੋਕਾਂ ਦੇ ਮੁਢਲੇ ਹੱਕਾਂ ਲਈ ਕੀਤੇ ਯਤਨਾਂ ਸਦਕਾ ਕੈਦੀਆਂ ਦੀ ਹਾਲਤ ਵਿਚ ਸੁਧਾਰ ਹੋਣ ਦੀ ਉਮੀਦ ਜਾਗੀ ਹੈ। ਉਨਾਂ ਦੀ ਹਾਲਤ ਵਿਚ ਕਾਫੀ ਸੁਧਾਰ ਹੁੰਦਾ ਨਜ਼ਰ ਆ ਰਿਹਾ ਹੈ। ਅਮਰੀਕਨ ਗੁਰਦਵਾਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਅਤੇ ਕੋਆਰਡੀਨੇਟਰ ਭਾਈ ਜਸਵੰਤ ਸਿੰਘ ਹੋਠੀ ਅਤੇ ਡਾ ਪ੍ਰਿਤਪਾਲ ਸਿੰਘ ਜੀ ਹੁਰਾਂ ਸਾਂਝੇ ਤੌਰ 'ਤੇ ਗੱਲਬਾਤ ਕਰਦਿਆਂ ਦੱਸਿਆ ਕਿ ਕਾਫੀ ਲੰਮੇ ਸਮੇ ਤੋਂ ਇਮੀਗ੍ਰੇਸ਼ਨ ਵਿਭਾਗ ਵਲੋਂ ਅਲੱਗ ਅਲੱਗ ਕਾਰਨਾਂ ਕਰਕੇ ਕੈਦ ਕੀਤੇ ਹੋਏ ਪੰਜਾਬੀ ਅਤੇ ਹੋਰ ਲੋਕਾਂ ਦੀ ਹਾਲਤ ਬਾਰੇ ਕਾਫੀ ਖਬਰਾਂ ਨਿਕਲ ਕੇ ਆ ਰਹੀਆਂ ਸਨ। ਇਸ ਲਈ ਅਸੀਂ ਮਿਲਜੁਲ ਕੇ ਇਸ ਪ੍ਰਤੀ ਕਦਮ ਚੁੱਕਣ ਦਾ ਫੈਸਲਾ ਲਿਆ ਅਤੇ ਸ. ਹਰਪ੍ਰੀਤ ਸਿੰਘ ਜੀ ਤੋਂ ਇਸ ਕੰਮ ਲਈ ਉਨਾਂ ਦੀਆਂ ਸੇਵਾਵਾਂ ਮੰਗੀਆਂ। ਉਨਾਂ ਨੇ ਲਗਾਤਾਰ ਉਥੋਂ ਦੇ ਸੈਨੇਟਰਾਂ, ਕਾਂਗਰਸ ਮੈਨ ਸਾਹਿਬਾਨ ਅਤੇ ਵਕੀਲਾਂ ਦੀ ਜਥੇਬੰਦੀ ਇਨੋਵੇਸ਼ਨ ਲਾ ਲੈਬ ਨਾਲ ਮਿਲ ਕੇ ਕੰਮ ਸ਼ੁਰੂ ਕੀਤਾ ਜਿਸ ਦੇ ਸਿੱਟੇ ਹੁਣ ਸਾਹਮਣੇ ਆਉਣ ਲੱਗੇ ਹਨ।



ਅਮਰੀਕਨ ਸਿੱਖ ਕਾਕਸ ਕਮੇਟੀ ਦੇ ਨਿਰਦੇਸ਼ਕ ਸ ਹਰਪ੍ਰੀਤ ਸਿੰਘ ਸੰਧੂ ਨੇ ਦੱਸਿਆ ਕਿ ਉਨਾਂ ਨੇ ਉਥੇ ਰਹਿ ਕੇ ਬੰਦੀਆਂ ਦੇ ਮੁਢਲੇ ਹੱਕਾਂ ਬਾਰੇ ਉਨਾਂ ਨੂੰ ਜਾਣੂ ਕਰਵਾਇਆ ਅਤੇ ਨਿਆਂ ਪ੍ਰਣਾਲੀ ਨਾਲ ਮਿਲ ਕੇ ਮੁਢਲੀਆਂ ਸਹੂਲਤਾਂ ਵੀ ਮੁਹਈਆ ਹੋਣ ਲੱਗੀਆਂ ਹਨ, ਜਿਵੇਂ ਕਿ ਉਨਾਂ ਦਾ intake information form ਪੰਜਾਬੀ ਵਿਚ ਭਰਿਆ ਜਾ ਸਕਦਾ ਹੈ। ਪਹਿਲਾਂ ਉਨਾਂ ਨੂੰ ਗੁਰਬਾਣੀ ਦਾ ਗੁਟਕਾ ਰੱਖਣ ਦੀ ਇਜ਼ਾਜ਼ਤ ਨਹੀਂ ਸੀ ਹੁਣ ਉਹ ਗੁਟਕਾ ਸਾਹਿਬ ਰੱਖ ਸਕਦੇ ਹਨ ਅਤੇ ਗੁਰਬਾਣੀ ਪਾਠ ਨਿਤਨੇਮ ਕਰ ਸਕਦੇ ਹਨ। ਸਵੇਰੇ ਅੱਠ ਬਜੇ ਤੋਂ ਲੈ ਕੇ ਸ਼ਾਮ ਤਿੰਨ ਵਜੇ ਤੱਕ ਲੌਕਅੱਪ ਤੋਂ ਬਾਹਰ ਟਹਿਲ ਸਕਦੇ ਹਨ ਅਤੇ ਇਨਾਂ ਦੀਆਂ ਮੁਸ਼ਕਲਾਂ ਸੁਣਨ ਤੋਂ ਬਾਅਦ ਇਨਾਂ ਨੂੰ ਬੌਂਡ 'ਤੇ ਰਿਹਾ ਕੀਤਾ ਜਾਵੇਗਾ ਤੇ ਇਹ ਬਣਦੀ ਕਾਨੂੰਨਨ ਮਦਦ ਵੀ ਲੈ ਸਕਦੇ ਹਨ। ਜ਼ਿਕਰਯੋਗ ਹੈ ਕਿ ਸ ਹਰਪ੍ਰੀਤ ਸਿੰਘ ਸਿੱਖਾਂ ਦੇ ਹੱਕਾਂ ਲਈ ਹਮੇਸ਼ਾ ਤਤਪਰ ਰਹਿਣ ਵਾਲ਼ੀਆਂ ਜਥੇਬੰਦੀਆਂ ਜਿਨਾਂ ਵਿਚ ਅਮਰੀਕਨ ਗੁਰਦਵਾਰਾ ਪ੍ਰਬੰਧਕ ਕਮੇਟੀ, ਸਿੱਖ ਕਾਕਸ ਅਤੇ ਹੋਰ ਸਿੱਖ ਜਥੇਬੰਦੀਆਂ ਨਾਲ ਮਿਲ ਕੇ ਅਮਰੀਕਾ ਵਿਚ ਵਿਚਰ ਰਹੇ ਹਨ।

# ਪੰਜਾਬ ਦੇ ਪਾਣੀਆਂ ਦੀ 71 ਸਾਲ ਤੋਂ ਰੁਕੀ ਰਾਇਲਟੀ ਜਾਰੀ ਕਰਨ ਦੀ ਪਟੀਸ਼ਨ ਦੇ ਹੱਕ 'ਚ ਭੁਗਤੀ ਪੰਜਾਬ ਸਰਕਾਰ

**ਚੰਡੀਗੜ੍ਹ/ਬਿਊਰੋ ਨਿਊਜ਼ :** ਪਟਿਆਲਾ ਤੋਂ ਲੋਕ ਸਭਾ ਮੈਂਬਰ ਧਰਮਵੀਰ ਗਾਂਧੀ ਅਤੇ ਪੰਜਾਬ ਤੇ ਹਰਿਆਣਾ ਹਾਈਕੋਰਟ ਦੇ ਸਾਬਕਾ ਜੱਜ ਜਸਟਿਸ ਅਜੀਤ ਸਿੰਘ ਬੈਂਸ ਸਣੇ 19 ਜਣਿਆਂ ਵਲੋਂ ਹਾਈਕੋਰਟ ਵਿਚ ਪੰਜਾਬ ਦੇ ਪਾਣੀਆਂ ਬਾਰੇ ਦਾਇਰ ਪਟੀਸ਼ਨ ਨੂੰ ਪੰਜਾਬ ਸਰਕਾਰ ਦੀ ਹਮਾਇਤ ਵੀ ਮਿਲ ਗਈ ਹੈ। ਪੰਜਾਬ ਚੋਂ ਵਹਿੰਦੇ ਸਤਲੁਜ, ਰਾਵੀ ਅਤੇ ਬਿਆਸ ਦਰਿਆਵਾਂ ਚੋਂ ਪੰਜਾਬ ਦੇ ਹਿੱਸੇ ਦਾ ਪਾਣੀ ਰਾਜਸਥਾਨ ਅਤੇ ਹੋਰਨਾਂ ਗ਼ੈਰ ਰਾਇਪੇਰੀਅਨ ਰਾਜਾਂ ਨੂੰ ਦੇਣ ਦੇ ਵਿਰੋਧ ਵਿਚ ਦਾਇਰ ਇਕ ਪਟੀਸ਼ਨ ਉਤੇ ਚੀਫ ਜਸਟਿਸ ਕ੍ਰਿਸ਼ਨ ਮੁਰਾਰੀ ਅਤੇ ਜਸਟਿਸ ਅਰੁਣ ਪੱਲੀ ਉਤੇ ਅਧਾਰਤ ਡਵੀਜਨ ਬੈਂਚ ਨੇ ਸੁਣਵਾਈ ਕੀਤੀ। ਸੁਣਵਾਈ ਮੌਕੇ ਪੰਜਾਬ ਸਰਕਾਰ ਦੇ ਐਡਵੋਕੇਟ ਜਨਰਲ ਅਤੁਲ ਨੰਦਾ ਨੇ ਇਸ ਪਟੀਸ਼ਨ ਵਿਚ ਚੁਕੇ ਗਏ ਮੁੱਦੇ ਦਾ ਸੁਆਗਤ ਕਰਦਿਆਂ ਇਸ ਦੀ ਹਮਾਇਤ ਕੀਤੀ। ਸੰਸਦ ਮੈਂਬਰ ਡਾ: ਧਰਮਵੀਰ ਗਾਂਧੀ ਵਲੋਂ ਦਾਖ਼ਲ ਪੰਜਾਬ ਦੇ ਪਾਣੀਆਂ ਦੀ ਪਿਛਲੇ 71 ਸਾਲ ਤੋਂ ਰੁਕੀ ਰਾਇਲਟੀ ਜਾਰੀ ਕਰਨ ਦੀ ਮੰਗ ਕਰਦੀ ਪਟੀਸ਼ਨ 'ਤੇ ਸੁਣਵਾਈ ਦੌਰਾਨ ਸਰਕਾਰ ਨੇ ਹਾਈਕੋਰਟ 'ਚ ਕਿਹਾ ਕਿ ਅਜਿਹਾ ਮਾਮਲਾ ਸੁਪਰੀਮ ਕੋਰਟ 'ਚ ਵਿਚਾਰ ਅਧੀਨ ਹੈ ਪਰ ਪਟੀਸ਼ਨਰ ਦੇ ਵਕੀਲ ਨੇ ਕਿਹਾ ਕਿ ਇਸ ਪਟੀਸ਼ਨ ਵਿਚਲੀ ਮੰਗ ਸੁਪਰੀਮ ਕੋਰਟ 'ਚ ਚੱਲ ਰਹੇ ਮਾਮਲੇ ਨਾਲੋਂ ਵੱਖਰੀ ਹੈ।



ਇਸ ਉਪਰੰਤ ਪੰਜਾਬ ਦੇ ਐਡਵੋਕੇਟ ਜਨਰਲ ਅਤੁਲ ਨੰਦਾ ਨੇ ਹਾਈਕੋਰਟ ਕੋਲੋਂ ਸਮਾਂ ਮੰਗਿਆ ਕਿ ਉਹ ਸੁਪਰੀਮ ਕੋਰਟ 'ਚ ਵਿਚਾਰ

**ਬਾਕੀ ਸਫ਼ਾ 29 'ਤੇ**










## ਗੁਰਸ਼ਰਨ ਕੌਰ ਨਾਂ ਦੀ ਪੰਜਾਬਣ ਨੂੰ ਸਿੰਗਾਪੁਰ ’ਚ ਤਿੰਨ ਸਾਲ ਦੀ ਸਜ਼ਾ

**ਸਿੰਗਾਪੁਰ/ਬਿਊਰੋ ਨਿਊਜ਼ :** ਭਾਰਤੀ ਮੂਲ ਦੀ ਇੱਕ ਸਿੰਗਾਪੁਰ ਵਾਸੀ ਔਰਤ ਨੂੰ ਅਮਰੀਕਨ ਜਲ ਸੈਨਾ ਵਿੱਚ ਹੋਏ ਘੁਟਾਲੇ ਅਤੇ ਧੋਖਾਧੜੀ ਦੇ ਕੇਸ ਵਿੱਚ ਅਦਾਲਤ ਨੇ ਤਿੰਨ ਸਾਲ ਦੀ ਸਜ਼ਾ ਸੁਣਾਈ ਹੈ। ਮੀਡੀਆ ਰਿਪੋਰਟਾਂ ਦੇ ਅਨੁਸਾਰ



ਅਮਰੀਕਨ ਜਲ ਸੈਨਾ ਦੇ ਇਤਿਹਾਸ ਵਿੱਚ ਹੁਣ ਤੱਕ ਦਾ ਇਹ ਸਭ ਤੋਂ ਵੱਡਾ ਭ੍ਰਿਸ਼ਟਾਚਾਰ ਦਾ ਕੇਸ ਸੀ। ਗੁਰਸ਼ਰਨ ਕੌਰ ਨੂੰ ਭ੍ਰਿਸ਼ਟਾਚਾਰ ਦੇ ਦੋਸ਼ਾਂ ਵਿੱਚ ਵਿੱਚ 33 ਮਹੀਨੇ ਕੈਦ ਦੀ ਸਜ਼ਾ ਸੁਣਾਈ ਗਈ ਹੈ। ਜ਼ਿਲ੍ਹਾ ਜੱਜ ਸੈਫੂਦੀਨ ਸਾਰੂਵਾਨ ਵੱਲੋਂ ਸੁਣਾਏ ਫੈਸਲੇ ਅਨੁਸਾਰ ਉਸਨੂੰ 130,278.34 ਸਿੰਗਾਪੁਰੀ ਡਾਲਰ ਸਿੰਗਾਪੁਰ ਦੀ ਭ੍ਰਿਸ਼ਟ ਪ੍ਰੈਕਟਿਸ ਜਾਂਚ ਬਿਊਰੋ ਨੂੰ ਅਦਾ ਕਰਨੇ ਪੈਣਗੇ।ਸਿੰਗਾਪੁਰ ਵਾਸੀ ਗੁਰਸ਼ਰਨ ਕੌਰ ਸ਼ਾਰੌਨ ਰਾਸ਼ੀਲ ਅਮਰੀਕਨ ਨੇਵੀ ਵਿੱਚ ਮੋਹਰੀ ਇਕਰਾਰ ਮਾਹਿਰ ਸੀ, ਉਹ ਸਮੁੰਦਰੀ ਜਹਾਜ਼ਾਂ ਦੇ ਪ੍ਰਬੰਧ ਲਈ ਲੱਖਾਂ ਡਾਲਰਾਂ ਦੇ ਇਕਰਾਰ ਕਰਦੀ ਸੀ। ਇਸ ਦੇ ਨਾਲ ਉਸਦੀ ਜ਼ਿੰਮੇਵਾਰੀ ਇਕਰਾਰ ਲਿਖਣ ਅਤੇ ਸਾਲਸੀ ਕਰਨ ਦੇ ਨਾਲ ਨਾਲ ਬੋਲੀਆਂ ਦੇ ਮੁਲੰਕਣ ਦੀ ਵੀ ਸੀ। ਗੁਰਸ਼ਨ ਕੌਰ ਉੱਤੇ ਗਲੈਨ ਡਿਫੈਂਸ ਮੈਰੀਨ (ਏਸ਼ੀਆ) (ਜੀਡੀਐਮਏ) ਜੋ ਮਲੇਸ਼ੀਆ ਦੀ ਸਮੁੰਦਰੀ ਜਹਾਜ਼ਾਂ ਸਬੰਧੀ ਕੰਪਨੀ ਹੈ, ਦੇ ਸੀਈਓ ਲੇਨਾਰਡ ਗਲੈੱਨ ਫਰਾਂਸਿਸ ਤੋਂ 130,000 ਸਿੰਗਾਪੁਰੀ ਡਾਲਰ ਰਿਸ਼ਵਤ ਲੈਣ ਦਾ ਦੋਸ਼ ਲੱਗਾ ਸੀ। ਇਹ ਖ਼ਬਰ ਚੈਨਲ ਨਿਊਜ਼ ਏਸ਼ੀਆ ਨੇ ਦਿੱਤੀ ਸੀ।

## ਜੇਲ੍ਹਾਂ ’ਚ ਬੰਦ ਪਰਵਾਸੀਆਂ ਦੇ ਬੱਚਿਆਂ ਦਾ ਹੋਵੇਗਾ ਡੀਐਨਏ ਟੈਸਟ

**ਵਾਸ਼ਿੰਗਟਨ/ਬਿਊਰੋ ਨਿਊਜ਼ :** ਅਮਰੀਕੀ ਅਧਿਕਾਰੀਆਂ ਨੇ ਗ਼ੈਰਕਾਨੂੰਨੀ ਢੰਗ ਨਾਲ ਮੁਲਕ ਵਿਚ ਪੁੱਜਣ ਕਾਰਨ ਬੰਦੀ ਬਣਾਏ ਪਰਵਾਸੀਆਂ ਦੇ ਵੱਖ ਰੱਖੇ ਕਰੀਬ 3000 ਬੱਚਿਆਂ ਨੂੰ ਮਾਪਿਆਂ ਨਾਲ ਮਿਲਾਉਣ ਲਈ ਉਨ੍ਹਾਂ ਦੇ ਡੀਐਨਏ



ਟੈਸਟ ਕਰਾਉਣ ਦਾ ਫ਼ੈਸਲਾ ਕੀਤਾ ਹੈ। ਇਹ ਜਾਣਕਾਰੀ ਸਿਹਤ ਤੇ ਮਨੁੱਖੀ ਸੇਵਾਵਾਂ ਦੇ ਮੰਤਰੀ ਅਲੈਕਸ ਆਜ਼ਾਰ ਨੇ ਦਿੱਤੀ ਹੈ। ਜ਼ਿਕਰਯੋਗ ਹੈ ਕਿ ਅਮਰੀਕਾ ਸਰਕਾਰ ਦੇ ਪਰਵਾਸੀ ਬੰਦੀਆਂ ਦੇ ਬੱਚਿਆਂ ਨੂੰ ਉਨ੍ਹਾਂ ਤੋਂ ਅਲੱਗ ਰੱਖਣ ਦੇ ਕਾਨੂੰਨ ਦੀ ਅਮਰੀਕਾ ਸਮੇਤ ਵਿਸ਼ਵ ਭਰ ‘ਚ ਸਖਤ ਅਲੋਚਨਾ ਹੋਣ ਤੋਂ ਬਾਅਦ ਟਰੰਪ ਪ੍ਰਸ਼ਾਸਨ ਨੇ ਇਹ ਕਾਨੂੰਨ ਵਾਪਸ ਲੈਣ ਦਾ ਫੈਸਲਾ ਪਹਿਲਾਂ ਹੀ ਕਰ ਲਿਆ ਹੋਇਆ ਹੈ। ਇਸ ਕਰਕੇ ਹੁਣ ਵੱਖ-ਵੱਖ ਜੇਲ੍ਹਾਂ ‘ਚ ਬੰਦ ਪਰਵਾਸੀ ਲੋਕਾਂ ਨੂੰ ਉਨ੍ਹਾਂ ਦੇ ਬੱਚਿਆਂ ਨਾਲ ਮਿਲਾਉਣ ਵਾਸਤੇ ਡੀਐਨਏ ਟੈਸਟ ਕਰਨ ਦਾ ਫੈਸਲਾ ਕੀਤਾ ਗਿਆ ਹੈ।

# ਅਮਰੀਕਾ ਨੇ ਚੀਨ ਦੇ 34 ਅਰਬ ਡਾਲਰ ਦੇ ਆਯਾਤ ’ਤੇ ਠੋਕਿਆ ਟੈਕਸ

### ਚੀਨ ਨੇ ਕਿਹਾ, ਮੂੰਹ ਤੋੜ ਜਵਾਬ ਦੇਵਾਂਗੇ

**ਵਾਸ਼ਿੰਗਟਨ/ਬਿਊਰੋ ਨਿਊਜ਼ :** ਅਮਰੀਕਾ ਅਤੇ ਚੀਨ ਦਰਮਿਆਨ ਵਪਾਰ ਯੁੱਧ ਦਾ ਖ਼ਤਰਾ ਹਕੀਕਤ ‘ਚ ਬਦਲਣ ਦੇ ਨਾਲ ਹੀ ਵਿਸ਼ਵ ਅਰਥ ਵਿਵਸਥਾ ਲਈ ਵੀ ਸੰਕਟ ਪੈਦਾ ਹੋ ਗਿਆ ਹੈ। ਅਮਰੀਕਾ ਨੇ ਚੀਨੀ ਆਯਾਤ ‘ਤੇ ਕਰ ਲਾ ਦਿੱਤਾ ਹੈ, ਜਿਸ ਨੂੰ ਬੀਜਿੰਗ ਨੇ ਵਿਸ਼ਵ ਦੀਆਂ ਦੋ ਚੋਟੀ ਦੀਆਂ ਅਰਥ ਵਿਵਸਥਾਵਾਂ ‘ਚ ਆਰਥਿਕ ਇਤਿਹਾਸ ਦਾ ਸਭ ਤੋਂ ਵੱਡਾ ਵਪਾਰ ਯੁੱਧ ਦੱਸਿਆ। ਅਮਰੀਕੀ ਰਾਸ਼ਟਰਪਤੀ ਡੋਨਾਲਡ ਟਰੰਪ ਨੇ 34 ਅਰਬ ਡਾਲਰ ਦੇ ਚੀਨੀ ਦਰਾਮਦ ‘ਤੇ 25 ਫ਼ੀਸਦੀ ਕਰ ਲਾ ਕੇ ਵਿਸ਼ਵ ਵਪਾਰ ਯੁੱਧ ‘ਚ ਹੁਣ ਤੱਕ ਦਾ ਸਭ ਤੋਂ ਵੱਡਾ ਫ਼ੈਸਲਾ ਲਿਆ ਹੈ। ਉਹ ਆਪਣੇ ਚੋਣਵੀਂ ਵਾਅਦੇ ਨੂੰ ਪੂਰਾ ਕਰ ਭਲੇ ਹੀ ਸਮਰਥਕਾਂ ਨੂੰ ਸੰਤੁਸ਼ਟ ਕਰਨਾ ਚਾਹ ਰਹੇ ਹਨ ਪਰ ਇਸ ਦਾ ਅਸਰ ਏਸ਼ੀਆ ਦੇ ਸ਼ੇਅਰ ਬਾਜ਼ਾਰਾਂ ਦੇ ਨਾਲ ਹੀ ਪੂਰੀ ਦੁਨੀਆ ਦੀ ਅਰਥ ਵਿਵਸਥਾ ‘ਚ ਦੇਖਣ ਨੂੰ ਮਿਲ ਸਕਦਾ ਹੈ। ਟਰੰਪ ਨੇ ਪੱਤਰਕਾਰਾਂ ਨੂੰ ਦੱਸਿਆ ਕਿ ਵਾਸ਼ਿੰਗਟਨ ‘ਚ ਅੱਧੀ ਰਾਤ ਦੇ ਬਾਅਦ ਚੀਨੀ ਸਾਮਾਨ ‘ਤੇ ਕਰ ਲਾਗੂ ਹੋ ਜਾਵੇਗਾ। ਏਨਾ ਹੀ ਨਹੀਂ ਅਮਰੀਕੀ



ਰਾਸ਼ਟਰਪਤੀ ਨੇ ਕਿਹਾ ਕਿ ਅਗਲੇ ਦੋ ਹਫ਼ਤਿਆਂ ‘ਚ 16 ਅਰਬ ਡਾਲਰ ਦੇ ਹੋਰ ਸਾਮਾਨ ‘ਤੇ ਵੀ ਕਰ ਲਾਇਆ ਜਾਵੇਗਾ। ਅੱਗੇ ਇਹ ਅੰਕੜਾ 550 ਅਰਬ ਡਾਲਰ ਤੱਕ ਪਹੁੰਚ ਸਕਦਾ ਹੈ ਅਤੇ ਇਹ ਚੀਨ ਵਲੋਂ ਸਾਲਾਨਾ ਅਮਰੀਕਾ ਨੂੰ ਨਿਰਯਾਤ ਕੀਤੇ ਜਾਣ ਵਾਲੇ ਸਾਮਾਨ ਤੋਂ ਵੀ ਜ਼ਿਆਦਾ ਹੈ।

ਉਧਰ ਚੀਨ ਨੇ ਕਿਹਾ ਕਿ ਅਮਰੀਕਾ ਵਲੋਂ ਚੀਨੀ ਸਾਮਾਨ ‘ਤੇ ਲਾਏ ਗਏ ਆਯਾਤ ਕਰ ਦੀ ਤਰਾਂ ਹੀ ਅਮਰੀਕੀ ਸਾਮਾਨ ‘ਤੇ ਵੀ ਆਯਾਤ ਕਰ ਲਾਇਆ ਜਾਵੇਗਾ। ਚੀਨ ਦੇ ਵਣਜ ਮੰਤਰਾਲੇ ਨੇ ਕਿਹਾ ਕਿ ਉਹ ਅਮਰੀਕਾ ਦੇ ਤਰੀਕੇ ਨਾਲ ਜਵਾਬ ਦੇਣ ਲਈ ਮਜਬੂਰ ਹੈ, ਜਿਸ ਨੇ ਆਰਥਿਕ ਇਤਿਹਾਸ ‘ਚ ਸਭ ਤੋਂ ਵੱਡਾ ਵਪਾਰ ਯੁੱਧ ਸ਼ੁਰੂ ਕਰ ਦਿੱਤਾ ਹੈ ਪਰ ਮੰਤਰਾਲੇ ਨੇ ਕਰ ਲਾਗੂ ਕਰਨ ਦੀ ਤਰੀਕ ਤੇ ਸਮੇਂ ਦਾ ਜ਼ਿਕਰ ਨਹੀਂ ਕੀਤਾ। ਮੰਤਰਾਲੇ ਦੇ ਬੁਲਾਰੇ ਨੇ ਕਿਹਾ ਕਿ ਚੀਨੀ ਪੱਖ ਆਪਣੇ ਮੂਲ ਰਾਸ਼ਟਰੀ ਹਿੱਤਾਂ ਤੇ ਆਪਣੇ ਲੋਕਾਂ ਦੇ ਹਿੱਤਾਂ ਨੂੰ ਸੁਰੱਖਿਅਤ ਰੱਖਣ ਲਈ ਜਵਾਬੀ ਕਾਰਵਾਈ ਕਰਨ ਲਈ ਮਜਬੂਰ ਹੈ। ਬਿਆਨ ‘ਚ ਕਿਹਾ ਗਿਆ ਹੈ ਕਿ ਇਹ ਕਰ ਵਿਸ਼ਵ ਵਪਾਰ ਸੰਗਠਨ ਦੇ ਨਿਯਮਾਂ ਦੀ ਉਲੰਘਣਾ ਕਰਦੇ ਹਨ ਤੇ ਇਕ ਵਿਸ਼ੇਸ਼ ਵਪਾਰ ਬੁਲੀ ਦੀ ਪ੍ਰਤੀਨਿਧਤਾ ਕਰਦੇ ਹਨ।

# ਸਪੈਨਿਸ਼ ਪਾਸਪੋਰਟ ਉਤੇ ਸਿੱਖਾਂ ਦੀ ਦਸਤਾਰ ਵਾਲੀ ਤਸਵੀਰ ’ਤੇ ਨਹੀਂ ਹੋਵੇਗਾ ਇਤਰਾਜ਼

**ਬਾਰਸੀਲੋਨਾ (ਸਪੇਨ)/ਬਿਊਰੋ ਨਿਊਜ਼ :**
ਸਪੇਨ ਚ ਸ਼ਨਾਖਤੀ ਕਾਰਡ ਅਤੇ ਸਪੈਨਿਸ਼ ਪਾਸਪੋਰਟ ਲੈਣ ਸਮੇ ਦਸਤਾਰ ਵਾਲੀ ਤਸਵੀਰ ਲਾਉਣ ਬਦਲੇ ਹੁਣ ਸਪੇਨ ਦੀ ਪੁਲਿਸ ਸਿੱਖ ਭਾਈਚਾਰੇ ਦੇ ਮੈਂਬਰਾਂ ਨੂੰ ਤੰਗ ਨਹੀਂ ਕਰੇਗੀ। ਇਹ ਭਰੋਸਾ ਸਪੇਨ ਦੀ ਨੈਸ਼ਨਲ ਪੁਲਿਸ ਦੇ ਡਾਇਰੈਕਟਰ ਜਨਰਲ ਜਰਮਨ ਲੋਪੇਜ਼ ਇਲੇਸੀਅਸ ਨੇ ਗੁਰਦਾਸਪੁਰ ਜ਼ਿਲ੍ਹੇ ਨਾਲ ਸਬੰਧਤ ਸਪੇਨ ਦੇ ਸੈਨੇਟਰ ਰਾਬਰਟ ਮਸੀਹ ਨਾਹਰ ਦੀ ਅਗਵਾਈ ਵਿਚ ਪੰਜਾਬੀ ਭਾਈਚਾਰੇ ਦੇ ਵਫ਼ਦ ਨੂੰ ਦਿੱਤਾ ਜਿਸ ਨੇ ਉਨ੍ਹਾਂ ਨਾਲ ਸਪੇਨ ਦੀ ਰਾਜਧਾਨੀ ਮੈਡਰਿਡ ‘ਚ ਮੁਲਾਕਾਤ ਕੀਤੀ ਸੀ। ਸਪੇਨ ਦੇ ਕਈ ਪੁਲਿਸ ਥਾਣਿਆਂ ਵਲੋਂ ਦਸਤਾਰ ਵਾਲੀ ਤਸਵੀਰ ‘ਤੇ ਇਤਰਾਜ਼ ਕੀਤਾ ਜਾਂਦਾ ਸੀ ਜਿਸ ਨੂੰ ਲੈ ਕੇ ਸਿੱਖ ਭਾਈਚਾਰਾ ਦੁਚਿੱਤੀ ‘ਚ ਫਸਿਆ ਹੋਇਆ ਸੀ।



ਨੂਰੀਆ ਕੰਪਸ ਸੰਬੋਧਨ ਕਰਦੇ ਹੋਏ, ਨਾਲ ਹਨ ਰਾਬਰਟ ਮਸੀਹ ਨਾਹਰ। (ਸੱਜੇ) ਹਾਜ਼ਰ ਭਾਰਤੀ ਭਾਈਚਾਰੇ ਦੇ ਲੋਕ।

ਇੰਡੀਅਨ ਕਲਚਰਲ ਸੈਂਟਰ ਬਾਰਸੀਲੋਨਾ ਵਿਖੇ ਭਾਰਤੀ ਭਾਈਚਾਰੇ ਦੇ ਮੈਂਬਰਾਂ ਨੂੰ ਇਸ ਸਬੰਧੀ ਜਾਣਕਾਰੀ ਦਿੰਦਿਆਂ ਸੈਨੇਟਰ ਬਾਰਸੀਲੋਨਾ ਰਾਬਰਟ ਮਸੀਹ ਨਾਹਰ ਨੇ ਦੱਸਿਆ ਕਿ ਉਨਾਂ ਦੀ ਕਾਫੀ ਲੰਬੇ ਸਮੇ ਤੋਂ ਇਥੋਂ ਦੀ ਸਰਕਾਰ ਨਾਲ ਗੱਲਬਾਤ ਚੱਲ ਰਹੀ ਸੀ। ਉਨ੍ਹਾਂ ਨੇ ਸਰਕਾਰ ਨੂੰ ਸਿੱਖ ਭਾਈਚਾਰੇ ‘ਚ ਦਸਤਾਰ ਦੀ ਮਹੱਤਤਾ ਬਾਰੇ ਲਿਖਤੀ ਰੂਪ ‘ਚ ਜਾਣੂੰ ਕਰਵਾਇਆ ਸੀ। ਇਸੇ ਸਬੰਧ ‘ਚ ਸਪੇਨ ਦੀ ਨੈਸ਼ਨਲ ਪੁਲਿਸ ਦੇ ਡੀਜੀ. ਨਾਲ ਮੈਡਰਿਡ ਵਿਖੇ ਉਨ੍ਹਾਂ ਨੇ ਆਪਣੀ ਪਾਰਟੀ ਦੇ ਮੈਬਰਾਂ ਜਿਨ੍ਹਾਂ ਵਿਚ ਨੂਰੀਆ ਕੰਪਸ ਸ਼ਾਮਿਲ ਸੀ ਤੇ ਪੰਜਾਬੀ ਭਾਈਚਾਰੇ ਦੇ ਪਤਵੰਤਿਆਂ ਨੂੰ ਨਾਲ ਲੈ ਕੇ

ਬਾਕੀ ਸਫ਼ਾ 28 ’ਤੇ


# WHITE HAWK TRUCKING INC

*Need Drivers & Owner Operators*

Dedicated Load (ਪੱਕੇ ਲੋਡ)
Immediate Payment Option
West Coast I-5 Route



• ਸਾਡੇ ਸਾਰੇ ਟਰੱਕ ਨਵੇਂ ਹਨ • ਪੇਪਰ ਦਿਓ ਪੈਸੇ ਲਓ • Home Time ਵੀ ਦਿੰਦੇ ਹਾਂ
• ਡਰਾਇਵਰਾਂ ਦਾ ਕੋਈ ਵੀ ਪੈਸਾ ਥੱਲੇ ਨਹੀਂ ਰੱਖਿਆ ਜਾਂਦਾ • We Sell New & Used Tires
• Minor to Major Repair • Rebuild Engine Transmission DEF, DPF Cleaning
• Any kind of Road Service • Computer Diagnose

*Call for more Info:*

Phone: (209) 242-9569, (209) 564-8899, (209) 345-6968

2101 MARTIN LUTHER KING JR WAY STOCKTON, CA 95205

# ਆਰਐੱਸਐੱਸ ਦੇ ਸ਼ਰਧਾਲੂ ਤਾਰਾ ਸਿੰਘ ਤਖ਼ਤ ਸ੍ਰੀ ਹਜ਼ੂਰ ਸਾਹਿਬ ਦੇ ਚੇਅਰਮੈਨ ਬਣੇ

## *ਗੁਰੂ ਘਰਾਂ ਦੀਆਂ ਪਰੰਪਰਾਵਾਂ ਦਾ ਭਗਵਾਂਕਰਨ ਕਰਨ ਲੱਗੀ ਭਾਜਪਾ ਸਰਕਾਰ : ਪੰਥਕ ਵਿਦਵਾਨ*

**ਹਜ਼ੂਰ ਸਾਹਿਬ (ਨਾਂਦੇੜ) :** ਤਖਤ ਸ੍ਰੀ ਹਜ਼ੂਰ ਸਾਹਿਬ ਅਬਚਲ ਨਗਰ ਨਾਂਦੇੜ ਦੇ ਪ੍ਰਬੰਧਕੀ ਬੋਰਡ ਲਈ ਨਵੇਂ ਪ੍ਰਧਾਨ ਦੀ ਨਾਮਜ਼ਦਗੀ ਲਈ ਚੱਲਦੀ ਚਰਚਾ ਉਦੋਂ ਖਤਮ ਹੋ ਗਈ, ਜਦੋਂ ਮਹਾਰਾਸ਼ਟਰ ਸਰਕਾਰ ਨੇ ਸ੍ਰੀ ਅਕਾਲ ਤਖਤ ਸਾਹਿਬ ਦੇ ਜਥੇਦਾਰ ਤੇ ਸ਼੍ਰੋਮਣੀ ਕਮੇਟੀ ਦੀਆਂ ਤਜਵੀਜ਼ਾਂ ਲਾਂਭੇ ਕਰਦਿਆਂ ਨਾਮਜ਼ਦ ਮੈਂਬਰਾਂ ਤੋਂ ਬਾਹਰੋਂ ਇਕ ਸਥਾਨਕ ਸਿੱਖ ਭਾਜਪਾ ਵਿਧਾਇਕ ਨੂੰ ਉਥੋਂ ਦੇ ਬੋਰਡ ਦਾ ਪ੍ਰਧਾਨ ਬਣਾ ਦਿੱਤਾ ਗਿਆ।

ਮਹਾਰਾਸ਼ਟਰ ਦੇ ਭਾਜਪਾ ਵਿਧਾਇਕ ਤਾਰਾ ਸਿੰਘ, ਜਿਨ੍ਹਾਂ ਨੂੰ ਆਰ ਐਸ ਐਸ ਦੇ ਨਜ਼ਦੀਕੀ ਮੰਨਿਆ ਜਾਂਦਾ ਹੈ, ਨਾ ਤਾਂ ਹਜ਼ੂਰ ਸਾਹਿਬ ਪ੍ਰਬੰਧਕੀ ਬੋਰਡ ਦੇ ਮੈਂਬਰ ਸਨ ਤੇ ਨਾ ਉਨ੍ਹਾਂ ਦੀਆਂ ਵਿਸ਼ੇਸ਼ ਧਾਰਮਿਕ ਗਤੀਵਿਧੀਆਂ ਸਨ। ਉਹ ਸੰਘ ਪਰਿਵਾਰ ਦੇ ਨਜ਼ਦੀਕੀ ਹੋਣ ਦੇ ਨਾਲ ਸਪੱਸ਼ਟ ਰੂਪ ਵਿਚ ਸਿਆਸੀ ਗਤੀਵਿਧੀਆਂ ਨਾਲ ਜੁੜੇ ਹੋਏ ਹਨ। ਅਜਿਹੇ ਵਿੱਚ ਉਨ੍ਹਾਂ ਦੇ ਨਾਂਅ ਦਾ ਵਿਰੋਧ ਕਰਦਿਆਂ ਪਿਛਲੇ ਦਿਨੀਂ ਪ੍ਰਧਾਨ ਸ਼੍ਰੋਮਣੀ ਕਮੇਟੀ ਦੇ ਸਾਬਕਾ ਪ੍ਰਧਾਨ ਅਵਤਾਰ ਸਿੰਘ ਮੱਕੜ ਨੇ ਤੌਖਲਾ ਪ੍ਰਗਟ ਕੀਤਾ ਸੀ ਕਿ ਅਜਿਹੇ ਵਿਅਕਤੀ ਨੂੰ ਪ੍ਰਧਾਨਗੀ ਦੇ ਕੇ ਸੂਬਾ ਸਰਕਾਰ ਵੱਲੋਂ ਸਿੱਖਾਂ ਦੇ ਧਾਰਮਿਕ ਮਾਮਲਿਆਂ ਵਿਚ ਦਖਲ ਅੰਦਾਜ਼ੀ ਨਜ਼ਰ ਆ ਰਹੀ ਹੈ। ਸ੍ਰੀ ਅਕਾਲ ਤਖਤ ਸਾਹਿਬ ਦੇ ਜਥੇਦਾਰ ਗਿਆਨੀ ਗੁਰਬਚਨ ਸਿੰਘ ਨੇ ਵੀ ਤਾਰਾ ਸਿੰਘ ਨੂੰ ਤਖਤ ਸਾਹਿਬ ਦੇ ਪ੍ਰਬੰਧਕੀ ਪ੍ਰਧਾਨ ਦੀ ਸੇਵਾ ਦੇ ਯੋਗ ਨਹੀਂ ਸੀ ਮੰਨਿਆ ਤੇ ਕਿਸੇ ਧਾਰਮਿਕ ਬਿਰਤੀ ਵਾਲੇ ਵਿਅਕਤੀ ਨੂੰ ਪ੍ਰਧਾਨ ਬਣਾਉਣ ਲਈ ਕਿਹਾ ਸੀ।

**ਕੀ ਕਹਿੰਦੇ ਨੇ ਪੰਥਕ ਵਿਦਵਾਨ :** ਗੁਰਤੇਜ ਸਿੰਘ ਆਈਏਐਸ ਨੇ ਆਖਿਆ ਕਿ ਤਖ਼ਤ ਸ੍ਰੀ ਅਬਿਚਲ ਨਗਰ, ਹਜ਼ੂਰ ਸਾਹਿਬ ਸਿੱਖ ਪੰਥ ਦਾ ਪੰਜ ਤਖ਼ਤਾਂ ਵਿਚੋਂ ਇਕ ਪਵਿੱਤਰ ਤਖ਼ਤ ਹੈ। ਉਨ੍ਹਾਂ ਕਿਹਾ ਕਿ ਸਿੱਖਾਂ ਦੇ ਤਖ਼ਤਾਂ ਦੀ ਨਿਰਧਾਰਿਤ ਪਵਿੱਤਰ ਮਰਿਯਾਦਾ ਅਨੁਸਾਰ ਤਖ਼ਤ 'ਤੇ ਤਾਂ ਕਿਸੇ ਪਤਿਤ ਅਤੇ ਦਾੜੀ ਰੰਗਣ ਵਾਲੇ ਦੀ ਅਰਦਾਸ ਵੀ ਨਹੀਂ ਹੋ ਸਕਦੀ ਅਤੇ ਮਹਾਂਰਾਸ਼ਟਰ ਦੀ ਭਾਜਪਾ ਸਰਕਾਰ ਨੇ ਦਾੜੀ ਰੰਗਣ ਵਾਲੇ, ਪਤਿਤ ਤੇ ਸਿੱਖ ਸਿਧਾਂਤਾਂ ਦੇ ਉਲਟ ਦੇਵੀ-ਦੇਵਤਿਆਂ ਦੀ ਪੂਜਾ ਕਰਨ ਵਾਲੇ ਇਕ ਵਿਅਕਤੀ ਨੂੰ ਤਖ਼ਤ ਹਜ਼ੂਰ ਸਾਹਿਬ ਦੇ ਪ੍ਰਬੰਧਕੀ ਬੋਰਡ ਦਾ ਚੇਅਰਮੈਨ ਲਗਾ ਕੇ ਸਿੱਖਾਂ ਦੇ ਧਾਰਮਿਕ ਮਾਮਲਿਆਂ ਵਿਚ ਸਿੱਧੀ ਦਖ਼ਲਅੰਦਾਜ਼ੀ ਕੀਤੀ ਹੈ। ਇਸ ਤਰ੍ਹਾਂ ਸ੍ਰੀ ਹਜ਼ੂਰ ਸਾਹਿਬ 'ਤੇ ਅਕਾਲ ਤਖ਼ਤ ਸਾਹਿਬ ਦਾ ਕਬਜ਼ਾ ਹੋ ਗਿਆ ਹੈ। ਦਿੱਲੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਮਨਜੀਤ ਸਿੰਘ ਜੀਕੇ, ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਗੋਬਿੰਦ ਸਿੰਘ ਲੌਂਗੋਵਾਲ ਨੇ ਕਿਹਾ ਕਿ ਸਿੱਖ ਸਿਧਾਂਤਾਂ ਤੋਂ ਬਿਲਕੁਲ ਅਨਜਾਣ ਇਕ ਵਿਅਕਤੀ ਨੂੰ ਗੁਰੂ ਘਰਾਂ ਦਾ ਪ੍ਰਬੰਧਕ ਲਗਾਉਣਾ ਗੁਰਦੁਆਰਿਆਂ ਵਿਚ ਦਖਲਅੰਦਾਜ਼ੀ ਦੇਣੀ ਹੈ ਅਤੇ ਗੁਰੂ ਘਰਾਂ ਦੀਆਂ ਪਰੰਪਰਾਵਾਂ ਨੂੰ ਖ਼ਤਮ ਕਰਨ ਸਰਕਾਰੀ ਚਾਲ ਹੈ।



ਸਿੱਖ ਸੇਵਕ ਸੁਸਾਇਟੀ ਦੇ ਸੂਬਾ ਪ੍ਰਧਾਨ ਪਰਮਿੰਦਰਪਾਲ ਸਿੰਘ ਖਾਲਸਾ ਦਾ ਕਹਿਣਾ ਹੈ ਕਿ ਆਰ ਐਸ ਐਸ ਸਿੱਖ ਪੰਥ ਦਾ ਭਗਵਾਂਕਰਨ ਕਰਨ 'ਤੇ ਤੁਲੀ ਹੋਈ ਹੈ ਤੇ ਸਿੱਖ ਲੀਡਰਸ਼ਿਪ ਇਸ ਨੂੰ ਅਰਾਮ ਨਾਲ ਬਰਦਾਸ਼ਤ ਕਰ ਰਹੀ ਹੈ। ਉਨ੍ਹਾਂ ਕਿਹਾ ਕਿ ਬਾਦਲ ਦਲ ਨੂੰ ਆਪਣੀ ਸਿਆਸੀ ਭਾਈਵਾਲ ਭਾਜਪਾ ਦੀ ਸਿੱਖਾਂ ਦੇ ਗੁਰਦੁਆਰਿਆਂ ਦੇ ਪ੍ਰਬੰਧਾਂ ਵਿਚ ਦਖ਼ਲਅੰਦਾਜ਼ੀ ਦੇ ਮਾਮਲੇ 'ਤੇ ਠੋਸ ਸਟੈਂਡ ਲੈਣਾ ਚਾਹੀਦਾ ਹੈ। ਬਾਬਾ ਸਰਬਜੋਤ ਸਿੰਘ ਬੇਦੀ ਊਨਾ ਸਾਹਿਬ ਵਾਲਿਆਂ ਨੇ ਕਿਹਾ ਕਿ ਸਾਡਾ ਤਾਰਾ ਸਿੰਘ ਹੁਰਾਂ ਨਾਲ ਕੋਈ ਵੈਰ ਨਹੀਂ, ਪਰ ਜੋ ਵਿਅਕਤੀ ਗੁਰਮਤਿ ਪਰੰਪਰਾਵਾਂ 'ਤੇ ਖਰਾ ਨਹੀਂ ਉਤਰਦਾ, ਉਸ ਨੂੰ ਗੁਰਦੁਆਰਾ ਪ੍ਰਬੰਧ 'ਤੇ ਥੋਪਣਾ ਸਿੱਖ ਪੰਥ ਨੂੰ ਖੋਰਾ ਲਾਉਣ ਵਾਲੀ ਗੱਲ ਹੈ। ਉਨ੍ਹਾਂ ਕਿਹਾ ਕਿ ਸਮੁੱਚੇ ਪੰਥ ਨੂੰ ਇਸ ਦਾ ਵਿਰੋਧ ਕਰਨਾ ਚਾਹੀਦਾ ਹੈ।

## ਕੈਨੇਡੀਅਨ ਸਾਹਿਤਕਾਰ ਮਾਈਕਲ ਓਂਦਾਤੇ ਦੇ ਨਾਵਲ ਨੂੰ ਵਿਸ਼ੇਸ਼ ਗੋਲਡਨ ਮੈਨ ਬੁੱਕਰ ਪੁਰਸਕਾਰ

**ਲੰਡਨ/ਬਿਊਰੋ ਨਿਊਜ਼ :** ਸ੍ਰੀਲੰਕਾ 'ਚ ਜਨਮੇ ਕੈਨੇਡੀਅਨ ਸਾਹਿਤਕਾਰ ਮਾਈਕਲ ਓਂਦਾਤੇ (74 ਸਾਲ) ਦੇ ਨਾਵਲ 'ਦਿ ਇੰਗਲਿਸ਼ ਪੇਸ਼ੈਂਟ' ਨੂੰ ਵਿਸ਼ੇਸ਼ ਗੋਲਡਨ ਮੈਨ ਬੁੱਕਰ ਪੁਰਸਕਾਰ ਨਾਲ ਨਿਵਾਜਿਆ ਗਿਆ ਹੈ। ਇਹ ਨਾਵਲ ਦੂਜੀ ਵਿਸ਼ਵ ਜੰਗ ਦੌਰਾਨ ਪਿਆਰ ਅਤੇ ਟਕਰਾਅ ਦੀ ਕਹਾਣੀ 'ਤੇ ਆਧਾਰਿਤ ਹੈ। ਬੁੱਕਰ ਪੁਰਸਕਾਰ ਦੀ 50 ਵਰ੍ਹੇਗੰਢ ਮੌਕੇ ਇਹ ਇਨਾਮ ਦੇਣ ਦਾ ਪ੍ਰਬੰਧ ਕੀਤਾ ਗਿਆ ਸੀ।



# ਯੂਜੀਸੀ ਵੱਲੋਂ ਪੰਜਾਬੀ, ਧਾਰਮਿਕ ਰਸਾਲਿਆਂ ਦੀ ਪ੍ਰਵਾਨਗੀ ਰੱਦ

**ਬਠਿੰਡਾ/ਬਿਊਰੋ ਨਿਊਜ਼ :** ਯੂਨੀਵਰਸਿਟੀ ਗਰਾਂਟਸ ਕਮਿਸ਼ਨ (ਯੂਜੀਸੀ) ਨੇ ਹੁਣ ਪੰਜਾਬੀ ਭਾਸ਼ਾ ਤੇ ਧਰਮ ਨਾਲ ਜੁੜੇ ਦਰਜਨਾਂ ਰਸਾਲੇ 'ਆਊਟ' ਕਰ ਦਿੱਤੇ ਹਨ, ਜੋ ਕੇਂਦਰ ਦਾ ਵਿਰਸੇ ਤੇ ਸਭਿਆਚਾਰ ਉਤੇ ਸਿੱਧਾ ਹੱਲਾ ਜਾਪਦਾ ਹੈ। ਕਈ ਦਹਾਕਿਆਂ ਤੋਂ ਚੱਲ ਰਹੇ ਰਸਾਲਿਆਂ (ਜਰਨਲਾਂ) ਦੀ ਪ੍ਰਵਾਨਗੀ ਰੱਦ ਹੋਣਾ ਖੇਤਰੀ ਭਾਸ਼ਾ ਲਈ ਵੱਡਾ ਝਟਕਾ ਹੈ, ਜਿਸ ਨਾਲ ਸਕਾਲਰਾਂ ਨੂੰ ਭਾਰੀ ਨੁਕਸਾਨ ਹੋਵੇਗਾ। ਪੰਜਾਬੀ ਯੂਨੀਵਰਸਿਟੀ ਦੇ ਅੱਧੀ ਦਰਜਨ, ਗੁਰੂ ਨਾਨਕ ਦੇਵ ਯੂਨੀਵਰਸਿਟੀ ਦੇ 10 ਅਤੇ ਪੰਜਾਬ ਯੂਨੀਵਰਸਿਟੀ ਚੰਡੀਗੜ੍ਹ ਦੇ ਤਿੰਨ ਰਸਾਲਿਆਂ ਦੀ ਪ੍ਰਵਾਨਗੀ ਰੱਦ ਹੋਈ ਹੈ।

ਯੂਜੀਸੀ ਦਾ ਤਰਕ ਹੈ ਕਿ ਇਹ ਰਸਾਲੇ ਉਸ ਦੇ ਤਕਨੀਕੀ ਪੈਮਾਨੇ 'ਤੇ ਖਰੇ ਨਹੀਂ ਉਤਰਦੇ ਹਨ। ਅਦਾਰੇ ਦੀ ਸਥਾਈ ਕਮੇਟੀ ਨੇ ਹੁਣ ਦੇਸ਼ ਭਰ ਵਿਚ 32,659 ਰਸਾਲੇ ਪ੍ਰਵਾਨਿਤ ਹੋਣ ਦੀ ਗੱਲ ਆਖੀ ਹੈ। ਇਸ ਕੋਲ ਸਾਲ ਭਰ ਪਹਿਲਾਂ 141 ਯੂਨੀਵਰਸਿਟੀਆਂ ਨੇ 7255 ਨਵੇਂ ਰਸਾਲਿਆਂ ਦੀ ਸਿਫ਼ਾਰਸ਼ ਭੇਜੀ ਸੀ, ਜਿਨ੍ਹਾਂ 'ਚੋਂ 2405 ਨੂੰ ਹੀ ਪ੍ਰਵਾਨਗੀ ਮਿਲੀ ਹੈ ਤੇ 4305 ਰਸਾਲਿਆਂ ਦੀ ਪ੍ਰਵਾਨਗੀ ਰੱਦ ਕੀਤੀ ਹੈ। ਇਸ 'ਚ ਮੁੱਖ ਨਿਸ਼ਾਨਾ ਖੇਤਰੀ ਭਾਸ਼ਾਵਾਂ ਹੀ ਬਣੀਆਂ ਹਨ। ਪੰਜਾਬੀ ਯੂਨੀਵਰਸਿਟੀ ਦੀ ਪਬਲੀਕੇਸ਼ਨ ਬਿਊਰੋ ਦੇ ਇੰਚਾਰਜ ਪ੍ਰੋ. ਸਰਬਜਿੰਦਰ ਸਿੰਘ ਦਾ ਕਹਿਣਾ ਸੀ ਕਿ ਸਾਰੇ ਰਸਾਲੇ ਖੋਜ ਮਿਆਰਾਂ 'ਤੇ ਖਰੇ ਉੱਤਰਦੇ ਸਨ। ਉਹ ਯੂਜੀਸੀ ਨੂੰ ਮੁੜ ਪ੍ਰਵਾਨਗੀ ਲਈ ਲਿਖ ਰਹੇ ਹਨ। ਪੰਜਾਬ ਯੂਨੀਵਰਸਿਟੀ ਚੰਡੀਗੜ੍ਹ ਦੇ 'ਪਰਖ' ਤੇ 'ਪਰੀਸ਼ੋਧ' ਸਮੇਤ ਤਿੰਨ ਰਸਾਲੇ ਬੰਦ ਕੀਤੇ ਗਏ ਹਨ। ਯੂਨੀਵਰਸਿਟੀ ਦੇ ਸੈਨੇਟ ਮੈਂਬਰ ਤੇ ਦਸਮੇਸ਼ ਗਰਲਜ਼ ਕਾਲਜ ਬਾਦਲ ਦੇ ਪ੍ਰਿੰਸੀਪਲ ਡਾ.ਐਸ.ਐਸ. ਸੰਘਾ ਨੇ ਕਿਹਾ ਕਿ ਯੂਜੀਸੀ ਨੂੰ ਹਰ ਜਰਨਲ ਦਾ ਮਿਆਰ ਦੇਖਣਾ ਚਾਹੀਦਾ ਹੈ, ਤਕਨੀਕੀ ਪੱਖਾਂ ਨੂੰ ਤਰਜੀਹ ਨਹੀਂ ਦੇਣੀ ਚਾਹੀਦੀ।

ਗੁਰੂ ਨਾਨਕ ਦੇਵ ਯੂਨੀਵਰਸਿਟੀ ਦੇ ਅੰਗਰੇਜ਼ੀ ਵਿਚ ਗੁਰੂ ਗਰੰਥ ਸਾਹਿਬ ਨਾਲ ਸਬੰਧਿਤ ਰਸਾਲੇ ਤੋਂ ਇਲਾਵਾ 'ਧਰਮ ਅਧਿਐਨ ਪੱਤ੍ਰਿਕਾ' ਨੂੰ ਰੱਦ ਕੀਤਾ ਗਿਆ ਹੈ। 'ਗੁਰੂ ਨਾਨਕ ਜਰਨਲ', 'ਪੰਜਾਬ ਜਰਨਲ ਆਫ਼ ਪਾਲੇਟਿਕਸ', 'ਲਾਅ ਜਰਨਲ ਆਫ਼ ਗੁਰੂ ਨਾਨਕ ਦੇਵ ਵਰਸਿਟੀ', 'ਪੰਜਾਬ ਜਰਨਲ ਆਫ਼ ਇੰਗਲਿਸ਼ ਸਟੱਡੀਜ਼' ਤੇ ਇਕਨਾਮਿਕਸ ਦੇ ਵੀ ਦੋ ਰਸਾਲਿਆਂ ਦੀ ਪ੍ਰਵਾਨਗੀ ਰੱਦ ਕੀਤੀ ਹੈ। ਖ਼ਾਲਸਾ ਕਾਲਜ ਅੰਮ੍ਰਿਤਸਰ ਦੇ 'ਸੰਵਾਦ' ਰਸਾਲੇ ਨੂੰ ਵੀ ਪ੍ਰਵਾਨਗੀ ਨਹੀਂ ਦਿੱਤੀ। ਯੂਜੀਸੀ ਮੁਤਾਬਕ ਜਾਅਲੀ ਰਸਾਲੇ ਰੋਕਣ ਲਈ ਸਿਰਫ਼ ਸ਼ਰਤਾਂ ਪੂਰੀਆਂ ਕਰਨ ਵਾਲਿਆਂ ਨੂੰ ਹੀ ਪ੍ਰਵਾਨਗੀ ਦਿੱਤੀ ਜਾਂਦੀ ਹੈ। ਯੂਜੀਸੀ ਨੇ 'ਆਈਐਸਐਸਐਨ' ਨੰਬਰ ਦੀ ਸ਼ਰਤ ਲਾਈ ਹੈ, ਹਾਲਾਂਕਿ ਅਜਿਹੇ ਰਸਾਲਿਆਂ ਨੂੰ ਪ੍ਰਵਾਨਗੀ ਦਿੱਤੀ ਗਈ ਹੈ, ਜਿਨ੍ਹਾਂ ਦੇ 'ਆਈਐਸਐਸਐਨ' ਨੰਬਰ ਨਹੀਂ ਹਨ।

ਗੁਰੂ ਨਾਨਕ ਦੇਵ ਯੂਨੀਵਰਸਿਟੀ ਦੇ ਪਬਲੀਕੇਸ਼ਨ ਬਿਊਰੋ ਦੇ ਇੰਚਾਰਜ ਪ੍ਰੋ. ਐਚ.ਐਸ. ਸੈਣੀ ਦਾ ਕਹਿਣਾ ਸੀ ਕਿ ਯੂਜੀਸੀ ਨੇ ਆਪਣੇ ਮਾਪਦੰਡ ਬਣਾਏ ਹਨ। ਉਨ੍ਹਾਂ ਦੱਸਿਆ ਕਿ ਅੱਜ ਹੀ ਮੀਟਿੰਗ ਕੀਤੀ ਹੈ ਜਿਸ ਵਿਚ ਸ਼ਰਤਾਂ ਦੀ ਪੂਰਤੀ ਕਰਨ ਸਬੰਧੀ ਕਦਮ ਚੁੱਕਣ ਦਾ ਫ਼ੈਸਲਾ ਕੀਤਾ ਹੈ। ਯੂਜੀਸੀ ਨੇ ਹਰ ਜਰਨਲ ਦੀ ਵੈੱਬਸਾਈਟ ਬਣਾਉਣ ਤੇ ਸੰਪਾਦਕੀ ਅਮਲੇ ਦੇ ਪੂਰੇ ਅਡਰੈਸ ਵਗ਼ੈਰਾ ਦੀਆਂ ਸ਼ਰਤਾਂ ਵੀ ਲਾਈਆਂ ਹਨ।


ALL STATE INSURANCE
Allstate You're in good hands.
ਕਿਸੇ ਕਿਸਮ ਦੀ ਇਨਸ਼ੋਰੈਂਸ ਵਾਸਤੇ ਅੱਜ ਹੀ ਕਾਲ ਕਰੋ
ਇੱਕ ਕਾਲ ਨਾਲ ਤੁਹਾਡੀ ਵੱਡੀ ਬੱਚਤ ਹੋ ਸਕਦੀ ਹੈ
AUTO HOME LIFE HEALTH BUSINESS



Avninder Singh
Insurance Specialist, CA --LIC: #0822501
Phone : (510) 441-7490
(877) 441-7490
FAX : (510) 441-2537
ADDRESS : 30042 MISSION BLVD
SUITE #221, HAYWARD, CA 94544

CAPITAL ACCOUNTING & TAX SERVICES
HELPING PEOPLE FOR THEIR TRUCKING NEEDS
(IRP) Plates-48 States-Same Day
ਬਾਹਰ ਚੱਲਣ ਵਾਲੇ ਟਰੱਕਾਂ ਦੀਆਂ ਪਲੇਟਾਂ ਤੁਸੀਂ ਸਾਡੇ ਦਫ਼ਤਰ ਵਿਚੋਂ ਤੁਰੰਤ ਵੀ ਲੈ ਸਕਦੇ ਹੋ।
ਟਰੱਕਿੰਗ ਦੀ ਦੁਨੀਆ ਵਿਚ ਨਵਾਂ ਕਦਮ
• ਟਰੱਕ ਲਾਇਸੈਂਸ ਪਲੇਟਾਂ ਵਾਸਤੇ ਹੁਣ ਹਫਤਿਆਂਬੱਧੀ ਉਡੀਕ ਕਰਨ ਦੀ ਲੋੜ ਨਹੀਂ।
• ਉਸੇ ਦਿਨ ਲਾਇਸੈਂਸ ਪਲੇਟਾਂ ਲੈਣ ਲਈ ਸਾਡੇ ਨਾਲ ਸੰਪਰਕ ਕਰੋ।
Same Day Plates Same Day Plates Same Day Plates



Kuldeep Singh Kang



Sewa Singh Bhinder

ਸੱਤ ਸਾਲ ਤੋਂ ਤੁਹਾਡੀ ਸੇਵਾ ਨੂੰ ਸਮਰਪਿਤ

TRUCKING SERVICES AVAILABLE
- IRP License Plates
- IFTA-Fuel Tax Returns
- MC (ICC) Authority, US DOT #
- UCR Permits, BOC-3 Filing
- CA#, MCP, EPN Enrollment
- BIT-Enrollment
- NM Permit, KYU#, NY HUT Permit
- Oregon Permit, Oregon Bonds
- Highway Use Tax (2290)
- Trailer Plates, Title Transfer
- Tax Exemption

BUSINESS SERVICES AVAILABLE
- Tax Services : Individual, Small Business
- Computerized Accounting
- Financial Statement
- Monthly Sales Tax Reports
- Payroll Services



CALIFORNIA DMV LIV. # 40524
PH : 530-669-5780 Fax : 530-669-5775
Cell : 530-908-9386 Cell : 530-405-6020
ਇਹ ਦਫ਼ਤਰ ਡੀ.ਐਮ.ਵੀ. ਸ਼ਾਪਿੰਗ ਸੈਂਟਰ ਵਿਚ ਹੈ।
825 East Street, Suite 110 Woodland, CA 95776

CAPITAL SERVICES
Capital services
ਸਾਰੀਆਂ ਸੇਵਾਵਾਂ ਇਕੋ ਥਾਂ
- ਇੰਡੀਅਨ ਪਾਸਪੋਰਟ
- ਇੰਡੀਅਨ ਵੀਜ਼ਾ, OCI
- ਮੁਖਤਿਆਰਨਾਮਾ
- ਇਮੀਗਰੇਸ਼ਨ ਸਰਵਿਸਜ਼
- ਸਿਟੀਜਨ, ਗਰੀਨ ਕਾਰਡ
- ਫੈਮਲੀ ਪਟੀਸ਼ਨ




ਜੇਕਰ ਤੁਸੀਂ ਜਾਂ ਤੁਹਾਡਾ ਕੋਈ ਰਿਸ਼ਤੇਦਾਰ ਅਮਰੀਕਾ ਵਿੱਚ ਨਵਾਂ ਆਇਆ ਹੈ ਤਾਂ ਇੰਟਰਨੈਸ਼ਨਲ ਡਰਾਇਵਿੰਗ ਲਾਇਸੰਸ ਲੈਣ ਲਈ ਸੰਪਰਕ ਕਰੋ

ਹੋਰ ਸੇਵਾਵਾਂ
- ਕਾਰ ਟਰਾਂਸਫਰ/ਸਟਿੱਕਰ
- ਇੰਸ਼ੋਰੈਂਸ : ਕਾਰ, ਘਰ ਤੇ ਬਿਜਨਸ
- ਲਾਈਵ ਸਕੈਨ/ਫਿੰਗਰ ਪ੍ਰਿੰਟ
- ਨੋਟਰੀ ਪਬਲਿਕ, ਮੇਲ ਬੌਕਸ, ਫੈਕਸ, ਕਾਪੀ,
- ਬਿਜਨਸ ਕਾਰਡ, ਵਿਆਹ ਦੇ ਕਾਰਡ ਅਤੇ ਹੋਰ

Call, Banga (916) 427-4321, Fax (916) 258-0441
Email : sacramento99@yahoo.co, website: capitalservices.us

# ਖਹਿਰੇ ਵੱਲੋਂ ਮੁੱਖ ਮੰਤਰੀ ਨੂੰ ਸੌਂਪੀ ਚਿੱਠੀ 'ਚ ਪੁਲਿਸ ਅ.ਫ਼ਸਰ ਢਿੱਲੋਂ ਬਾਰੇ ਕਈ ਖ਼ੁਲਾਸੇ ਹੋਣ ਦੀ ਚਰਚਾ

**ਚੰਡੀਗੜ੍ਹ/ਬਿਊਰੋ ਨਿਊਜ਼ :** ਮੋਗਾ ਦੇ ਜ਼ਿਲ੍ਹਾ ਪੁਲੀਸ ਮੁਖੀ ਰਹੇ ਕੰਵਲਜੀਤ ਸਿੰਘ ਢਿੱਲੋਂ ਦੀ ਨਿਯੁਕਤੀ 'ਤੇ ਵਿਵਾਦ ਭਖ਼ਦਾ ਜਾ ਰਿਹਾ ਹੈ। ਇਸ ਪੁਲੀਸ ਮੁਖੀ ਖ਼ਿਲਾਫ਼ 1995 ਅਤੇ 1996 ਵਿਚ ਭ੍ਰਿਸ਼ਟਾਚਾਰ ਦੇ ਦੋਸ਼ਾਂ ਹੇਠ ਤਿੰਨ ਕੇਸ ਦਰਜ ਹੋਣ ਦਾ ਖ਼ੁਲਾਸਾ ਹੋਇਆ ਹੈ। ਵਿਧਾਨ ਸਭਾ ਵਿਚ ਵਿਰੋਧੀ ਧਿਰ ਦੇ ਆਗੂ ਸੁਖਪਾਲ ਸਿੰਘ ਖਹਿਰਾ ਨੇ ਮੁੱਖ ਮੰਤਰੀ ਨਾਲ ਹੋਈ ਆਪਣੀ ਬੈਠਕ ਵਿਚ ਉਕਤ ਅਧਿਕਾਰੀ ਖ਼ਿਲਾਫ਼ ਦਰਜ ਪੁਲੀਸ ਕੇਸਾਂ ਬਾਰੇ ਜੋ ਪੱਤਰ ਕੈਪਟਨ ਅਮਰਿੰਦਰ ਸਿੰਘ ਨੂੰ ਸੌਂਪਿਆ ਹੈ, ਉਸ ਪੱਤਰ ਵਿੱਚ ਅਜਿਹੇ ਤੱਥ ਦਰਜ ਦੱਸੇ ਜਾ ਰਹੇ ਹਨ।

ਸੂਤਰਾ ਮੁਤਾਬਕ ਇਹ ਪੱਤਰ 'ਆਪ' ਦੀ ਮੋਗਾ ਜ਼ਿਲ੍ਹੇ ਦੀ ਇਕਾਈ ਨੇ ਸ੍ਰੀ ਖਹਿਰਾ ਨੂੰ ਭੇਜਿਆ ਸੀ। 'ਆਪ' ਦੇ ਸੂਬਾਈ ਬੁਲਾਰੇ ਬੂਟਾ ਸਿੰਘ ਬੈਰਾਗੀ ਨੇ ਇਹ ਪੱਤਰ ਤਿਆਰ ਕਰਕੇ ਸ੍ਰੀ ਖਹਿਰਾ ਨੂੰ ਮੁੱਖ ਮੰਤਰੀ ਨਾਲ ਬੈਠਕ ਤੋਂ ਕੋਈ ਦੋ ਘੰਟੇ ਪਹਿਲਾਂ ਭੇਜਿਆ ਸੀ। ਪੱਤਰ ਵਿਚ ਸਾਲ 1995 ਦਾ ਹਵਾਲਾ ਵਿਸਥਾਰ ਵਿਚ ਦਰਜ ਹੈ, ਕਿ ਜਦੋਂ ਕੰਵਲਜੀਤ ਸਿੰਘ ਢਿੱਲੋਂ ਅਬੋਹਰ ਵਿਚ ਬਤੌਰ ਐੱਸਪੀ ਤਾਇਨਾਤ ਸਨ ਤਾਂ ਉਸ ਵੇਲੇ ਪਿੰਡ ਪੱਤਰਿਆਂ ਵਾਲਾ ਵਿੱਚੋਂ ਖੁਦਾਈ ਦੌਰਾਨ ਲਗਪਗ 36 ਲੱਖ ਰੁਪਏ ਦਾ ਖ਼ਜ਼ਾਨਾ ਜਿਸ ਵਿੱਚ ਸੋਨਾ, ਚਾਂਦੀ ਦੇ ਗਹਿਣੇ ਅਤੇ ਸਿੱਕੇ ਮਿਲੇ ਸਨ, ਨੂੰ ਖੁਰਦ-ਬੁਰਦ ਕਰ ਦਿੱਤਾ ਗਿਆ ਸੀ। ਜਾਂਚ ਤੋਂ ਬਾਅਦ ਇਸ ਅਧਿਕਾਰੀ ਵਿਰੁੱਧ 20 ਸਤੰਬਰ 1995 ਨੂੰ ਭ੍ਰਿਸ਼ਟਾਚਾਰ ਦੇ ਦੋਸ਼ ਹੇਠ ਥਾਣਾ ਖੂਹੀਆਂ ਸਰਵਰ ਵਿਚ ਮੁਕੱਦਮਾ ਨੰਬਰ 91 ਦਰਜ ਕੀਤਾ ਗਿਆ ਸੀ ਅਤੇ ਵਿਭਾਗ ਨੇ ਅਧਿਕਾਰੀ ਦਾ ਅਹੁਦਾ ਘਟਾ ਕੇ ਡੀਐੱਸਪੀ ਕਰ ਦਿੱਤਾ ਸੀ। ਇਸ ਤੋਂ ਪਹਿਲਾਂ ਉਕਤ ਅਧਿਕਾਰੀ ਵਿਰੁੱਧ ਇਸੇ ਥਾਣੇ ਵਿੱਚ ਹੀ ਭ੍ਰਿਸ਼ਟਾਚਾਰ ਐਕਟ ਤਹਿਤ 16 ਫਰਵਰੀ ਨੂੰ ਵੀ ਮੁਕੱਦਮਾ ਨੰਬਰ 14 ਦਰਜ ਕੀਤਾ ਗਿਆ ਸੀ। ਸਰੋਤਾਂ ਤੋਂ ਵੱਧ ਜਾਇਦਾਦ ਬਣਾਉਣ ਦੇ ਦੋਸ਼ ਹੇਠ ਕ੍ਰਾਈਮ ਬਰਾਂਚ, ਪੰਜਾਬ ਨੇ 1996 ਵਿਚ ਥਾਣਾ ਖਰੜ ਵਿਚ ਉਕਤ ਅਧਿਕਾਰੀ ਖ਼ਿਲਾ.ਫ ਕੇਸ ਦਰਜ ਕਰਵਾਇਆ ਸੀ। ਅਕਾਲੀ ਸਰਕਾਰ ਵੇਲੇ ਮੋਗਾ ਦੇ ਜ਼ਿਲ੍ਹਾ ਪੁਲੀਸ ਮੁਖੀ ਹੁੰਦਿਆਂ ਕੰਵਲਜੀਤ ਸਿੰਘ ਢਿੱਲੋਂ 'ਤੇ ਨਸ਼ਾ ਤਸਕਰੀ ਦੇ ਗੰਭੀਰ ਦੋਸ਼ ਲੱਗੇ ਸਨ। ਉਕਤ ਅਧਿਕਾਰੀ ਨੇ ਉਸ ਵੇਲੇ ਦੇ ਚੌਕੀ ਇੰਚਾਰਜ ਜਰਨੈਲ ਸਿੰਘ ਨੂੰ ਹੀ ਨਸ਼ਾ ਤਸਕਰੀ ਦੇ ਦੋਸ਼ਾਂ ਹੇਠ ਕਾਬੂ ਕਰ ਲਿਆ ਸੀ, ਜਿਸ ਨੂੰ ਬਾਅਦ ਵਿੱਚ ਵਿਭਾਗੀ ਪੜਤਾਲ ਵਿੱਚ ਬੇਗੁਨਾਹ ਪਾਇਆ ਗਿਆ ਸੀ। ਚੌਕੀ ਇੰਚਾਰਜ ਦੇ ਮਾਮਲੇ ਵਿੱਚ ਉਕਤ ਅਧਿਕਾਰੀ 'ਤੇ 40 ਲੱਖ ਰੁਪਏ ਬਟੋਰਨ ਦੇ ਦੋਸ਼ ਲੱਗੇ ਸਨ। ਉਸ ਵੇਲੇ ਦੇ ਪੁਲੀਸ ਮੁਖੀ ਸੁਮੇਧ ਸੈਣੀ ਦੇ ਦਖ਼ਲ ਤੋਂ ਬਾਅਦ ਦੋ ਸਾਲਾਂ ਬਾਅਦ ਉਕਤ ਅਧਿਕਾਰੀ ਨੇ ਪੈਸੇ ਵਾਪਸ ਕੀਤੇ ਸਨ। ਉਕਤ ਮਾਮਲੇ ਸਬੰਧੀ ਵੀ ਉਸ ਵੇਲੇ ਦੇ ਆਈਜੀ (ਕ੍ਰਾਈਮ) ਐਲ ਕੇ ਯਾਦਵ ਨੇ ਚੌਕੀ ਇੰਚਾਰਜ ਖ਼ਿਲਾ.ਫ ਦਰਜ ਮਾਮਲੇ ਦੀ ਪੜਤਾਲ ਰਿਪੋਰਟ ਨੰਬਰ 145/ਆਰ/ਆਈ-ਜੀ/3 ਮਿਤੀ 10 ਸਤੰਬਰ 2017 ਨੂੰ ਸਰਕਾਰ ਨੂੰ ਭੇਜ ਦਿੱਤੀ ਸੀ, ਜਿਸ ਵਿੱਚ ਉਕਤ ਅਧਿਕਾਰੀ ਵੱਲ ਸਿੱਧੀ ਉਂਗਲ ਚੁੱਕੀ ਗਈ ਸੀ। ਇਹ ਸਾਰੇ ਦੋਸ਼ ਵਿਰੋਧੀ ਧਿਰ ਦੇ ਆਗੂ ਸੁਖਪਾਲ ਸਿੰਘ ਖਹਿਰਾ ਵੱਲੋਂ ਮੁੱਖ ਮੰਤਰੀ ਨੂੰ ਸੌਂਪੇ ਪੱਤਰ ਵਿਚ ਲਾਏ ਦੱਸੇ ਜਾਂਦੇ ਹਨ।

# ਡੋਪ ਟੈਸਟ ਕਰਵਾਉਣ ਤੋਂ ਅਕਾਲੀਆਂ ਦੀ ਨਾਂਹ ਦੀਆਂ ਗੱਲਾਂ ਬਣਨ ਲੱਗੀਆਂ

**ਚੰਡੀਗੜ੍ਹ/ਬਿਊਰੋ ਨਿਊਜ਼ :** ਪੰਜਾਬ 'ਚੋਂ ਨਸ਼ਿਆਂ ਦੀ ਅਲਾਮਤ ਨੂੰ ਜੜ੍ਹੋਂ ਖ਼ਤਮ ਕਰਨ ਦੇ ਨਾਂ ਉਤੇ ਡੋਪ ਟੈਸਟ ਦਾ ਸਿਆਸੀ ਮੈਚ ਚੱਲ ਰਿਹਾ ਹੈ। ਪਹਿਲਾਂ ਸਰਕਾਰੀ ਮੁਲਾਜ਼ਮਾਂ ਲਈ ਡੋਪ ਟੈਸਟ ਲਾਜ਼ਮੀ ਕਰਨ ਤੋਂ ਬਾਅਦ ਸਿਆਸਤਦਾਨਾਂ ਦੇ ਡੋਪ ਟੈਸਟ ਕਰਨ ਦੀ ਮੰਗ ਉਠ ਖੜ੍ਹੀ ਹੋਈ ਹੈ। ਇਸ ਮੁਹਿੰਮ ਵਿਚੋਂ ਸ਼੍ਰੋਮਣੀ ਅਕਾਲੀ ਦਲ ਪੈਰ ਪਿੱਛੇ ਹਟਾਉਣ ਦੀ ਕੋਸ਼ਿਸ਼ ਕਰਨ ਲੱਗ ਪਿਆ ਹੈ। ਮੁੱਖ ਮੰਤਰੀ ਵੱਲੋਂ ਆਪਣਾ ਡੋਪ ਟੈਸਟ ਕਰਵਾਉਣ ਦੇ ਐਲਾਨ ਤੋਂ ਬਾਅਦ ਪੰਜਾਬ ਕਾਂਗਰਸ ਅਤੇ ਆਮ ਆਦਮੀ ਪਾਰਟੀ (ਆਪ) ਦੇ ਵਿਧਾਇਕ ਆਪਣੀ ਜ਼ਮੀਰ ਦੀ ਆਵਾਜ਼ 'ਤੇ ਹਸਪਤਾਲਾਂ ਵਿਚ ਇਹ ਟੈਸਟ ਕਰਾਉਣ ਲਈ ਪੁੱਜਣ ਲੱਗੇ ਹਨ ਪਰ ਸ਼੍ਰੋਮਣੀ ਅਕਾਲੀ ਦਲ ਤੇ ਭਾਜਪਾ ਦੇ ਆਗੂ ਅਪਣੇ ਘਰਾਂ ਵਿਚ ਜਾ ਵੜੇ ਹਨ।




ਸ਼੍ਰੋਮਣੀ ਅਕਾਲੀ ਦਲ ਦੀ ਕੋਰ ਕਮੇਟੀ ਦੀ ਮੀਟਿੰਗ ਵਿਚ ਵੀ ਨਸ਼ਿਆਂ ਦੇ ਕਹਿਰ ਨੂੰ ਗੰਭੀਰਤਾ ਨਾਲ ਵਿਚਾਰਿਆ ਨਹੀਂ ਗਿਆ ਹਾਲਾਂਕਿ ਇਹ ਏਜੰਡੇ 'ਤੇ ਰੱਖਿਆ ਗਿਆ ਸੀ। ਕੈਪਟਨ ਅਮਰਿੰਦਰ ਸਿੰਘ ਵਲੋਂ ਪੁਲਿਸ ਸਮੇਤ ਸਰਕਾਰੀ ਮੁਲਾਜ਼ਮਾਂ ਦੀ ਭਰਤੀ ਅਤੇ ਤਰੱਕੀ ਲਈ ਡੋਪ ਟੈਸਟ ਲਈ ਰੱਖੀ ਸ਼ਰਤ ਦਾ ਭਾਵੇਂ ਮੁਲਾਜ਼ਮਾਂ ਦਾ ਇਕ ਵਰਗ ਵਿਰੋਧ ਕਰਨ ਲੱਗਾ ਹੈ ਪਰ ਕੇਂਦਰ ਸਰਕਾਰ ਨੇ ਆਈਏਐਸ ਅਫ਼ਸਰਾਂ ਦੀ ਸਾਲਾਨਾ ਰੀਪੋਰਟ (ਏਸੀਆਰ) ਲਈ ਡੋਪ ਟੈਸਟ ਪਹਿਲਾਂ ਹੀ ਜ਼ਰੂਰੀ ਕੀਤਾ ਹੋਇਆ ਹੈ।

ਆਈਏਐਸ ਅਫ਼ਸਰਾਂ ਦੇ ਸਾਲਾਨਾ ਮੈਡੀਕਲ ਟੈਸਟ ਵਿਚ ਡੋਪ ਟੈਸਟ ਵੀ ਸ਼ਾਮਲ ਹੈ। ਉਂਜ ਇਸ ਮੁੱਦੇ 'ਤੇ ਪੰਜਾਬ ਦਾ ਮੁਲਾਜ਼ਮ ਵਰਗ ਦੋ ਧਿਰਾਂ ਵਿਚ ਵੰਡਿਆ ਨਜ਼ਰ ਆ ਰਿਹਾ ਹੈ। ਪੰਜਾਬ ਵਿਚ ਅਸਲੇ ਦਾ ਲਾਇਸੰਸ ਲੈਣ ਅਤੇ ਨਵਿਆਉਣ ਵੇਲੇ ਵੀ ਡੋਪ ਟੈਸਟ ਕਰਾਉਣ ਦੀ ਸ਼ਰਤ ਰੱਖੀ ਗਈ ਹੈ। ਸਿਹਤ ਵਿਭਾਗ ਦੇ ਭਰੋਸੇਯੋਗ ਸੂਤਰਾਂ ਨੇ ਦਸਿਆ ਕਿ ਡੋਪ ਟੈਸਟ ਦੀ ਸਰਕਾਰੀ ਫ਼ੀਸ 1500 ਰੁਪਏ ਰੱਖੀ ਗਈ ਹੈ ਜਿਸ ਨੂੰ ਘਟਾਉਣ ਲਈ ਸੁਝਾਅ ਪੰਜਾਬ ਸਰਕਾਰ ਨੂੰ ਭੇਜਿਆ ਜਾ ਰਿਹਾ ਹੈ। ਰਾਜ ਦੇ ਕਈ ਹਸਪਤਾਲਾਂ ਵਿਚ ਡੋਪ ਟੈਸਟ ਹਫ਼ਤੇ ਵਿਚ ਦੋ ਦਿਨ ਹੋ ਰਿਹਾ ਹੈ ਜਦਕਿ ਸਰਕਾਰ ਦੀਆਂ ਅਜਿਹੀਆਂ ਹਦਾਇਤਾਂ ਨਹੀਂ ਹਨ।

ਐਸੋਸੀਏਸ਼ਨ ਆਫ਼ ਰੂਰਲ ਮੈਡੀਕਲ ਅਫ਼ਸਰਜ਼ ਦੇ ਪ੍ਰਧਾਨ ਡਾ. ਜਗਜੀਤ ਸਿੰਘ ਬਾਜਵਾ ਦਾ ਦਾਅਵਾ ਹੈ ਕਿ ਡੋਪ ਟੈਸਟ ਦੇ ਨਤੀਜੇ ਭਰੋਸੋਯੋਗ ਨਹੀਂ ਹੁੰਦੇ। ਉਨ੍ਹਾਂ ਦਾ ਮੰਨਣਾ ਹੈ ਕਿ ਇਸ ਟੈਸਟ ਵਿਚ ਡਿਪ੍ਰੈਸ਼ਨ ਅਤੇ ਬਲੱਡ ਪ੍ਰੈਸ਼ਰ ਸਮੇਤ ਕਈ ਬੀਮਾਰੀਆਂ ਦਾ ਅਸਰ ਵੀ ਆ ਜਾਂਦਾ ਹੈ। ਪੰਜਾਬ ਹੈਲਥ ਸਿਸਟਮ ਕਾਰਪੋਰੇਸ਼ਨ ਦੇ ਪ੍ਰਬੰਧਕੀ ਨਿਰਦੇਸ਼ਕ ਵਰੁਣ ਰੂਜ਼ਮ ਨੇ ਕਿਹਾ ਹੈ ਕਿ ਟੈਸਟ ਕਰਾਉਣ ਤੋਂ ਪਹਿਲਾਂ ਲਈ ਜਾ ਰਹੀ ਦਵਾਈ ਬਾਰੇ ਡਾਕਟਰ ਨੂੰ ਜ਼ਰੂਰ ਦੱਸ ਦਿਤਾ ਜਾਵੇ। ਆਮ ਆਦਮੀ ਪਾਰਟੀ ਦੇ ਆਗੂ ਅਤੇ ਵਿਰੋਧੀ ਧਿਰ ਦੇ ਨੇਤਾ ਸੁਖਪਾਲ ਸਿੰਘ ਖਹਿਰਾ ਨੇ ਦੋਸ਼ ਲਾਇਆ ਹੈ ਕਿ ਡੋਪ ਟੈਸਟ ਦਾ ਸ਼ੋਸ਼ਾ ਲੋਕਾਂ ਦਾ ਅਸਲ ਮੁੱਦੇ ਤੋਂ ਧਿਆਨ ਲਾਂਭੇ ਕਰਨ ਦੀ ਚਾਲ ਹੈ। ਉਨ੍ਹਾਂ ਇਹ ਵੀ ਕਿਹਾ ਕਿ ਅਕਾਲੀ-ਭਾਜਪਾ ਦੇ ਰਾਜ ਦੌਰਾਨ ਹੀ ਨਸ਼ੇ ਦਾ ਵਪਾਰ ਸਿਖਰਾਂ 'ਤੇ ਪੁਜਿਆ ਸੀ। ਕੈਬਨਿਟ ਮੰਤਰੀ ਤ੍ਰਿਪਤ ਰਜਿੰਦਰ ਸਿੰਘ ਬਾਜਵਾ ਕਹਿੰਦੇ ਹਨ ਕਿ ਉਨ੍ਹਾਂ ਨੇ ਜ਼ਮੀਰ ਦੀ ਆਵਾਜ਼ ਸੁਣ ਕੇ ਡੋਪ ਟੈਸਟ ਕਰਾਉਣ ਦਾ ਫ਼ੈਸਲਾ ਲਿਆ ਹੈ ਪਰ ਅਕਾਲੀ ਦਲ ਦੇ ਆਗੂ ਇਹ ਟੈਸਟ ਕਰਾਉਣ ਤੋਂ ਟਾਲਾ ਵੱਟ ਰਹੇ ਹਨ।

ਸ਼੍ਰੋਮਣੀ ਅਕਾਲੀ ਦਲ ਦੇ ਮੈਂਬਰ ਪਾਰਲੀਮੈਂਟ ਪ੍ਰੋ. ਪ੍ਰੇਮ ਸਿੰਘ ਚੰਦੂਮਾਜਰਾ ਨੇ ਦੱਸਿਆ ਕਿ ਕੋਰ ਕਮੇਟੀ ਦੀ ਮੀਟਿੰਗ ਵਿਚ ਉਨ੍ਹਾਂ ਦੇ ਹੁੰਦਿਆਂ ਨਸ਼ਿਆਂ ਬਾਰੇ ਕੋਈ ਗੱਲ ਨਹੀਂ ਹੋਈ ਸੀ ਪਰ ਇਹ ਏਜੰਡੇ ਵਿਚ ਸ਼ਾਮਲ ਜ਼ਰੂਰ ਕੀਤਾ ਗਿਆ ਸੀ। ਦਲ ਦੇ ਬੁਲਾਰੇ ਡਾ. ਦਲਜੀਤ ਸਿੰਘ ਚੀਮਾ ਦਾ ਕਹਿਣਾ ਸੀ ਕਿ ਉਹ ਰਾਜ ਤੋਂ ਬਾਹਰ ਹੋਣ ਕਾਰਨ ਕੁਝ ਵੀ ਕਹਿਣ ਦੀ ਹੈਸੀਅਤ ਵਿਚ ਨਹੀਂ ਹਨ।

## ਸ਼੍ਰੋਮਣੀ ਕਮੇਟੀ ਨਸ਼ਿਆਂ ਖ਼ਿਲਾ.ਫ ਚਲਾਏਗੀ ਮੁਹਿੰਮ

**ਚੰਡੀਗੜ੍ਹ/ਬਿਊਰੋ ਨਿਊਜ਼ :** ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀ ਧਰਮ ਪ੍ਰਚਾਰ ਕਮੇਟੀ ਦੀ ਇੱਥੇ ਕਮੇਟੀ ਪ੍ਰਧਾਨ ਗੋਬਿੰਦ ਸਿੰਘ ਲੌਂਗੋਵਾਲ ਦੀ ਅਗਵਾਈ ਵਿੱਚ ਹੋਈ ਇਕੱਤਰਤਾ ਦੌਰਾਨ ਸਮਾਜ ਨੂੰ ਨਸ਼ਿਆਂ ਦੇ ਮਾਰੂ ਪ੍ਰਭਾਵ ਤੋਂ ਬਚਾਉਣ ਲਈ ਜ਼ੋਰਦਾਰ ਮੁਹਿੰਮ ਵਿੱਢਣ ਦਾ ਫ਼ੈਸਲਾ ਕੀਤਾ ਗਿਆ ਹੈ। ਲੌਂਗੋਵਾਲ ਨੇ ਕਿਹਾ ਕਿ ਨਸ਼ਿਆਂ ਖ਼ਿਲਾ.ਫ ਜਾਗਰੂਕਤਾ ਮਾਰਚ ਕੱਢਣ, ਸੈਮੀਨਾਰ ਕਰਵਾਉਣ ਤੇ ਨਾਟਕ ਤਿਆਰ ਕਰਵਾ ਕੇ ਪਿੰਡਾਂ, ਸ਼ਹਿਰਾਂ ਤੇ ਕਸਬਿਆਂ ਵਿੱਚ ਦਿਖਾਉਣ ਦਾ ਫ਼ੈਸਲਾ ਕੀਤਾ ਗਿਆ ਹੈ। ਉਨ੍ਹਾਂ ਦੱਸਿਆ ਕਿ ਨਸ਼ਿਆਂ ਦੇ ਆਦੀ ਹੋ ਚੁੱਕੇ ਜਿਹੜੇ ਲੋਕ ਨਸ਼ਾ ਛੱਡਣੇ ਚਾਹੁਣਗੇ, ਉਨ੍ਹਾਂ ਦਾ ਇਲਾਜ ਗੁਰੂ ਰਾਮਦਾਸ ਹਸਪਤਾਲ, ਅੰਮ੍ਰਿਤਸਰ ਵਿੱਚ ਬਿਲਕੁਲ ਮੁਫ਼ਤ ਇਲਾਜ ਕੀਤਾ ਜਾਵੇਗਾ।

HOTHI FREIGHTLINES
HOTHI FREIGHTLINES
ਸਾਨੂੰ ਓਨਰ ਅਪਰੇਟਰ ਅਤੇ ਡਰਾਈਵਰਾਂ ਦੀ ਲੋੜ ਹੈ।
- California to Michigan, New Jersey Florida & Texas
- Dedicated Load (ਪੱਕੇ ਲੋਡ)



- ਪੈਸਿਆਂ ਦਾ ਭੁਗਤਾਨ ਆਪ ਸਾਨੂੰ ਲੋਡ ਡਲਿਵਰ ਕਰਕੇ ਪੇਪਰ ਦਿਉ ਅਤੇ ਆਪਣੇ ਪੈਸੇ ਲਉ।
- ਸਾਡੇ ਡਿਸਪੈਚਰ ਪੰਜਾਬੀ ਅਤੇ ਇੰਗਲਿਸ਼ ਬੋਲਦੇ ਹਨ।

ਹੋਰ ਜਾਣਕਾਰੀ ਲਈ ਸੰਪਰਕ ਕਰੋ ਜੀ
ਗੁਰਜੀਤ ਸਿੰਘ ਹੋਠੀ (408) 332-9355
248 South Hillview Dr Milpitas CA 95035


Corporate Office
4127 Bay Street, Suite 8
Fremont, CA 94538
Email: asrtimes@gmail.com

ਵਧੇਰੇ ਜਾਣਕਾਰੀ ਤੇ ਖਬਰਾਂ ਲਈ ਸੰਪਰਕ
Tel: (510) 240-5949 • Fax: (888) 323-6950
ਐਡਵਰਟਾਈਜ਼ਮੈਂਟ ਲਈ ਸੰਪਰਕ
(408) 457-6157 • (510) 677-2777 Jai Singh
ਕੌਮਾਂਤਰੀ ਅੰਮ੍ਰਿਤਸਰ ਟਾਈਮਜ਼ 'ਚ ਛਪੇ ਲੇਖਾਂ, ਖ਼ਬਰਾਂ ਅਤੇ ਇਸ਼ਤਿਹਾਰਾਂ ਵਿਚਲੇ ਵਿਚਾਰਾਂ ਨਾਲ ਅਦਾਰਾ ਕੌਮਾਂਤਰੀ ਅੰਮ੍ਰਿਤਸਰ ਟਾਈਮਜ਼ ਅਤੇ ਸੰਪਾਦਕ ਦਾ ਸਹਿਮਤ ਹੋਣਾ ਜ਼ਰੂਰੀ ਨਹੀਂ।
*The opinions expressed in this newspaper donot necessarily represent the views or opinions of the staff or employees of Quomantry Amritsar times. *All Disputes must be Handled in Santa Clara Superior Court.

## ਨਵੰਬਰ-84 ਦੇ ਸਿੱਖ ਕਤਲੇਆਮ ਦੇ ਕੇਸ ’ਚ ਕਾਂਗਰਸੀ ਆਗੂ ਸੱਜਣ ਕੁਮਾਰ ਨੂੰ ਨੋਟਿਸ

**ਨਵੀਂ ਦਿੱਲੀ/ਬਿਊਰੋ ਨਿਊਜ਼ :** ਸੁਪਰੀਮ ਕੋਰਟ ਨੇ ਦਿੱਲੀ ਦੰਗਿਆਂ ਦੇ ਕੇਸਾਂ ਦੀ ਜਾਂਚ ਲਈ ਬਣਾਈ ਵਿਸ਼ੇਸ਼ ਜਾਂਚ ਟੀਮ ਵੱਲੋਂ ਦਾਇਰ ਕੀਤੀ ਇਕ ਅਪੀਲ ‘ਤੇ ਕਾਂਗਰਸ ਆਗੂ ਸੱਜਣ ਕੁਮਾਰ ਤੋਂ ਜਵਾਬ ਮੰਗਿਆ ਹੈ। ਦਿੱਲੀ ਹਾਈ ਕੋਰਟ ਨੇ ਸੱਜਣ ਕੁਮਾਰ ਨੂੰ



ਜ਼ਮਾਨਤ ਦਿੱਤੀ ਸੀ ਜਿਸ ਦੇ ਖ਼ਿਲਾਫ਼ ਐਸਆਈਟੀ ਨੇ ਅਰਜ਼ੀ ਦਾਖ਼ਲ ਕੀਤੀ ਸੀ। ਜਸਟਿਸ ਏਕੇ ਸੀਕਰੀ ਤੇ ਅਸ਼ੋਕ ਭੂਸ਼ਨ ਦੇ ਬੈਂਚ ਨੇ ਕਿਹਾ ਕਿ ਇਹੀ ਵਕਤ ਹੈ ਕਿ ਜਲਦੀ ਤੋਂ ਜਲਦੀ ਇਹ ਕੇਸ ਚਲਾਏ ਜਾਣ। ਬੈਂਚ ਨੇ ਕਿਹਾ ਕਿ ਇਹ 30 ਸਾਲ ਪੁਰਾਣਾ ਕੇਸ ਹੈ ਤੇ ਹਾਈ ਕੋਰਟ ਨੂੰ ਪੇਸ਼ਗੀ ਜ਼ਮਾਨਤ ਦੇਣ ਲਈ ਕਰੀਬ 200 ਸਫ਼ਿਆਂ ਦਾ ਫ਼ੈਸਲਾ ਦੇਣਾ ਪਿਆ ਹਾਲਾਂਕਿ ਅਮੂਮਨ 40-50 ਸਫ਼ਿਆਂ ਵਿੱਚ ਸਰ ਜਾਂਦਾ ਹੈ। ਐਸਆਈਟੀ ਦੀ ਤਰਫ਼ੋਂ ਪੇਸ਼ ਹੋਏ ਐਡੀਸ਼ਨਲ ਸੌਲਿਸਿਟਰ ਮਨਿੰਦਰ ਸਿੰਘ ਨੇ ਕਿਹਾ ਕਿ ਸੱਜਣ ਕੁਮਾਰ ਖ਼ਿਲਾਫ਼ 2016 ਵਿਚ ਹੀ ਜਾਂਚ ਸ਼ੁਰੂ ਹੋ ਸਕੀ ਸੀ ਤੇ ਹੁਣ ਉਹ ਆਪਣੇ ਬਹੁਤ ਸਾਰੇ ਵਕੀਲਾਂ ਨੂੰ ਨਾਲ ਲੈ ਕੇ ਆ ਜਾਂਦੇ ਹਨ ਤੇ ਕੇਸ ਦੇ ਤਫ਼ਤੀਸ਼ੀ ਅਫ਼ਸਰ ਨੂੰ ਆਪਣਾ ਬਿਆਨ ਡਿਕਟੇਟ ਕਰਵਾਉਂਦੇ ਹਨ। ਏਐਸਜੀ ਨੇ ਕਿਹਾ ਕਿ ਮੁਲਜ਼ਮ ਨੂੰ ਪੇਸ਼ਗੀ ਜ਼ਮਾਨਤ ਦਿੰਦਿਆਂ ਹਾਈ ਕੋਰਟ ਨੇ ਕਿਹਾ ਸੀ ਕਿ ਮਾਮਲੇ ਦਾ ਨਿਤਾਰਾ ਮੁਕੱਦਮੇ ‘ਚ ਹੋਵੇਗਾ ਪਰ ਆਖਰ ਉਸ ਨੂੰ ਇਹ ਕਹਿ ਕੇ ਰਾਹਤ ਦੇ ਦਿੱਤੀ ਗਈ ਕਿ ਉਸ ਦੇ ਖ਼ਿਲਾਫ਼ ਕੋਈ ਸਬੂਤ ਹੀ ਨਹੀਂ ਹੈ। ਇਸ ‘ਤੇ ਬੈਂਚ ਨੇ ਕਿਹਾ ਕਿ ਕੀ ਪੇਸ਼ਗੀ ਜ਼ਮਾਨਤ ਵੇਲੇ ਇਸ ਬਾਰੇ ਚਰਚਾ ਹੋਈ ਸੀ। ਮਨਿੰਦਰ ਸਿੰਘ ਨੇ ਹਾਂ ਵਿਚ ਜਵਾਬ ਦਿੰਦਿਆਂ ਕਿਹਾ ਕਿ ਇਹ ਸਥਾਪਤ ਕਾਨੂੰਨ ਦੀ ਨਿਰ੍ਹੀ ਉਲੰਘਣਾ ਹੈ। ਇਸ ਤੋ ਬੈਂਚ ਨੇ ਨੋਟਿਸ ਜਾਰੀ ਕਰ ਦਿੱਤਾ।

*ਜੱਗੀ ਜੌਹਲ ਕੇਸ :*

# ਬਰਤਾਨੀਆ ਦੇ 70 ਤੋਂ ਵੱਧ ਸਾਂਸਦਾ ਨੇ ਪ੍ਰਧਾਨ ਮੰਤਰੀ ਥਰੇਸਾ ਮੇਅ ਨੂੰ ਲਿਖੀ ਚਿੱਠੀ

**ਲੰਡਨ/ਬਿਊਰੋ ਨਿਊਜ਼ :** ਬਰਤਾਨੀਆ ਦੀ ਸੰਸਦ ਦੇ 70 ਤੋਂ ਵੱਧ ਸਾਂਸਦਾ ਨੇ ਪ੍ਰਧਾਨ ਮੰਤਰੀ ਥਰੇਸਾ ਮੇਅ ਨੂੰ ਚਿੱਠੀ ਲਿਖ ਕੇ ਮੰਗ ਕੀਤੀ ਹੈ ਕਿ ਭਾਰਤ ਵਿਚ ਗ੍ਰਿਫਤਾਰ ਕੀਤੇ ਗਏ ਬਰਤਾਨਵੀ ਨੌਜਵਾਨ ਜਗਤਾਰ ਸਿੰਘ ਜੌਹਲ ਦੇ ਕੇਸ ਸਬੰਧੀ ਬਰਤਾਨੀਆ ਦੇ ਵਿਦੇਸ਼ ਸਕੱਤਰ ਵਲੋਂ ਬਰਤਾਨਵੀ ਸੰਸਦ ਵਿਚ ਬਿਆਨ ਜਾਰੀ ਕੀਤਾ ਜਾਵੇ। ਐਮਪੀ ਪ੍ਰੀਤ ਕੌਰ ਗਿੱਲ ਵਲੋਂ ਲਿਖੀ ਚਿੱਠੀ ਵਿਚ ਜਗਤਾਰ ਸਿੰਘ ਜੌਹਲ ‘ਤੇ ਭਾਰਤ ਵਿਚ ਹੋਏ ਤਸ਼ੱਦਦ ਦਾ ਜ਼ਿਕਰ ਕੀਤਾ ਗਿਆ ਹੈ। ਇਸ ਚਿੱਠੀ ਉੱਤੇ 70 ਤੋਂ ਵੱਧ ਸਾਂਸਦਾ ਨੇ ਹਸਤਾਖਰ ਕਰਕੇ ਇਸ ਨੂੰ ਪ੍ਰਧਾਨ ਮੰਤਰੀ ਥਰੇਸਾ ਮੇਅ ਨੂੰ ਭੇਜਿਆ ਹੈ। ਇਸੇ ਤਰ੍ਹਾਂ ਹੋਰ ਬਰਤਾਨਵੀ ਐਮਪੀਜ਼ ਵਲੋਂ ਲਿਖੀਆਂ ਗਈਆਂ ਚਿੱਠੀਆਂ ਵਿਚ ਜਗਤਾਰ ਸਿੰਘ ਜੌਹਲ ‘ਤੇ ਭਾਰਤ ਵਿਚ ਹੋਏ ਤਸ਼ੱਦਦ ਦਾ ਜ਼ਿਕਰ ਕਰਦਿਆਂ ਕਿਹਾ ਗਿਆ ਹੈ ਕਿ ਸੰਯੁਕਤ ਰਾਸ਼ਟਰ ਦੀ ਤਸ਼ੱਦਦ ਖਿਲਾਫ ਸੰਸਥਾ ਵਲੋਂ ਭਾਰਤ ਸਰਕਾਰ ਤੋਂ ਇਸ ਕੇਸ ਸਬੰਧੀ ਜਵਾਬ



ਮੰਗਿਆ ਗਿਆ ਸੀ ਪਰ ਭਾਰਤ ਸਰਕਾਰ ਨੇ ਕੋਈ ਜਵਾਬ ਨਹੀਂ ਦਿੱਤਾ। ਬਰਤਾਨਵੀ ਸਿੱਖਾਂ ਲਈ ਸਰਬ ਪਾਰਟੀ ਪਾਰਲੀਮੈਂਟਰੀ ਗਰੁੱਪ ਦੀ ਚੇਅਰਮੈਨ ਐਮਪੀ ਪ੍ਰੀਤ ਕੌਰ ਗਿੱਲ ਨੇ ਕਿਹਾ ਕਿ ਉਹ ਜਗਤਾਰ ਸਿੰਘ ਦੇ ਹਲਕੇ ਨਾਲ ਸਬੰਧਿਤ ਸਾਂਸਦ ਮਾਰਟਿਨ ਦੇ ਲਗਾਤਾਰ ਸੰਪਰਕ ਵਿਚ ਹਨ ਅਤੇ ਇਸ ਕੇਸ ਸਬੰਧੀ ਜਗਤਾਰ ਸਿੰਘ ਦੀ ਗ੍ਰਿਫਤਾਰੀ ਦੇ ਸਮੇਂ ਤੋਂ ਵਿਦੇਸ਼ ਅਤੇ ਕਾਮਨਵੈਲਥ ਦਫਤਰ ਨਾਲ ਸੰਪਰਕ ਰੱਖਿਆ ਹੋਇਆ ਹੈ। ਉਹਨਾਂ ਕਿਹਾ ਕਿ ਇਸ ਕੇਸ ਸਬੰਧੀ ਉਹ ਪੰਜਾਬ ਦੇ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੂੰ ਵੀ ਲਿਖ ਚੁੱਕੇ ਹਨ ਪਰ ਕੋਈ ਜਵਾਬ ਨਹੀਂ ਮਿਲਿਆ।

ਪ੍ਰਧਾਨ ਮੰਤਰੀ ਥਰੇਸਾ ਮੇਅ ਨੂੰ ਲਿਖੀ ਚਿੱਠੀ ਵਿਚ ਕਿਹਾ ਗਿਆ ਹੈ ਭਾਰਤ ਵਿਚ ਜਗਤਾਰ ਸਿੰਘ ਜੌਹਲ ‘ਤੇ ਤਸ਼ੱਦਦ ਨਾ ਹੋਣ ਨੂੰ ਯਕੀਨੀ ਬਣਾਇਆ ਜਾਵੇ ਤੇ ਭਾਰਤ ਸਰਕਾਰ ਨੂੰ ਸੰਯੁਕਤ ਰਾਸ਼ਟਰ ਦੀ ਸੰਸਥਾ ਵਲੋਂ ਕੀਤੀ ਗਈ ਅਪੀਲ ‘ਤੇ ਜਵਾਬ ਦੇਣ ਲਈ ਕਿਹਾ ਜਾਵੇ।

# ਇੰਗਲੈਂਡ ’ਚ ਸਿੱਖਾਂ ਦੇ ਆਖ਼ਰੀ ਮਹਾਰਾਜਾ ਮਹਾਰਾਜਾ ਦਲੀਪ ਸਿੰਘ ਦੀ 125ਵੀਂ ਬਰਸੀ ਮੌਕੇ ਹੋਵੇਗਾ ਸ਼ਾਨਦਾਰ ਸਮਾਗਮ

**ਲੰਦਨ/ਬਿਊਰੋ ਨਿਊਜ਼ :**

ਲੰਦਨ ਦੇ ਪੂਰਬੀ ਐਂਜਲੀਆ ਖੇਤਰ ਵਿਚ ਸਿੱਖ ਸਾਮਰਾਜ ਦੇ ਆਖ਼ਰੀ ਮਹਾਰਾਜਾ, ਮਹਾਰਾਜਾ ਦਲੀਪ ਸਿੰਘ ਦੀ 125ਵੀਂ ਬਰਸੀ ਸ਼ਾਨਦਾਰ ਢੰਗ ਨਾਲ ਮਨਾਈ ਜਾ ਰਹੀ ਹੈ। ਇਸ ਮੌਕੇ ਦੋ ਹਫ਼ਤੇ ਦਾ ਲੰਮਾ ਪੰਜਾਬੀ ਫ਼ੈਸਟੀਵਲ ਹੋਵੇਗਾ। ਨਾਰਫ਼ੋਕ ਦੇ ਥੈਟਫ਼ੋਰਡ ਵਿਚ ਇਲੈਵਡਨ ਮੈਨਰ ਮਹਾਰਾਜਾ ਦਲੀਪ ਸਿੰਘ ਦਾ ਘਰ ਹੁੰਦਾ ਸੀ। ਇਸ ਫ਼ੈਸਟੀਵਲ ਵਿਚ ਇਕ ਵਿਸ਼ੇਸ਼ ਫ਼ਿਲਮ ‘ਪੰਜਾਬ ਤੋਂ ਥੈਟਫ਼ੋਰਡ’ ਵਿਖਾਈ ਜਾਵੇਗੀ। ਇਹ ਫ਼ਿਲਮ ਫ਼ੈਸਟੀਵਲ ਦੇ ਆਖ਼ਰੀ ਦਿਨ 21 ਜੁਲਾਈ ਨੂੰ ਵਿਖਾਈ ਜਾਵੇਗੀ। ਇਸ ਫ਼ਿਲਮ ਦੀ ਕਹਾਣੀਕਾਰ ਤੇ ਇਤਿਹਾਸਕਰ ਸੀਮਾ ਆਨੰਦ ਨੇ ਕਿਹਾ ਕਿ ਥੈਟਫ਼ੋਰਡ ਵਿਖੇ ਮਹਾਰਾਜਾ ਦਲੀਪ ਸਿੰਘ ਨੇ ਆਪਣੇ ਜੀਵਨ ਦੇ ਕਈ ਸਾਲ ਬਿਤਾਏ ਸਨ। ਇਥੇ ਉਹ ਅਪਣੀ ਪਤਨੀ ਅਤੇ ਬੱਚੇ ਨਾਲ ਰਹਿੰਦੇ ਸਨ ਜਿਥੇ ਬਾਅਦ ਵਿਚ ਉਨ੍ਹਾਂ ਦੀ ਖ਼ੁਦ ਦੀ, ਪਤਨੀ ਦੀ ਅਤੇ ਨਾਬਾਲਗ਼ ਬੱਚੇ ਦੀ ਮੌਤ ਤੋਂ ਬਾਅਦ ਦਫ਼ਨਾ ਦਿਤਾ ਗਿਆ ਸੀ।

ਇਸ ਮੌਕੇ ਇੰਗਲੈਂਡ ਦੇ ਈਸਟ ਐਂਗਲੀਆ ਖਿੱਤੇ ਵੱਲੋਂ ਅੰਮ੍ਰਿਤਸਰ ਨੂੰ ਜੁੜਵੇਂ ਸ਼ਹਿਰ ਟਵਿਨ ਸਿਟੀ ਦਾ ਦਰਜਾ ਦਿੱਤਾ ਜਾਵੇਗਾ। ‘ਸੌਵਰਨ, ਸਕੁਆਇਰ ਐਂਡ ਰੈਬਲ : ਮਹਾਰਾਜਾ ਦਲੀਪ ਸਿੰਘ ਐਂਡ ਦਿ ਹੀਅਰਜ਼ ਆਫ ਏ ਲੌਸਟ ਕਿੰਗਡਮ’ ਦੇ ਲੇਖਕ ਤੇ ਇਤਿਹਾਸਕਾਰ ਪੀਟਰ ਬੈਂਸ ਦੱਸਦੇ ਹਨ, ਕਿ “ ਥੈੱਟਫੋਰਡ ਤੇ ਐਲਵੀਡਨ ਨਾਲ ਮਹਾਰਾਜੇ ਦੀਆਂ ਬਹੁਤ ਮਿੱਠੀਆਂ ਯਾਦਾਂ ਜੁੜੀਆਂ ਹੋਈਆਂ ਹਨ,



ਜਿੱਥੇ ਉਨ੍ਹਾਂ ਆਪਣਾ ਬਾਲਪਣ ਬਿਤਾਇਆ ਸੀ ਤੇ ਇਹ ਉਹ ਥਾਂ ਸੀ ਜਿੱਥੇ ਉਹ ਪੰਜਾਬ ਦੀ ਸਿਆਸਤ ਤੇ ਵਾਈਟਹਾਲ ਬਰਤਾਨਵੀ ਸਰਕਾਰ ਦੀਆਂ ਕਠਪੁਤਲੀਆਂ ਤੋਂ ਬੇਲਾਗ ਸ਼ਾਂਤੀ ਨਾਲ ਰਹਿੰਦੇ ਸਨ। ਸ਼ਾਇਦ ਇਹੀ ਜਗ੍ਹਾ ਸੀ ਜਿੱਥੇ ਉਹ ਸਭ ਤੋਂ ਵੱਧ ਖ਼ੁਸ਼ੀਆਂ ਮਾਣਦੇ ਸਨ। ”

ਪਿਛਲੇ ਸਾਲ ਅਪਣੀ ਫ਼ਿਲਮ ‘ਬਲੈਕ ਪ੍ਰਿੰਸ’ ਦੀ ਸ਼ੂਟਿੰਗ ਦੌਰਾਨ ਪੰਜਾਬੀ ਗਾਇਕ ਤੇ ਕਲਾਕਾਰ ਸਤਿੰਦਰ ਸਰਤਾਜ ਨੇ ਥੈਟਫ਼ੋਰਡ ਜਾ ਕੇ ਮਹਾਰਾਜਾ ਦਲੀਪ ਸਿੰਘ ਦੀ ਸਮਾਧੀ ‘ਤੇ ਸ਼ਰਧਾਂਜਲੀ ਦਿਤੀ ਸੀ। ਸ਼ੁਰੂ ਹੋਣ ਜਾ ਰਹੇ ਇਸ ਪੰਜਾਬੀ ਫ਼ੈਸਟੀਵਲ ਵਿਚ ਕਈ ਭਾਰਤੀ ਕਲਾਕਾਰ ਵੀ ਹਿੱਸਾ ਲੈਣਗੇ। ਉਨ੍ਹਾਂ ਕਿਹਾ ਕਿ ਦੋ ਹਫ਼ਤੇ ਤਕ ਚਲਣ ਵਾਲੇ ਪੰਜਾਬੀ ਫ਼ੈਸਟੀਵਲ ਵਿਚ ਬਰਤਾਨੀਆ ਲਈ ਸਿੱਖਾਂ ਵਲੋਂ ਨਿਭਾਈ ਗਈ ਅਹਿਮ ਭੂਮਿਕਾ ਨੂੰ ਵਿਖਾਇਆ ਜਾਵੇਗਾ। ਨਾਰਫੋਕ ਵਿਖੇ ਉਸੇ ਤਰ੍ਹਾਂ ਹੀ ਮਹਾਰਾਜਾ ਦਲੀਪ ਸਿੰਘ ਦਾ ਬੁੱਤ ਲਗਾਇਆ ਗਿਆ ਹੈ ਜਿਵੇਂ ਦਾ ਬੁੱਤ ਪੰਜਾਬ ਦੇ

ਬਾਕੀ ਸਫ਼ਾ 28 ’ਤੇ



# ਆਰਐਸਐਸ ਦੇ ਭਗਤ ਚੀਨੀ ਮਾਲ ਦਾ ਬਾਈਕਾਟ ਕਰਨ 'ਚ ਜੁਟੇ

- **ਮੋਦੀ ਜੀ ਲੈ ਆਏ ਪੂਰਾ ਬੈਂਕ ਆਫ਼ ਚਾਇਨਾ!**
- **2019 ਦਾ ਮੁੱਦਾ ਮੋਦੀ ਹਟਾਓ ਬਨਾਮ ਮੋਦੀ ਦੀ ਵਿਕਾਸ ਮੁਹਿੰਮ**



**ਨਵੀਂ ਦਿੱਲੀ/ਬਿਊਰੋ ਨਿਊਜ਼ :**
ਕਈ ਸਾਲਾਂ ਤੋਂ ਆਰਐਸਐਸ ਤੇ ਉਸ ਨਾਲ ਸੰਬੰਧਿਤ ਸੰਗਠਨਾਂ ਦੁਆਰਾ ਚਲਾਇਆ ਜਾ ਰਿਹਾ ਚੀਨ ਦੇ ਉਤਪਾਦਾਂ ਦੇ ਬਾਈਕਾਟ ਦਾ ਅੰਦੋਲਨ ਸਭ ਨੂੰ ਯਾਦ ਹੋਵੇਗਾ ਜਿਸ ਦਾ ਮੁੱਖ ਨਾਅਰਾ ਸੀ 'ਅਸੀਂ ਸੈਨਿਕ ਚੀਨ ਨਾਲ ਸਰਹੱਦ 'ਤੇ ਲੜ ਲਵਾਂਗੇ, ਤੁਸੀਂ ਬਾਜ਼ਾਰ ਸੰਭਾਲ ਲੈਣਾ'। ਹੁਣੇ ਜਿਹੇ ਮੀਡੀਆ ਵਿਚ ਇਹ ਖ਼ਬਰ ਸੀ ਕਿ ਰਿਜ਼ਰਵ ਬੈਂਕ ਨੇ 'ਬੈਂਕ ਆਫ ਚਾਇਨਾ' ਨਾਲ ਭਾਰਤ ਵਿਚ ਕੰਮ ਕਰਨ ਲਈ ਸਮਝੌਤਾ ਕੀਤਾ ਹੈ। ਪ੍ਰਧਾਨ ਮੰਤਰੀ ਮੋਦੀ ਨੇ ਚੀਨੀ ਨੇਤਾਵਾਂ ਨੂੰ ਇਸ ਦਾ ਭਰੋਸਾ ਦਿੱਤਾ ਹੈ। ਮੋਦੀ ਜੀ ਦੇ ਵਾਰ-ਵਾਰ ਚੀਨ ਜਾਣ ਦਾ ਰਹੱਸ ਹੁਣ ਖੁੱਲ੍ਹਣ ਲੱਗਾ ਹੈ। ਮੋਦੀ ਆਪਣੇ ਵਾਅਦੇ ਪੂਰੇ ਕਰ ਰਹੇ ਹਨ, ਜੋ ਉਨ੍ਹਾਂ ਨੇ ਚੀਨੀ ਰਾਸ਼ਟਰਪਤੀ ਨਾਲ ਕੀਤੇ ਸਨ। ਬੈਂਕ ਆਫ ਚਾਇਨਾ ਭਾਰਤ ਵਿਚ ਕੰਮ ਕਰੇ, ਪਹਿਲੀ ਨਜ਼ਰ ਵਿਚ ਇਹ ਕੋਈ ਵੱਡੀ ਗੱਲ ਨਹੀਂ ਹੈ। ਭਾਰਤ ਵਿਚ ਪਹਿਲਾਂ ਤੋਂ ਹੀ ਲੱਗਭੱਗ 45 ਵਿਦੇਸ਼ੀ ਬੈਂਕ ਆਪਣੀਆਂ ਬ੍ਰਾਂਚਾਂ ਇਥੇ ਚਲਾ ਰਹੇ ਹਨ ਪਰ ਬੈਂਕ ਆਫ ਚਾਇਨਾ ਇਨ੍ਹਾਂ ਸਭ ਬੈਂਕਾਂ ਤੋਂ ਕਾਫੀ ਹਟਵਾਂ ਤੇ ਵਿਲੱਖਣ ਹੈ। ਬੈਂਕ ਆਫ ਚਾਇਨਾ ਚੀਨ ਦੇ ਵੱਡੇ ਸਰਕਾਰੀ ਬੈਂਕਾਂ ਵਿਚੋਂ ਇਕ ਹੈ ਤੇ ਦੁਨੀਆਂ ਦੇ ਵੱਡੇ ਬੈਂਕਾਂ ਵਿਚ ਸ਼ਾਮਲ ਹੈ। ਬੈਂਕ ਆਫ ਚਾਇਨਾ, ਆਸਟਰੇਲੀਆ, ਸਪੇਨ, ਜਰਮਨੀ, ਫਰਾਂਸ, ਬ੍ਰਿਟੇਨ, ਇਟਲੀ ਮਲੇਸ਼ੀਆ, ਦੱਖਣੀ ਅਫਰੀਕਾ, ਸਿੰਗਾਪੁਰ, ਜਪਾਨ ਆਦਿ ਸਮੇਤ ਕੁੱਲ 27 ਦੇਸ਼ਾਂ ਵਿਚ ਕੰਮ ਕਰਦਾ ਹੈ। ਬੈਂਕ ਆਫ ਚਾਇਨਾ ਨੇ ਜੁਲਾਈ 2016 ਵਿਚ ਵੀ ਰਿਜ਼ਰਵ ਬੈਂਕ ਵਿਚ ਬੈਂਕਿੰਗ ਲਾਇਸੈਂਸ ਲਈ ਅਰਜ਼ੀ ਦਿੱਤੀ ਸੀ ਪਰ ਉਸੇ ਵਕਤ ਬੈਂਕ ਉਤੇ ਇਜ਼ਰਾਈਲ ਨੂੰ ਨਿਸ਼ਾਨਾ ਬਣਾਉਣ ਵਾਲੇ ਅੱਤਵਾਦੀ ਸੰਗਠਨ ਹਮਾਸ ਨੂੰ ਫੰਡਿੰਗ ਕਰਨ ਦੇ ਦੋਸ਼ ਲੱਗੇ ਸਨ। ਹਾਲਾਂ ਕਿ ਬੈਂਕ ਨੇ ਸਾਫ਼ ਤੌਰ 'ਤੇ ਇਨ੍ਹਾਂ ਦੋਸ਼ਾਂ ਨੂੰ ਰੱਦ ਕੀਤਾ ਸੀ ਤੇ ਕਿਹਾ ਸੀ ਕਿ ਉਹ ਸੰਯੁਕਤ ਰਾਸ਼ਟਰ ਦੇ ਐਂਟੀ ਮਨੀ ਲਾਡਰਿੰਗ ਤੇ ਐਂਟੀ ਟੇਰੋਰਿਸਟ ਫੰਡਿੰਗ ਨਿਯਮਾਂ ਤੇ ਸ਼ਰਤਾਂ ਦਾ ਪੂਰੀ ਤਰ੍ਹਾਂ ਪਾਲਣ ਕਰਦਾ ਹੈ। ਇਸ ਦੇ ਜਵਾਬ ਵਿਚ ਰਿਜ਼ਰਵ ਬੈਂਕ ਸੰਤੁਸ਼ਟ ਹੋ ਗਿਆ। ਤਦ ਹੀ ਬੈਂਕ ਆਫ਼ ਚਾਇਨਾ ਨੂੰ ਬੈਂਕਿੰਗ ਲਾਇਸੈਂਸ ਦਿੱਤਾ ਗਿਆ ਸੀ। ਵੈਸੇ ਸੁਆਲ ਇਹ ਉਠ ਰਿਹਾ ਹੈ ਕਿ ਜੇ ਇਜ਼ਰਾਈਲ ਨੂੰ ਨਿਸ਼ਾਨਾ ਬਣਾਉਣ ਵਾਲੇ ਹਮਾਜ ਨੂੰ ਫੰਡਿੰਗ ਕਰ ਸਕਦਾ ਹੈ, ਉਹ ਆਈਐਸਆਈ ਨੂੰ ਫੰਡਿੰਗ ਕਿਉਂ ਨਹੀਂ ਕਰ ਸਕਦਾ। ਆਖਿਰ ਪਾਕਿਸਤਾਨ ਤੇ ਚੀਨ ਦੀ ਮਿੱਤਰਤਾ ਬਾਰੇ ਸਭ ਨੂੰ ਗਿਆਨ ਹੈ। ਹੁਣੇ ਜਿਹੇ ਦੋ ਸਾਲਾਂ ਵਿਚ ਅਜਿਹਾ ਕੀ ਹੋਇਆ ਜੋ ਬੈਂਕ ਆਫ ਚਾਇਨਾ ਭਾਰਤ ਵਿਚ ਆਉਣ ਦੇ ਲਈ ਬਹੁਤ ਜ਼ਿਆਦਾ ਦਿਲਚਸਪੀ ਦਿਖਾ ਰਿਹਾ ਹੈ। ਦਰਅਸਲ ਭਾਰਤ ਵਿਚ ਆਈਬੀਸੀ ਨੂੰ ਮਨਜ਼ੂਰੀ ਦੇ ਦਿੱਤੀ ਗਈ। ਹੁਣ ਅਚਾਨਕ ਹੀ ਕੌਮਾਂਤਰੀ ਨਿਵੇਸ਼ਕਾਂ ਨੂੰ ਭਾਰਤ ਵਿਚ ਨਿਵੇਸ਼ ਕਰਨ ਦੀ ਦਿਲਚਸਪੀ ਪੈਦਾ ਹੋ ਗਈ ਹੈ। ਇਕ ਹੀ ਦਿਨ ਨੂੰ ਸਹਾਰਾ ਦਾ 25 ਪ੍ਰਤੀਸ਼ਤ ਹਿੱਸੇਦਾਰੀ ਵਾਲਾ ਨਿਊਯਾਰਕ ਸਥਿਤ ਹੋਟਲ ਦਾ ਸੌਦਾ ਹੋਣਾ ਸਿਰਫ਼ ਸੰਯੋਗ ਨਹੀਂ ਹੈ, ਕਿਉਂਕਿ ਸਹਾਰਾ ਜਿਸ ਵਿਦੇਸ਼ੀ ਕਰਜ਼ ਦੇਣ ਵਾਲੇ ਬੈਂਕ ਨਾਲ ਆਪਣੀ ਵਿਦੇਸ਼ੀ ਸੰਪਤੀ ਵੇਚਣ ਲਈ ਗੱਲ ਕਰ ਰਿਹਾ ਹੈ, ਉਹ ਬੈਂਕ ਆਫ ਚਾਇਨਾ ਹੀ ਸੀ। ਬੈਂਕ ਆਫ ਚਾਇਨਾ ਸਾਧਾਰਨ ਬੈਂਕ ਨਹੀਂ, ਬੈਂਕ ਆਫ ਚਾਇਨਾ ਅਰਥਾਤ ਐਸਬੀਪੀ ਚੀਨ ਸਰਕਾਰ ਦੁਆਰਾ ਚਲਾਈ ਜਾ ਰਹੀ ਇਨਵੈਸਟਮੈਂਟ ਕੰਪਨੀ ਚਾਇਨਾ ਸੈਂਟਰਲ ਹੁਈਜਿਨ ਦੇ ਅਧੀਨ ਕੰਮ ਕਰਦਾ ਹੈ। ਇਹ ਬੈਂਕ 50 ਦੇਸ਼ਾਂ ਵਿਚ ਫੈਲਿਆ ਹੋਇਆ ਹੈ, ਜਿਸ ਵਿਚ 19 ਚੀਨ ਦੇ 'ਵਨ ਰੋਡ ਬੈਲਟ ਯੋਜਨਾ' ਦੇ ਤਹਿਤ ਆਉਂਦੇ ਹਨ। ਓਬੀਆਰ ਅਰਥਾਤ ਵਨ ਰੋਡ ਯੋਜਨਾ ਵਿਸ਼ਵ ਵਪਾਰ ਨੂੰ ਆਪਣੇ ਕਬਜ਼ੇ ਵਿਚ ਕਰ ਲੈਣ ਦੀ ਚੀਨ ਦੁਆਰਾ ਚਲਾਈ ਜਾ ਰਹੀ ਸਭ ਤੋਂ ਮਹੱਤਵਪੂਰਨ ਯੋਜਨਾ ਹੈ। ਭਾਰਤ ਵਿਚ ਪਾਕਿ ਅਧਿਕਾਰਿਤ ਕਸ਼ਮੀਰ ਤੋਂ ਇਹ ਸੜਕ ਬਣਨ ਵਾਲੀ ਹੈ। ਸ਼ੁਰੂ ਤੋਂ ਭਾਰਤ ਇਸ ਯੋਜਨਾ ਦਾ ਵਿਰੋਧ ਕਰਦਾ ਸੀ, ਪਰ ਬੈਂਕ ਆਫ ਚਾਇਨਾ ਨੂੰ ਬੈਂਕ ਖੋਲ੍ਹਣ ਦੀ ਪ੍ਰਵਾਨਗੀ ਦੇਣ ਤੋਂ ਬਾਅਦ ਮੋਦੀ ਸਰਕਾਰ ਹੁਣ ਆਪਣੇ ਪੁਰਾਣੇ ਸਟੈਂਡ ਤੋਂ ਪਿੱਛੇ ਹੱਟ ਰਹੀ ਹੈ। ਓਬੀਓਆਰ ਯੋਜਨਾ ਇਸ ਲਈ ਵੀ ਖਤਰਨਾਕ ਹੈ, ਓਬੀਓਆਰ ਕਿਉਂਕਿ ਇਸ ਦੇ ਹੇਠਾਂ ਇਸ ਨਾਲ ਜੁੜੇ ਦੇਸਾਂ ਨੂੰ ਇਂਫਰਾਸਟ੍ਰਕਚਰ ਨਿਰਮਾਣ ਦੇ ਲਈ ਚੀਨ ਕਰਜ਼ ਦਿੰਦਾ ਹੈ ਤੇ ਇਸ ਦੇ ਬਦਲੇ ਵਿਚ ਇਨ੍ਹਾਂ ਦੇਸ਼ਾਂ ਨੂੰ ਯੋਜਨਾ ਤੇ ਨਿਰਮਾਣ ਦਾ ਸਾਰਾ ਕੰਮ ਚੀਨੀ ਕੰਪਨੀਆਂ ਤੋਂ ਹੀ ਕਰਾਉਣਾ ਹੁੰਦਾ ਹੈ। ਇਸ ਵਿਚ ਚੀਨ ਦਾ ਦਬਦਬਾ ਪੂਰੇ ਭਾਰਤ ਵਿਚ ਵਧਦਾ ਜਾ ਰਿਹਾ ਹੈ। ਭਾਰਤ ਵਿਚ ਪਾਵਰ ਸੈਕਟਰ ਵਿਚ ਵੱਡੇ ਪੈਮਾਨੇ 'ਤੇ ਬੈਂਕ ਆਫ ਚਾਇਨਾ ਨੇ ਅਡਾਨੀ, ਰਿਲਾਇੰਸ, ਟਾਟਾ ਪਾਵਰ ਆਦਿ ਨੂੰ ਲੋਨ ਦਿੱਤਾ ਹੈ ਤੇ ਹੋ ਸਕਦਾ ਹੈ ਕਿ ਇਸ ਦੇ ਬਦਲੇ ਵਿਚ ਭਾਰਤ ਦੇ ਬਹੁਮੁੱਲੇ ਖਣਿਜ ਭੰਡਾਰਾਂ ਨੂੰ ਇਨ੍ਹਾਂ ਪੂੰਜੀਪਤੀਆਂ ਨੇ ਚੀਨ ਕੋਲ ਗਿਰਵੀ ਰੱਖ ਦਿੱਤਾ ਹੋਵੇ। ਇਸ ਲਈ ਤੁਸੀਂ ਬੈਂਕ ਆਫ ਚਾਇਨਾ ਦੀ ਭਾਰਤ ਵਿਚ ਆਮਦ ਨੂੰ ਸਾਧਾਰਨ ਗੱਲ ਨਾ ਸਮਝੋ। ਇਸ ਦੇ ਬਹੁਤ ਹੀ ਛੁਪੇ ਹੋਏ ਮਤਲਬ ਹਨ, ਜੋ ਹੌਲੀ ਹੌਲੀ ਸਾਹਮਣੇ ਆਉਣਗੇ। ਹਾਲੇ ਤੁਸੀਂ ਮੋਦੀ, ਅਡਾਨੀ, ਅੰਬਾਨੀ ਦੀ ਰਾਜਨੀਤੀ ਬਾਰੇ ਗਿਆਨ ਨਹੀਂ ਰੱਖਦੇ, ਕਿਉਂਕਿ ਉਹ ਅੱਜ ਦੇ ਹੀ ਅਚਾਰੀਆ ਚਾਣਕ ਹਨ।

2019 ਦੀ ਚੋਣ ਦਾ ਮੁੱਦਾ : ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਮਿਸ਼ਨ 2019 ਦੇ ਲਈ ਤੇ ਏਜੰਡਾ ਤੇ ਮੁੱਦੇ ਜਨਤਾ ਦੇ ਸਾਹਮਣੇ ਰੱਖ ਦਿੱਤੇ ਹਨ। ਇਕ ਵੈਬਸਾਈਟ ਸਵਰਾਜ ਨੂੰ ਦਿੱਤੇ ਗਏ ਇੰਟਰਵਿਊ ਵਿਚ ਪ੍ਰਧਾਨ ਮੰਤਰੀ ਮੋਦੀ ਨੇ ਵਿਰੋਧੀ ਧਿਰਾਂ ਵਲੋਂ ਮਹਾਂਗਠਜੋੜ ਬਣਾਉਣ ਦੀਆਂ ਕੋਸ਼ਿਸ਼ਾਂ ਦਾ ਸਖ਼ਤ ਨੋਟਿਸ ਲਿਆ ਹੈ। ਉਨ੍ਹਾਂ ਨੇ ਕਿਹਾ ਕਿ ਇਹ ਗੱਠਜੋੜ ਦੇਸ਼ ਦੇ ਹਿੱਤ ਵਿਚ ਨਹੀਂ ਹੈ। ਇਹ ਤਾਂ ਆਪਣੀ ਹੋਂਦ ਬਚਾਉਣ ਦੇ ਲਈ ਲੜਾਈ ਲੜ ਰਹੇ ਹਨ। ਪ੍ਰਧਾਨ ਮੰਤਰੀ ਨੇ ਦੋਸ਼ ਲਗਾਇਆ ਕਿ ਵਿਰੋਧੀ

**ਬਾਕੀ ਸਫ਼ਾ 28 'ਤੇ**

# ਭਾਰਤ ਦੇ ਬੈਂਕ ਮੋਦੀ ਦੀ ਨੀਤੀਆਂ ਕਾਰਨ ਘਾਟੇ 'ਚ ਜਾਣ ਲੱਗੇ




**ਨਵੀਂ ਦਿੱਲੀ/ਬਿਊਰੋ ਨਿਊਜ਼ :**
ਪ੍ਰਧਾਨ ਮੰਤਰੀ ਨਰਿੰਦਰ ਮੋਦੀ ਤੇ ਉਸ ਦੇ ਮੰਤਰੀ-ਮੰਡਲ ਦੇ ਸਹਿਯੋਗੀ ਦਾਅਵੇ ਤਾਂ ਇਹ ਕਰਦੇ ਹਨ ਕਿ ਉਨ੍ਹਾਂ ਦੀ ਸਰਕਾਰ ਕੌਮੀ ਹਿੱਤਾਂ ਨੂੰ ਪ੍ਰਣਾਈ ਹੋਈ ਹੈ, ਪਰ ਜੇ ਉਨ੍ਹਾਂ ਦੇ ਅਮਲਾਂ ਨੂੰ ਵੇਖਿਆ ਜਾਵੇ ਤਾਂ ਨਿਰਾਸ਼ਾ ਹੀ ਪੱਲੇ ਪੈਂਦੀ ਹੈ। ਭਾਰਤ ਦੇ ਕੌਮੀ ਬੈਂਕਾਂ ਦੇ ਵਧਦੇ ਐੱਨ ਪੀ ਏ ਤੇ ਲਗਾਤਾਰ ਉਨ੍ਹਾਂ ਦੇ ਘਾਟੇ ਵਿੱਚ ਜਾਣ ਕਾਰਨ ਚਿੰਤਾ ਵਿੱਚ ਡੁੱਬਿਆ ਨਜ਼ਰ ਆਉਂਦਾ ਹੈ। ਪਹਿਲਾਂ ਤਾਂ ਸਰਕਾਰ ਇਹ ਬਹਾਨਾ ਪੇਸ਼ ਕਰਦੀ ਸੀ ਕਿ ਪਿਛਲੀ ਯੂ ਪੀ ਏ ਦੀ ਸਰਕਾਰ ਦੀ ਅਣਗਹਿਲੀ ਕਾਰਨ ਐੱਨ ਪੀ ਏ ਵਿੱਚ ਵਾਧਾ ਹੋਇਆ ਹੈ, ਪਰ ਜਦੋਂ ਰਿਜ਼ਰਵ ਬੈਂਕ ਵੱਲੋਂ ਇਹ ਤੱਥ ਪੇਸ਼ ਕੀਤੇ ਗਏ ਕਿ ਮੌਜੂਦਾ ਸਰਕਾਰ ਦੇ ਸ਼ਾਸਨ ਕਾਲ ਦੌਰਾਨ ਐੱਨ ਪੀ ਏ ਸਾਢੇ ਸੱਤ ਲੱਖ ਕਰੋੜ ਰੁਪਿਆਂ ਤੋਂ ਵਧ ਕੇ ਦਸ ਲੱਖ ਕਰੋੜ ਰੁਪਿਆਂ ਤੱਕ ਪਹੁੰਚ ਗਿਆ ਹੈ ਤੇ ਜਨਤਕ ਮਾਲਕੀ ਵਾਲੇ ਦੋ ਬੈਂਕਾਂ ਤੋਂ ਬਿਨਾਂ ਸਾਰੇ ਬੈਂਕ ਲਗਾਤਾਰ ਘਾਟੇ ਵਿੱਚ ਜਾ ਰਹੇ ਹਨ ਤਾਂ ਐੱਨ ਡੀ ਏ ਸਰਕਾਰ ਤੇ ਖ਼ਾਸ ਕਰ ਕੇ ਖ਼ਜ਼ਾਨਾ ਮੰਤਰੀ ਅਰੁਣ ਜੇਤਲੀ ਤੇ ਉਨ੍ਹਾਂ ਦੀ ਥਾਂ ਹੁਣ ਆਰਜ਼ੀ ਤੌਰ 'ਤੇ ਇਹ ਜ਼ਿੰਮੇਵਾਰੀ ਨਿਭਾ ਰਹੇ ਪਿਊਸ਼ ਗੋਇਲ ਇਸ ਦਾ ਕੋਈ ਢੁੱਕਵਾਂ ਜੁਆਬ ਦੇਣ ਵਿੱਚ ਆਪਣੇ ਆਪ ਨੂੰ ਅਸਮਰੱਥ ਮਹਿਸੂਸ ਕਰ ਰਹੇ ਹਨ।

ਹੁਣ ਸਰਕਾਰ ਨੇ ਜਨਤਕ ਬੈਂਕਾਂ ਦੇ ਲਗਾਤਾਰ ਘਾਟੇ ਵਿੱਚ ਜਾਣ ਤੋਂ ਬਚਾਅ ਕਰਨ ਲਈ ਇੱਕ ਨਵਾਂ ਮਾਰੂ ਰਾਹ ਲੱਭਿਆ ਹੈ। ਪਿਛਲੇ ਹਫ਼ਤੇ ਇਸ ਅਮਲ ਦੇ ਸਪੱਸ਼ਟ ਸੰਕੇਤ ਉਦੋਂ ਸਾਹਮਣੇ ਆ ਗਏ, ਜਦੋਂ ਸਰਕਾਰ ਨੇ ਇਹ ਫ਼ੈਸਲਾ ਕੀਤਾ ਕਿ ਨਾ ਮੋੜੇ ਜਾਣ ਵਾਲੇ ਕਰਜ਼ੇ ਦੀ ਮਾਰ ਹੇਠ ਆਏ ਆਈ ਡੀ ਬੀ ਆਈ ਬੈਂਕ ਦੀ ਇਕਵੰਜਾ ਫ਼ੀਸਦੀ ਹਿੱਸੇਦਾਰੀ ਦੇਸ ਦੀ ਸਭ ਤੋਂ ਵੱਡੀ ਬੀਮਾ ਕੰਪਨੀ, ਲਾਈਫ਼ ਇੰਸ਼ੋਰੈਂਸ ਕਾਰਪੋਰੇਸ਼ਨ, ਖ਼ਰੀਦ ਲਵੇਗੀ। ਇੱਥੇ ਇਸ ਤੱਥ ਦਾ ਜ਼ਿਕਰ ਕਰਨਾ ਜ਼ਰੂਰੀ ਬਣ ਜਾਂਦਾ ਹੈ ਕਿ ਇਸ ਸਮੇਂ ਆਈ ਡੀ ਬੀ ਆਈ ਬੈਂਕ ਦੇ ਨਾ ਮੋੜੇ ਜਾਣ ਵਾਲੇ ਕਰਜ਼ਿਆਂ ਦੀ ਰਕਮ 55588.26 ਕਰੋੜ ਰੁਪਿਆਂ ਤੱਕ ਪਹੁੰਚ ਗਈ ਹੈ। ਸੰਨ 2018 ਵਿੱਚ ਇਸ ਬੈਂਕ ਦਾ ਕੁੱਲ ਘਾਟਾ 8238 ਕਰੋੜ ਰੁਪਏ ਤੱਕ ਅੱਪੜ ਗਿਆ ਹੈ।

ਸੂਤਰਾਂ ਤੋਂ ਇਹ ਸੰਕੇਤ ਵੀ ਮਿਲੇ ਹਨ ਕਿ ਪਹਿਲਾਂ ਤਾਂ ਇਸ ਜਨਤਕ ਮਾਲਕੀ ਵਾਲੇ ਬੈਂਕ ਨੂੰ ਨਿੱਜੀ ਹੱਥਾਂ ਵਿੱਚ ਦੇਣ ਦੀ ਸੋਚ ਬਣਾਈ ਗਈ ਸੀ, ਪਰ ਨਿੱਜੀ ਨਿਵੇਸ਼ਕਾਂ ਵੱਲੋਂ ਕੋਈ ਹੁੰਗਾਰਾ ਨਾ ਮਿਲਣ 'ਤੇ ਇਹ ਘਾਟੇ ਵਾਲਾ ਸੌਦਾ ਜੀਵਨ ਬੀਮਾ ਕਾਰਪੋਰੇਸ਼ਨ ਦੇ ਸਿਰ ਮੜ੍ਹਨ ਦਾ ਫ਼ੈਸਲਾ ਕਰ ਲਿਆ ਗਿਆ। ਜੀਵਨ ਬੀਮਾ ਕਾਰਪੋਰੇਸ਼ਨ ਜਨਤਕ ਮਾਲਕੀ ਵਾਲੀ ਸਭ ਤੋਂ ਵੱਧ ਸਾਧਨ ਸੰਪੰਨ ਸੰਸਥਾ ਹੈ। ਇਸ ਦੇ ਕੁੱਲ ਅਸਾਸੇ 28.5 ਲੱਖ ਕਰੋੜ ਰੁਪਏ ਦੇ ਕਰੀਬ ਦੱਸੇ ਜਾਂਦੇ ਹਨ ਤੇ 29 ਕਰੋੜ ਲੋਕ ਇਸ ਦੇ ਪਾਲਸੀ ਧਾਰਕ ਹਨ। ਜੀਵਨ ਬੀਮੇ ਦੇ ਖੇਤਰ ਵਿੱਚ ਨਿੱਜੀ ਕੰਪਨੀਆਂ ਨੂੰ ਕਾਰੋਬਾਰ ਕਰਨ ਦੀ ਆਗਿਆ ਦੇਣ ਦੇ ਬਾਵਜੂਦ ਜੀਵਨ ਬੀਮਾ ਕਾਰਪੋਰੇਸ਼ਨ ਦੀ ਹਿੱਸੇਦਾਰੀ ਅੱਸੀ ਫ਼ੀਸਦੀ ਤੋਂ ਵੱਧ ਹੈ। ਦੇਸ ਦੇ ਆਰਥਕ ਤੇ ਢਾਂਚਾਗਤ ਵਿਕਾਸ ਦੀਆਂ ਯੋਜਨਾਵਾਂ ਦੀ ਪੂਰਤੀ ਲਈ ਸਭ ਤੋਂ ਵੱਧ ਧਨ ਵੀ ਇਹੋ ਸੰਸਥਾ ਪ੍ਰਾਪਤ ਕਰਵਾ ਰਹੀ ਹੈ। ਜੀਵਨ ਬੀਮਾ ਕਾਰਪੋਰੇਸ਼ਨ ਦੀ ਸਥਾਪਤੀ ਲਈ ਪਾਰਲੀਮੈਂਟ ਨੇ ਜਿਹੜਾ ਕਨੂੰਨ ਬਣਾਇਆ ਸੀ, ਉਸ ਵਿੱਚ ਇਹ ਗੱਲ ਦਰਜ ਹੈ ਕਿ ਇਹ ਸੰਸਥਾ ਹਰ ਹਾਲਤ ਵਿੱਚ ਆਪਣੇ ਪਾਲਸੀ ਧਾਰਕਾਂ ਦੇ ਹਿੱਤਾਂ ਦੀ ਰਾਖੀ ਕਰੇਗੀ ਤੇ ਕੋਈ ਵੀ ਅਜਿਹਾ ਨਿਵੇਸ਼ ਨਹੀਂ ਕਰੇਗੀ, ਜਿਹੜਾ ਇਸ ਦੇ ਹਿੱਤਾਂ ਨੂੰ ਨੁਕਸਾਨ ਪੁਚਾਉਣ ਵਾਲਾ ਹੋਵੇ। ਇਸ ਸੰਸਥਾ ਦੇ ਕਾਰ-ਵਿਹਾਰ ਲਈ ਘੜੀ ਗਈ ਨੇਮਾਵਲੀ ਵਿੱਚ ਇਹ ਗੱਲ ਅੰਕਿਤ ਹੈ ਕਿ ਇਹ ਕਿਸੇ ਵੀ ਅਦਾਰੇ ਦੀ ਪੂੰਜੀ ਵਿੱਚ ਦਸ ਫ਼ੀਸਦੀ ਤੋਂ ਵੱਧ ਨਿਵੇਸ਼ ਨਹੀਂ ਕਰੇਗੀ। ਹੁਣ ਸਰਕਾਰੀ ਵਸੀਲਿਆਂ ਵੱਲੋਂ ਇਹ ਕਿਹਾ ਜਾ ਰਿਹਾ ਹੈ ਕਿ ਆਈ ਡੀ ਬੀ ਆਈ ਬੈਂਕ ਦੇ 51 ਫ਼ੀਸਦੀ ਹਿੱਸੇ ਖ਼ਰੀਦਣ ਲਈ ਜੀਵਨ ਬੀਮਾ ਕਾਰਪੋਰੇਸ਼ਨ ਨੇ ਇੰਸ਼ੋਰੈਂਸ ਰੈਗੂਲੇਟਰੀ ਐਂਡ ਡਿਵੈਲਪਮੈਂਟ ਅਥਾਰਟੀ ਆਫ਼ ਇੰਡੀਆ ਤੋਂ ਪ੍ਰਵਾਨਗੀ ਹਾਸਲ ਕਰ ਲਈ ਹੈ। ਲਾਜ਼ਮੀ ਹੀ ਇਹ ਪ੍ਰਵਾਨਗੀ ਵੀ ਸਰਕਾਰ ਦੇ ਇਸ਼ਾਰੇ 'ਤੇ ਹੀ ਦਿੱਤੀ ਗਈ ਹੋਵੇਗੀ।

ਇਹ ਕੋਈ ਪਹਿਲਾ ਮੌਕਾ ਨਹੀਂ, ਜਦੋਂ ਮੌਜੂਦਾ ਮੋਦੀ ਸਰਕਾਰ ਨੇ ਜਨਤਕ ਮਾਲਕੀ ਵਾਲੇ ਕਿਸੇ ਅਦਾਰੇ ਦੇ ਹਿੱਤਾਂ ਨੂੰ ਆਪਣੇ ਸੌੜੇ ਹਿੱਤਾਂ ਦੀ ਪੂਰਤੀ ਲਈ ਕੁਰਬਾਨ ਕੀਤਾ ਹੋਵੇ। ਇਸ ਤੋਂ ਪਹਿਲਾਂ ਦੇਸ ਦੇ ਸਭ ਤੋਂ ਵੱਡੇ ਧਨਵਾਨ ਅਦਾਰੇ ਆਇਲ ਐਂਡ ਨੈਚੁਰਲ ਗੈਸ ਕਾਰਪੋਰੇਸ਼ਨ (ਓ ਐੱਨ ਜੀ ਸੀ) ਨੂੰ ਇਸ ਗੱਲ ਲਈ ਮਜਬੂਰ ਕੀਤਾ ਗਿਆ ਸੀ ਕਿ ਉਹ ਨਿੱਜੀ ਮਾਲਕੀ ਵਾਲੀ ਪੈਟਰੋਲੀਅਮ ਕੰਪਨੀ, ਹਿੰਦੋਸਤਾਨ ਪੈਟਰੋਲੀਅਮ ਕਾਰਪੋਰੇਸ਼ਨ ਲਿਮਟਿਡ (ਐੱਚ ਪੀ ਸੀ ਐੱਲ), ਜਿਸ ਦੀ ਪੈਟਰੋਲੀਅਮ ਪਦਾਰਥਾਂ ਦੀ ਰਿਫਾਈਨਿੰਗ ਤੇ ਕਾਰੋਬਾਰ ਵਿੱਚ ਪੰਜੀ ਫ਼ੀਸਦੀ ਹਿੱਸੇਦਾਰੀ ਹੈ, ਦੀ 51.11 ਫ਼ੀਸਦੀ ਹਿੱਸੇਦਾਰੀ ਖ਼ਰੀਦ ਲਵੇ, ਤੇ ਉਸ ਨੇ ਅਜਿਹਾ ਕੀਤਾ ਵੀ। ਇਹੋ ਨਹੀਂ, ਓ ਐੱਨ ਜੀ ਸੀ ਨੂੰ ਇਸ ਗੱਲ ਲਈ ਵੀ ਮਜਬੂਰ ਕੀਤਾ ਗਿਆ ਕਿ ਉਹ ਘਾਟੇ ਵਿੱਚ ਚੱਲ ਰਹੀ ਗੁਜਰਾਤ ਸਰਕਾਰ ਦੀ ਮਾਲਕੀ ਵਾਲੀ ਜੀ ਐੱਸ ਪੀ ਸੀ ਨੂੰ ਆਪਣੇ ਪੇਟੇ ਪਾ ਲਵੇ। ਇਸ ਪਿੱਛੇ ਮਕਸਦ ਇਹ ਸੀ ਕਿ ਓ ਐੱਨ ਜੀ ਸੀ ਕੋਲ ਪੈਂਤੀ ਹਜ਼ਾਰ ਕਰੋੜ ਰੁਪਏ ਦੀ ਜਿਹੜੀ ਰਾਖਵੀਂ ਪੂੰਜੀ ਜਮ੍ਹਾਂ ਹੈ, ਉਸ ਨੂੰ ਅੱਪ-ਨਿਵੇਸ਼ ਲਈ ਰੱਖੇ ਟੀਚੇ ਨੂੰ ਪ੍ਰਾਪਤ ਕਰਨ ਲਈ ਵਰਤਿਆ ਜਾ ਸਕੇ। ਹੈਰਾਨੀ ਵਾਲੀ ਗੱਲ ਇਹ ਹੈ ਕਿ ਇਹਨਾਂ ਦੋਹਾਂ ਸੌਦਿਆਂ ਬਾਰੇ ਨਾ ਰਿਜ਼ਰਵ ਬੈਂਕ ਆਫ਼ ਇੰਡੀਆ ਨੇ ਕੋਈ ਨੋਟਿਸ ਲਿਆ ਹੈ, ਨਾ ਸੇਬੀ ਨੇ ਇਸ ਸੰਬੰਧ ਵਿੱਚ ਆਪਣੀ ਬਣਦੀ ਜ਼ਿੰਮੇਵਾਰੀ ਨਿਭਾਈ ਹੈ।

## ਮੋਦੀ ਦੇ ਚਾਰ ਸਾਲ ਦੇ ਰਾਜ ਦੌਰਾਨ 2990 ਦੰਗੇ, 389 ਮੌਤਾਂ

ਨਵੀਂ ਦਿੱਲੀ/ਬਿਊਰੋ ਨਿਊਜ਼ : ਕੇਂਦਰ ਦੀ ਨਰਿੰਦਰ ਮੋਦੀ ਸਰਕਾਰ ਵਿਚ ਘੱਟ ਗਿਣਤੀ ਕਲਿਆਣ ਮੰਤਰੀ ਮੁਖਤਾਰ ਅਬਾਸ ਨਕਵੀ ਨੇ ਮੋਦੀ ਸਰਕਾਰ ਦੀਆਂ ਉਪਲੱਬਧੀਆਂ ਦਾ ਵਖਿਆਨ ਕਰਦੇ ਹੋਏ ਇੱਕ ਹਫ਼ਤੇ ਪਹਿਲਾਂ ਕਿਹਾ ਸੀ ਕਿ ਚਾਰ ਸਾਲ ਦੇ ਮੋਦੀ ਰਾਜ ਵਿਚ ਕੋਈ ਵੱਡਾ ਸੰਪ੍ਰਦਾਇਕ ਦੰਗਾ ਨਹੀਂ ਹੋਇਆ। ਉਨ੍ਹਾ ਦਾਅਵਾ ਕੀਤਾ ਸੀ ਕਿ ਮੋਦੀ ਸਰਕਾਰ ਨੇ ਚਾਰ ਸਾਲ ਵਿਚ ਬਿਨਾਂ ਭੇਦਭਾਵ ਕੀਤੇ ਸਾਰਿਆਂ ਦਾ ਵਿਕਾਸ ਕੀਤਾ ਹੈ, ਪਰ ਉਨ੍ਹਾਂ ਦੇ ਇਨ੍ਹਾਂ ਦਾਅਵਿਆਂ ਦੀ ਪੋਲ ਕੇਂਦਰ ਸਰਕਾਰ ਦੇ ਹੀ ਗ੍ਰਹਿ ਮੰਤਰਾਲੇ ਨੇ ਖੋਲ੍ਹ ਦਿੱਤੀ ਹੈ। 'ਫੈਕਟ ਚੈਕਰ ਡਾਟ ਇਨ' ਨੇ ਗ੍ਰਹਿ ਮੰਤਰਾਲੇ ਦੇ ਅੰਕੜਿਆਂ ਦੇ ਹਵਾਲੇ ਨਾਲ ਲਿਖਿਆ ਹੈ ਕਿ ਮੋਦੀ ਸਰਕਾਰ ਦੇ ਪਿਛਲੇ ਚਾਰ ਸਾਲ ਦੇ ਕੰਮਕਾਜ ਵਿਚ ਤਿੰਨ ਵੱਡੇ ਦੰਗੇ ਹੋਏ ਹਨ। ਇਨ੍ਹਾਂ ਵਿਚ ਪੱਛਮੀ ਬੰਗਾਲ ਦੇ 24 ਪਰਗਨਾ ਜ਼ਿਲ੍ਹੇ ਦਾ ਬਦੂਰੀਆ-ਬਸ਼ੀਰਹਾਟ ਦੰਗਾ (2017), ਪੱਛਮੀ ਬੰਗਾਲ ਦੇ ਹੀ ਹਾਜਰੀ ਨਗਰ ਦਾ ਦੰਗਾ (2016) ਅਤੇ ਉਤਰ ਪ੍ਰਦੇਸ਼ 2015 ਵਿਚ ਕੋਈ ਵੱਡਾ ਸੰਪ੍ਰਦਾਇਕ ਦੰਗਾ ਨਹੀਂ ਹੋਇਆ। ਜ਼ਿਕਰਯੋਗ ਹੈ ਕਿ ਸੰਪ੍ਰਦਾਇਕ ਹਿੰਸਾ ਦੀ ਸਥਿਤੀ ਉਸ ਸਮੇਂ ਹੁੰਦੀ ਹੈ, ਜਦ ਪੰਜ ਤੋਂ ਜ਼ਿਆਦਾ ਲੋਕਾਂ ਦੀ ਮੌਤ ਹੋ ਜਾਂਦੀ ਹੈ ਜਾਂ 10 ਤੋਂ ਜ਼ਿਆਦਾ ਲੋਕ ਗੰਭੀਰ ਰੂਪ ਵਿਚ ਜ਼ਖ਼ਮੀ ਹੋ ਜਾਂਦੇ ਹਨ। ਹਿੰਸਾ ਵਿਚ ਇੱਕ ਵਿਅਕਤੀ ਦੀ ਮੌਤ ਜਾਂ 10 ਲੋਕਾਂ ਦੇ ਜ਼ਖ਼ਮੀ ਹੋਣ 'ਤੇ ਉਸ ਨੂੰ ਅਹਿਮ ਜਾਂ ਮਹੱਤਵਪੂਰਨ ਦੰਗੇ ਦਾ ਦਰਜਾ ਦਿੱਤਾ ਜਾਂਦਾ ਹੈ। 7 ਫਰਵਰੀ 2017 ਅਤੇ 6 ਫਰਵਰੀ 2018 ਨੂੰ ਲੋਕ ਸਭਾ ਵਿਚ ਗ੍ਰਹਿ ਮੰਤਰਾਲੇ ਦੁਆਰਾ ਦਿੱਤੇ ਗਏ ਜਵਾਬ ਮੁਤਾਬਕ ਮੋਦੀ ਸਰਕਾਰ ਦੇ ਕਾਰਜਕਾਲ ਵਿਚ ਸਾਲ 2017 ਤੱਕ ਕੁੱਲ 2920 ਦੰਗੇ ਹੋਏ ਹਨ। ਇਸ ਵਿਚ 389 ਲੋਕਾਂ ਦੀ ਮੌਤ ਹੋਈ ਹੈ, ਜਦਕਿ 8890 ਲੋਕ ਜ਼ਖ਼ਮੀ ਹੋਏ ਹਨ। ਸਭ ਤੋਂ ਵੱਡੀ ਆਬਾਦੀ ਵਾਲੇ ਰਾਜ ਉਤਰ ਪ੍ਰਦੇਸ਼ ਵਿਚ ਇਨ੍ਹਾਂ ਚਾਰ ਸਾਲਾਂ ਦੌਰਾਨ ਸਭ ਤੋਂ ਜ਼ਿਆਦਾ 645 ਹਿੰਸਾ ਦੀਆਂ ਘਟਨਾਵਾਂ ਰਿਕਾਰਡ ਕੀਤੀਆਂ ਗਈਆਂ ਹਨ, ਜਦਕਿ ਕਰਨਾਟਕ ਵਿਚ 379, ਮਹਾਰਾਸ਼ਟਰ ਦੇ ਮਾਮਲੇ ਵਿਚ ਵੀ ਉਤਰ ਪ੍ਰਦੇਸ਼ ਪਹਿਲੇ ਨੰਬਰ 'ਤੇ ਹੈ। ਇਹ ਸਾਲ 2014 ਤੋਂ 2017 ਦੇ ਵਿਚਕਾਰ ਸੰਪ੍ਰਦਾਇਕ ਦੰਗਿਆਂ ਵਿਚ ਕੁੱਲ 121 ਲੋਕਾਂ ਦੀ ਮੌਤ ਹੋ ਗਈ, ਜਦਕਿ ਭਾਜਪਾ ਵਾਲੇ ਸੂਬੇ ਰਾਜਸਥਾਨ ਵਿਚ 36 ਅਤੇ ਕਰਨਾਟਕ ਵਿਚ 35 ਲੋਕਾਂ ਦੀ ਜਾਨ ਗਈ। ਉਤਰ ਪ੍ਰਦੇਸ਼ ਦੇ ਸਹਾਰਨਪੁਰ ਵਿਚ 25 ਜੁਲਾਈ 2014 ਨੂੰ ਦੰਗੇ ਭੜਕੇ ਸਨ। ਮੀਡੀਆ ਰਿਪੋਰਟਾਂ ਮੁਤਾਬਕ ਉਨ੍ਹਾਂ ਦੰਗਿਆਂ ਵਿਚ ਤਿੰਨ ਲੋਕਾਂ ਦੀ ਜਾਨ ਚਲੀ ਗਈ, ਜਦਕਿ 50 ਤੋਂ ਜ਼ਿਆਦਾ ਲੋਕ ਜ਼ਖ਼ਮੀ ਹੋਏ ਸਨ। ਸਾਲ 2017 ਵਿਚ ਵੀ ਸਹਾਰਨਪੁਰ ਵਿਚ ਦੰਗੇ ਭੜਕੇ ਸਨ। ਇਸ ਵਿਚ ਦੋ ਲੋਕਾਂ ਦੀ ਜਾਨ ਗਈ, ਜਦਕਿ ਕਈ ਲੋਕ ਜ਼ਖ਼ਮੀ ਹੋ ਗਏ। ਯੂ ਪੀ ਦੇ ਮੁਜ਼ੱਫ਼ਰਨਗਰ ਵਿਚ ਵੀ ਪਿਛਲੇ ਸਾਲ ਸਤੰਬਰ 2017 ਨੂੰ ਦੰਗੇ ਭੜਕੇ ਸਨ। ਅਗਲੇ ਸਾਲ ਹਰਿਆਣਾ ਦੇ ਬਲਭਗੜ੍ਹ ਵਿਚ ਵੀ 25 ਮਈ 2015 ਨੂੰ ਦੰਗੇ ਭੜਕੇ ਸਨ। ਨੇਸ਼ਨ ਕ੍ਰਾਈਮ ਰਿਕਾਰਡ ਬਿਊਰੋ ਦੀ ਰਿਪੋਰਟ ਮੁਤਾਬਕ ਸਾਲ 2014 ਤੋਂ 2016 ਵਿਚਕਾਰ ਕੁੱਲ 2885 ਦੰਗੇ ਹੋਏ। ਇਨ੍ਹਾਂ ਵਿਚ ਸਾਲ 2014 ਵਿਚ 1227, ਸਾਲ 2015 ਵਿਚ 789 ਅਤੇ ਸਾਲ 2016 ਵਿਚ 869 ਦੰਗੇ ਹੋਏ।

# ਕੁਸ਼ਤੀ ਨੂੰ ਉਤਸ਼ਾਹਤ ਕਰਨ ਲਈ ਫੇਅਰਫੀਲਡ ਵਿਚ ਅਹਿਮ ਮੀਟਿੰਗ

## ਪਹਿਲਵਾਨ ਕਰਤਾਰ ਸਿੰਘ ਵਿਸ਼ੇਸ਼ ਤੌਰ 'ਤੇ ਪਹੁੰਚੇ



ਫੇਅਰਫੀਲਡ/ਹੁਸਨ ਲੜੋਆ ਬੰਗਾ :ਕੁਸ਼ਤੀ ਨੂੰ ਉਤਸ਼ਾਹਤ ਕਰਨ ਲਈ ਕੈਲੀਫੋਰਨੀਆ ਦੇ ਸ਼ਹਿਰ ਫੇਅਰਫੀਲਡ ਵਿਚ ਇਕ ਮੀਟਿੰਗ ਹੋਈ ਜਿਸ ਵਿਚ ਵਿਸ਼ਵ ਚੈਂਪੀਅਨ ਪਦਮ ਸ੍ਰੀ ਕਰਤਾਰ ਸਿੰਘ ਪਹਿਲਵਾਨ, ਪ੍ਰਧਾਨ ਪੰਜਾਬ ਕੁਸ਼ਤੀ ਸੰਸਥਾ ਵਿਸ਼ੇਸ਼ ਤੌਰ 'ਤੇ ਪਹੁੰਚੇ। ਇਸ ਮੌਕੇ ਦੇਸ਼ ਵਿਦੇਸ਼ ਵਿਚ ਨਵੀਂ ਪਨੀਰੀ ਨੂੰ ਕੁਸ਼ਤੀ ਵੱਲ ਪ੍ਰੇਰਿਤ ਕਰਨ, ਕੁਸ਼ਤੀ ਦੇ ਪ੍ਰਚਾਰ ਅਤੇ ਪ੍ਰਸਾਰ ਅਤੇ ਕੁਸ਼ਤੀ ਨੂੰ ਬੜਾਵਾ ਦੇਣ ਲਈ ਵਿਚਾਰ ਵਟਾਂਦਰਾ ਕੀਤਾ ਗਿਆ।

ਇਸ ਮੌਕੇ ਮੀਟਿੰਗ ਦੀ ਪ੍ਰਧਾਨਗੀ ਫਰੀਡਮ ਫਾਈਟਰ ਪਰਿਵਾਰ ਦੇ ਬੁਲਾਰੇ ਅਤੇ ਖੇਡ ਪ੍ਰਮੋਟਰ ਅਜੀਤ ਸਿੰਘ ਸੰਧੂ ਨੇ ਕੀਤੀ ਅਤੇ ਉਹਨਾਂ ਇਸ ਸਬੰਧੀ ਆਪਣੇ ਸੁਝਾਓ ਵੀ ਦਿਤੇ ਅਤੇ ਪ੍ਰਵਾਸੀ ਖੇਡ ਪ੍ਰੇਮੀਆਂ ਵਲੋਂ ਇਸ ਕਾਰਜ ਲਈ ਸਹਿਯੋਗ ਦੇਣ ਦਾ ਵਾਅਦਾ ਕੀਤਾ। ਅਰਜਨ ਐਵਾਰਡੀ ਪਦਮ ਸ੍ਰੀ ਕਰਤਾਰ ਸਿੰਘ ਨੇ ਵਿਚਾਰ ਪੇਸ਼ ਕਰਦਿਆਂ ਕਿਹਾ ਕਿ ਪੰਜਾਬ ਵਿਚ ਕੁਸ਼ਤੀ ਦੀ ਨਰਸਰੀ ਤਿਆਰ ਕਰਨ ਲਈਕੁਸ਼ਤੀ ਅਕੈਡਮੀਆਂ ਅਤੇ ਕੁਸ਼ਤੀ ਦੇ ਸੈਂਟਰ ਚਲਾਉਣ ਦਾ ਫੈਸਲਾ ਕੀਤਾ ਹੈ। ਉਹਨਾਂ ਦੱਸਿਆ ਕਿ ਕੁਸ਼ਤੀ ਨੂੰ ਉਤਸ਼ਾਹਿਤ ਕਰਨ ਲਈ ਅਤੇ ਕੁਸ਼ਤੀ ਦੇ ਪ੍ਰਚਾਰ-ਪ੍ਰਸਾਰ ਲਈ ਸ਼ਹੀਦ ਭਗਤ ਸਿੰਘ ਅੰਤਰਰਾਸ਼ਟਰੀ ਕੁਸ਼ਤੀ ਟੂਰਨਾਮੈਂਟ ਪੰਜਾਬ ਵਿਚ ਕਰਾਉਣ ਦਾ ਉਪਰਾਲਾ ਕਰ ਚੁੱਕੇ ਹਨ। ਕਰਤਾਰ ਸਿੰਘ ਨੇ ਦਸਿਆ ਕਿ ਅਜੀਤ ਸਿੰਘ ਸੰਧੂ ਨੂੰ ਸਰਬ ਸੰਮਤੀ ਨਾਲ ਕੈਲੀਫੋਰਨੀਆ ਵਿਚ ਸ਼ਹੀਦ ਭਗਤ ਸਿੰਘ ਸਪੋਰਟਸ ਅਤੇ ਕਲਚਰਲ ਦਾ ਪ੍ਰਧਾਨ ਬਣਾਇਆ ਗਿਆ ਹੈ ਅਤੇ ਬਾਕੀ ਅਹੁਦੇਦਾਰ ਅਤੇ ਮੈਂਬਰ ਬਣਾਉਣ ਦੇ ਅਧਿਕਾਰ ਉਹਨਾਂ ਨੂੰ ਦਿੱਤੇ ਗਏ ਹਨ, ਜਿਸ ਨੂੰ ਅਜੀਤ ਸਿੰਘ ਸੰਧੂ ਨੇ ਪ੍ਰਵਾਨ ਕਰ ਲਿਆ ਹੈ। ਕੈਲੀਫੋਰਨੀਆ ਵਿਚ ਕੁਸ਼ਤੀ ਨੂੰ ਉਤਸ਼ਾਹਿਤ ਕਰਨ ਲਈ ਕੁਸ਼ਤੀ ਸੈਂਟਰ ਅਤੇ ਟੂਰਨਾਮੈਂਟ ਕਰਾਉਣ ਦੇ ਪ੍ਰੋਗਰਾਮ ਉਲੀਕਣ ਦੀ ਜ਼ਿੰਮੇਵਾਰੀ ਸੌਂਪੀ ਗਈ ਹੈ। ਸ਼ਹੀਦ ਭਗਤ ਸਿੰਘ ਅੰਤਰਰਾਸ਼ਟਰੀ ਸਪੋਰਟਸ ਅਤੇ ਕਲਚਰਲ ਕਲੱਬ ਵਾਸਤੇ ਕੈਲੀਫੋਰਨੀਆ ਤੋਂ ਬਲਦੇਵ ਸਿੰਘ ਬਸਰਾ ਸੀਨੀਅਰ ਮੀਤ ਪ੍ਰਧਾਨ, ਭਿੰਦਰ ਸਿੰਘ ਸੰਧੂ, ਸੁਰਜੀਤ ਸਿੰਘ ਰੌੜੂ, ਗੁਰਮੀਤ ਸਿੰਘ ਮੱਲ੍ਹੀ ਅਤੇ ਰਮਨਦੀਪ ਸਿੰਘ ਭਿੰਡਰ ਨੂੰ ਉਪ ਪ੍ਰਧਾਨ ਅਤੇ ਹੁਸ਼ਿਆਰ ਸਿੰਘ ਐਗਜੈਕਟਿਵ ਮੈਂਬਰ ਬਣਾਇਆ ਗਿਆ ਹੈ। ਇਸ ਮੌਕੇ ਫੇਅਰਫੀਲਡ ਗੁਰਦੁਆਰਾ ਦੇ ਪ੍ਰਧਾਨ ਹਰਜਿੰਦਰ ਸਿੰਘ ਧਾਮੀ, ਬਲਦੇਵ ਸਿੰਘ ਅਤੇ ਗੁਰਮੀਤ ਸਿੰਘ ਮੱਲ੍ਹੀ ਨੇ ਆਪਣੇ ਆਪਣੇ ਵਿਚਾਰ ਪੇਸ਼ ਕਰਦਿਆਂ ਇਸ ਉਪਰਾਲੇ ਦੀ ਸ਼ਲਾਘਾ ਕੀਤੀ।

# ਦਿੱਲੀ ਦੇ ਨਿਰਭਯਾ ਬਲਾਤਕਾਰ ਕੇਸ ਦੇ ਦੋਸ਼ੀਆਂ ਨੂੰ ਫਾਂਸੀ ਦੇਣ ਦਾ ਰਾਹ ਪੱਧਰਾ

ਨਵੀਂ ਦਿੱਲੀ/ਬਿਊਰੋ ਨਿਊਜ਼ : ਦਿੱਲੀ ਵਿਚ 16 ਦਸੰਬਰ, 2012 ਦੀ ਰਾਤ ਨੂੰ ਵਾਪਰੇ ਭਿਆਨਕ ਨਿਰਭਯਾ ਬਲਾਤਕਾਰ ਕਾਂਡ ਦੇ ਤਿੰਨ ਦੋਸ਼ੀਆਂ ਦੀ ਸਜ਼ਾ-ਏ-ਮੌਤ ਖ਼ਿਲਾਫ਼ ਦੋਸ਼ੀਆਂ ਵੱਲੋਂ ਦਾਇਰ ਨਜ਼ਰਸਾਨੀ ਪਟੀਸ਼ਨਾਂ ਸੁਪਰੀਮ ਕੋਰਟ ਨੇ ਖ਼ਾਰਜ ਕਰ ਦਿੱਤੀਆਂ। ਬੈਂਚ ਨੇ ਕਿਹਾ ਕਿ ਇਨ੍ਹਾਂ ਵਿੱਚ ਅਜਿਹੀ ਕੋਈ ਦਲੀਲ ਨਹੀਂ ਦਿੱਤੀ ਗਈ ਕਿ ਅਦਾਲਤ ਇਸ ਸਬੰਧੀ ਬੀਤੇ ਸਾਲ 5 ਮਈ ਨੂੰ ਸੁਣਾਏ ਆਪਣੇ ਫ਼ੈਸਲੇ ਉਤੇ ਮੁੜ ਗ਼ੌਰ ਕਰੇ। ਇਹ ਫ਼ੈਸਲਾ ਚੀਫ਼ ਜਸਟਿਸ ਦੀਪਕ ਮਿਸ਼ਰਾ, ਜਸਟਿਸ ਆਰ. ਭਾਨੂਮਤੀ ਤੇ ਜਸਟਿਸ ਅਸ਼ੋਕ ਭੂਸ਼ਣ ਦੇ ਬੈਂਚ ਨੇ ਦੋਸ਼ੀਆਂ ਮੁਕੇਸ਼ (31), ਪਵਨ ਗੁਪਤਾ (24) ਤੇ ਵਿਨੇ ਸ਼ਰਮਾ (25) ਵੱਲੋਂ ਦਾਇਰ ਨਜ਼ਰਸਾਨੀ ਪਟੀਸ਼ਨਾਂ ਦੇ ਆਧਾਰ 'ਤੇ ਸੁਣਾਇਆ।



ਬੈਂਚ ਨੇ ਕਿਹਾ ਕਿ ਦੋਸ਼ੀ ਨਜ਼ਰਸਾਨੀ ਪਟੀਸ਼ਨਾਂ ਵਿੱਚ ਕੋਈ ਨਵਾਂ ਪੱਖ ਜਾਂ ਪਿਛਲੇ ਫ਼ੈਸਲਿਆਂ ਦੀ ਕੋਈ 'ਖ਼ਾਮੀ' ਉਜਾਗਰ ਕਰਨ ਵਿਚ ਨਾਕਾਮ ਰਹੇ ਹਨ, ਜਦੋਂਕਿ ਦਿੱਲੀ ਹਾਈ ਕੋਰਟ ਦੇ ਫ਼ੈਸਲੇ ਖ਼ਿਲਾਫ਼ ਉਨ੍ਹਾਂ ਦੀਆਂ ਅਪੀਲਾਂ ਉਤੇ ਅਦਾਲਤ ਪਹਿਲਾਂ ਹੀ ਤਫ਼ਸੀਲ ਨਾਲ ਸੁਣਵਾਈ ਕਰ ਚੁੱਕੀ ਹੈ।

ਬੈਂਚ ਨੇ ਕਿਹਾ, "ਇਨ੍ਹਾਂ ਨਜ਼ਰਸਾਨੀ ਪਟੀਸ਼ਨਾਂ ਵਿਚ ਅਜਿਹਾ ਕੋਈ ਆਧਾਰ ਪੇਸ਼ ਨਹੀਂ ਕੀਤਾ ਗਿਆ, ਜਿਸ ਦੇ ਆਧਾਰ ਉਤੇ ਫ਼ੈਸਲੇ ਦੀ ਨਜ਼ਰਸਾਨੀ ਕੀਤੀ ਜਾਵੇ। ਤੇ ਇਨ੍ਹਾਂ ਨੂੰ ਰੱਦ ਕੀਤਾ ਜਾਂਦਾ ਹੈ।" ਇਹ ਘਟਨਾ 16-17 ਦਸੰਬਰ, 2012 ਦੀ ਰਾਤ ਨੂੰ ਦੱਖਣੀ ਦਿੱਲੀ ਦੀਆਂ ਸੜਕਾਂ ਉਤੇ ਚੱਲਦੀ ਬੱਸ ਵਿੱਚ ਵਾਪਰੀ ਸੀ, ਜਦੋਂ ਆਪਣੇ ਦੋਸਤ ਨਾਲ ਬੱਸ ਵਿੱਚ ਚੜ੍ਹੀ 23 ਸਾਲਾ ਪੈਰਾ ਮੈਡੀਕਲ ਵਿਦਿਆਰਥਣ ਨਾਲ ਬੱਸ ਦੇ ਅਮਲੇ ਦੇ ਛੇ ਮੈਂਬਰਾਂ ਨੇ ਸਮੂਹਿਕ ਬਲਾਤਕਾਰ ਕੀਤਾ ਸੀ। ਇਸ ਮੌਕੇ ਪੀੜਤਾ ਤੇ ਉਸ ਦੇ ਸਾਥੀ ਦੀ ਬੁਰੀ ਤਰ੍ਹਾਂ ਕੁੱਟਮਾਰ ਕੀਤੀ ਗਈ ਸੀ। ਪੀੜਤਾ ਦੀ ਬਾਅਦ ਵਿਚ ਸਿੰਗਾਪੁਰ ਦੇ ਇਕ ਹਸਪਤਾਲ 'ਚ ਇਲਾਜ ਦੌਰਾਨ 29 ਦਸੰਬਰ, 2012 ਨੂੰ ਮੌਤ ਹੋ ਗਈ ਸੀ।

ਅਦਾਲਤ ਦੇ ਫ਼ੈਸਲੇ 'ਤੇ ਟਿੱਪਣੀ ਕਰਦਿਆਂ ਪੀੜਤਾ ਦੀ ਮਾਤਾ ਆਸ਼ਾ ਦੇਵੀ ਨੇ ਕਿਹਾ, "ਸੁਪਰੀਮ ਕੋਰਟ ਨੇ ਇਸ ਫ਼ੈਸਲੇ ਰਾਹੀਂ ਅਜਿਹੇ ਘਿਨਾਉਣੇ ਜੁਰਮ ਕਰਨ ਵਾਲਿਆਂ ਨੂੰ ਸਖ਼ਤ ਸੁਨੇਹਾ ਦਿੱਤਾ ਹੈ। ਇਸ ਨਾਲ ਨਿਆਂਪਾਲਿਕਾ ਵਿੱਚ ਸਾਡਾ ਭਰੋਸਾ ਮੁੜ ਬਹਾਲ ਹੋਇਆ ਹੈ। ਮੇਰੀ ਪ੍ਰਧਾਨ ਮੰਤਰੀ ਨੂੰ ਅਪੀਲ ਹੈ ਕਿ ਕੁੜੀਆਂ ਤੇ ਔਰਤਾਂ ਨਾਲ ਅਜਿਹੇ ਜ਼ੁਲਮ ਕਰਨ ਵਾਲਿਆਂ ਖ਼ਿਲਾਫ਼ ਸਖ਼ਤ ਕਦਮ ਚੁੱਕੇ ਜਾਣ।"

ਬਾਕੀ ਸਫ਼ਾ 29 'ਤੇ

# ਸਿਨਸਿਨਾਟੀ ਦੇ ਪਹਿਲੇ ਵਿਸ਼ਵ ਧਰਮ ਸੰਮੇਲਨ ਵਿਚ ਸਿੱਖਾਂ ਨੇ ਕੀਤੀ ਸ਼ਮੂਲੀਅਤ

### *ਸਿੱਖ ਧਰਮ ਬਾਰੇ ਲਗਾਈ ਪ੍ਰਦਰਸ਼ਨੀ*

ਸਿਨਸਿਨਾਟੀ, ਓਹਾਇਓ (ਹੁਸਨ ਲੜੋਆ ਬੰਗਾ) :

ਅਮਰੀਕਾ ਦੇ ਸੂਬੇ ਓਹਾਇਓ ਦੇ ਸ਼ਹਿਰ ਸਿਨਸਿਨਾਟੀ ਦੀ ਜ਼ੇਵੀਅਰ ਯੂਨੀਵਰਸਿਟੀ ਵਿਖੇ ਪਹਿਲਾ 'ਫੈਸਟੀਵਲ ਆਫ ਫੇਥਸ' (ਵਿਸ਼ਵ ਧਰਮ ਸੰਮੇਲਨ) ਕਰਾਇਆ ਗਿਆ। ਇਸ ਸੰਮੇਲਨ ਵਿਚ ਬਾਰਾਂ ਪ੍ਰਮੁੱਖ ਵਿਸ਼ਵ ਧਰਮਾਂ ਦੇ ਲੋਕ ਅਤੇ 80 ਤੋਂ ਵੀ ਵੱਧ ਸੰਸਥਾਵਾਂ ਨੇ ਭਾਗ ਲਿਆ। ਇਹ ਸ਼ਹਿਰ ਦੇ ਇਤਿਹਾਸ ਵਿੱਚ ਪਹਿਲੀ ਵਾਰ ਸੀ ਕਿ ਵੱਖ-ਵੱਖ ਧਰਮਾਂ ਬਾਰੇ ਸਿੱਖਿਆ ਦੇਣ ਲਈ ਵੱਡੀ ਗਿਣਤੀ ਵਿਚ ਲੋਕ ਇਕੱਠੇ ਹੋਏ। ਸਿਨਸਿਨਾਤੀ ਅਤੇ ਨੇੜਲੇ ਇਲਾਕੇ ਡੇਟਨ ਦੇ ਸਿੱਖਾਂ ਨੇ ਵੀ ਇਸ ਸਮਾਗਮ ਵਿੱਚ ਹਿੱਸਾ ਲਿਆ ਤੇ ਸਮਾਗਮ ਵਿਚ ਆਏ ਹੋਏ ਲੋਕਾਂ ਨੂੰ ਪਗੜੀ ਬੰਨਣ ਦਾ ਤਜਰਬਾ ਕਰਨ ਲਈ ਦਸਤਾਰ ਸਜਾਉਣ ਦੇ ਸੈਸ਼ਨ ਦਾ ਪ੍ਰਬੰਧ ਕੀਤਾ। ਇਸ ਮੌਕੇ ਬਹੁਤ ਸਾਰੇ ਲੋਕਾਂ ਨੇ ਦਸਤਾਰ ਦੀ ਮਹੱਤਤਾ ਬਾਰੇ ਜਾਣਿਆ। ਬਹੁਤ ਸਾਰੇ ਲੋਕਾਂ ਲਈ ਇਹ ਇਲਾਕੇ ਵਿਚਲੇ ਸਿੱਖ ਭਾਈਚਾਰੇ ਬਾਰੇ ਪਹਿਲਾ ਤਜਰਬਾ ਸੀ। ਵੱਖ-ਵੱਖ ਰੰਗਾਂ ਦੀਆਂ ਦਸਤਾਰਾਂ ਸਜਾਈ ਇਹ ਸਮਾਗਮ ਸਿੱਖ ਸਭਿਆਚਾਰ ਦੇ ਰੰਗਾਂ ਅਤੇ ਪਰੰਪਰਾਵਾਂ ਵਿਚ ਲੀਨ ਹੋ ਗਿਆ। ਦਸਤਾਰ ਸਜਾ ਕੇ ਬੱਚੇ, ਵੱਡੇ, ਬਜ਼ੁਰਗ ਬਹੁਤ ਹੀ ਉਤਸ਼ਾਹਿਤ ਹੁੰਦੇ, ਤਸਵੀਰਾਂ ਲੈਂਦੇ ਅਤੇ ਮਾਣ ਨਾਲ ਆਪਣੇ ਸਿਰ ਤੇ ਤਾਜ ਦੇ ਨਾਲ ਸੰਮੇਲਨ ਵਿਚ ਘੁੰਮਦੇ ਰਹੇ। ਫੈਸਟੀਵਲ ਦਾ ਉਦਘਾਟਨ ਵੱਖ-ਵੱਖ ਧਰਮਾਂ ਦੀ ਅਰਦਾਸ ਨਾਲ ਹੋਇਆ। ਸਿੱਖ ਪ੍ਰਦਰਸ਼ਨੀ ਵਿਚ ਪੁਸਤਕਾਂ, ਬਰੋਸ਼ਰ, ਕਾਕਰਾਂ ਅਤੇ ਸਪਿਨਿੰਗ ਵਹੀਲ ਗੇਮ ਵਿਚ ਸਿੱਖਾਂ ਦੇ ਸਵਾਲਾਂ ਦੇ ਜਵਾਬ ਦੇਣ ਨਾਲ ਸਿੱਖ ਧਰਮ ਬਾਰੇ ਜਾਣਕਾਰੀ ਦਿੱਤੀ ਗਈ। ਸਿਨਸਿਨਾਟੀ ਸਿੱਖ ਭਾਈਚਾਰੇ ਦੇ ਮੈਂਬਰ ਜੈਪਾਲ ਸਿੰਘ ਨੇ ਕਿਹਾ, ਪਹਿਲੀ ਵਾਰ ਸਿਨਸਿਨਾਟੀ ਭਾਈਚਾਰਾ ਇਸ ਦਿਨ ਨੂੰ ਮਨਾਉਣ ਲਈ ਇਕੱਠਾ ਹੋਇਆ ਹੈ। ਵੱਖ-ਵੱਖ ਧਰਮਾਂ ਦੇ ਲੋਕ ਇਕ ਛੱਤ ਹੇਠ ਇਕੱਠੇ ਹੋ ਕੇ ਇਕ ਦੂਜੇ ਨਾਲ ਸਾਂਝ ਵਧਾਉਣ ਦੀ ਗੱਲ ਕਰ ਰਹੇ ਸਨ। ਉਹਨਾਂ ਸਿਨਸਿਨਾਟੀ ਅਤੇ ਡੇਟਨ ਦੀ ਸੰਗਤ ਦਾ ਧੰਨਵਾਦ ਕੀਤਾ ਜਿਨ੍ਹਾਂ ਨੇ ਦਸਤਾਰਾਂ, ਪ੍ਰਦਰਸ਼ਨੀ ਟੇਬਲ, ਗੱਤਕਾ, ਗੁਰਮਤਿ ਸੰਗੀਤ ਅਤੇ ਵੱਖੋ-ਵੱਖਰੀਆਂ ਪੇਸ਼ਕਾਰੀਆਂ ਦੁਆਰਾ ਗੁਰੂ ਦੀ ਵਿਰਾਸਤ ਨੂੰ ਹੋਰ ਧਰਮਾਂ ਦੇ ਲੋਕਾਂ ਨਾਲ ਸਾਂਝਾ ਕੀਤਾ। ਪ੍ਰੋਗਰਾਮ ਹਾਲ ਦੇ ਬਾਹਰ, ਗੱਤਕਾ ਪ੍ਰਦਰਸ਼ਨ ਸ਼ਹੀਦ ਬਾਬਾ ਦੀਪ ਸਿੰਘ ਗੱਤਕਾ ਅਕੈਡਮੀ ਵਲੋਂ ਕੀਤਾ ਗਿਆ ਜੋ ਕਿ 600 ਮੀਲ ਦੂਰੋਂ ਨਿਊਯਾਰਕ ਤੋਂ ਖਾਸ ਕਰਕੇ ਇਸ ਸਮਾਰੋਹ ਵਿਚ ਹਿੱਸਾ ਲੈਣ ਲਈ ਆਏ ਸਨ। ਪ੍ਰਦਰਸ਼ਨੀਆਂ ਤੋਂ ਇਲਾਵਾ, ਸਮਾਗਮ ਵਿਚ ਸੰਗੀਤ ਦਾ ਪ੍ਰੋਗਰਾਮ ਵੀ ਪੇਸ਼ ਕੀਤਾ ਗਿਆ।



# ਜੀਐਚਜੀ ਅਕੈਡਮੀ ਫਰਿਜ਼ਨੋ ਵੱਲੋਂ 29 ਜੁਲਾਈ ਨੂੰ ਹੋਣ ਵਾਲੇ ਦਸਵੇਂ ਅੰਤਰ-ਰਾਸ਼ਟਰੀ ਯੁਵਕ ਮੇਲੇ ਦੀਆਂ ਤਿਆਰੀਆਂ ਜ਼ੋਰਾਂ 'ਤੇ

ਫਰਿਜ਼ਨੋ (ਕੁਲਵੰਤ ਧਾਲੀਆਂ/ ਨੀਟਾ ਮਾਛੀਕੇ): ਵਿਦੇਸ਼ਾਂ ਵਿਚ ਪੰਜਾਬੀ ਸੱਭਿਆਚਾਰ ਨੂੰ ਪ੍ਰਫੁੱਲਤ ਕਰਨ ਅਤੇ ਬੱਚਿਆਂ ਨੂੰ ਉਸ ਨਾਲ ਜੋੜਨ ਲਈ ਜੀਐਚਜੀ. ਸੰਗੀਤ ਅਤੇ ਡਾਂਸ ਅਕੈਡਮੀ ਫਰਿਜ਼ਨੋ ਵੱਲੋਂ ਹਰ ਸਾਲ ਦੀ ਤਰਾਂ ਇਸ ਸਾਲ ਵੀ ਸਲਾਨਾ ਦਸਵਾਂ ਗਿੱਧਾ, ਭੰਗੜਾ ਅਤੇ ਸੰਗੀਤ ਆਦਿ ਪੰਜਾਬੀ ਸੱਭਿਆਚਾਰਕ ਵੰਨਗੀਆਂ ਦੀ ਸਿਖਲਾਈ ਦਾ ਕੈਂਪ 6 ਜੁਲਾਈ ਤੋਂ 20 ਜੁਲਾਈ ਤਕ ਪੰਜਾਬੀ ਸਕੂਲ ਫਰਿਜ਼ਨੋ ਵਿਖੇ ਬੜੀ ਸਫਲਤਾ ਨਾਲ ਚਲ ਰਿਹਾ ਹੈ। ਇਸ ਕੈਂਪ ਵਿਚ 600 ਤੋਂ ਵੱਧ ਬੱਚੇ ਪੰਜਾਬੀ ਸੱਭਿਆਚਾਰ ਨਾਲ ਸਬੰਧਤ ਗਿੱਧਾ-ਭੰਗੜਾ ਤੇ ਹੋਰ ਗੀਤ ਸੰਗੀਤ ਦੀਆਂ ਗਤੀਵਿਧੀਆਂ ਦੀ ਸਿੱਖਿਆ ਸੁਚੱਜੇ ਮਾਹਰਾਂ ਤੋਂ ਪ੍ਰਾਪਤ ਕਰ ਰਹੇ ਹਨ। ਈਸ ਤਰ੍ਹਾਂ ਕਰਕੇ ਬੱਚਿਆਂ ਨੂੰ ਆਪਣੇ ਅਮੀਰ ਵਿਰਸੇ ਨਾਲ ਜੋੜਿਆ ਜਾ ਰਿਹਾ ਹੈ ਅਤੇ ਭਾਈਚਾਰਕ ਸਾਂਝ ਤੇ ਸਮਾਨਤਾ ਨਾਲ ਰਹਿਣ ਦੇ ਗੁਣ ਵੀ ਭਰੇ ਜਾ ਰਹੇ ਹਨ। ਇਸ ਤੋਂ ਇਲਾਵਾ ਪਰਿਵਾਰਕ ਮੈਂਬਰ ਅਤੇ ਬਜ਼ੁਰਗ ਵੀ ਆਪਸ ਵਿਚ ਮਿਲ - ਬੈਠ ਕੇ ਸਾਂਝਾ ਸਮਾਂ ਬਤੀਤ ਕਰਦਿਆਂ ਖੁਸ਼ੀ ਮਹਿਸੂਸ ਕਰ ਰਹੇ ਹਨ। ਕੈਂਪ ਦੀ ਸਮਾਪਤੀ ਦੇ ਆਖਰੀ ਦਿਨ 21 ਜੁਲਾਈ ਦਿਨ ਸ਼ਨੀਵਾਰ ਨੂੰ ਦਸਵਾਂ ਅੰਤਰ-ਰਾਸ਼ਟਰੀ ਪੱਧਰ ਦਾ ਯੁਵਕ ਮੇਲਾ ਕਰਵਾਇਆ ਜਾਵੇਗਾ ਜੋ 'ਸੈਂਟਰਲ ਹਾਈ ਸਕੂਲ' ਫਰਿਜ਼ਨੋ ਵਿਖੇ ਹੋਵੇਗਾ। ਇਸ ਵਿਚ ਦਾਖਲਾ ਮੁਫ਼ਤ ਹੋਵੇਗਾ। ਇਸ ਬਾਰੇ 3535, N. Cornelia Ave, Fresno, CA-93722 'ਚ ਸੰਪਰਕ ਕੀਤਾ ਜਾ ਸਕਦਾ ਹੈ। ਇਸ ਵਿਚ ਸਥਾਨਿਕ ਬੱਚਿਆਂ ਦੀਆਂ ਵੱਖ-ਵੱਖ ਉਮਰ ਵਾਲੀਆਂ ਟੀਮਾਂ ਅਤੇ ਅਮਰੀਕਾ ਦੀਆਂ ਵੱਖ-ਵੱਖ ਸਟੇਟਾਂ ਤੋਂ ਇਲਾਵਾ ਕੈਨੇਡਾ ਤੋਂ ਵੀ ਟੀਮਾਂ ਸ਼ਿਰਕਤ ਕਰਨਗੀਆਂ, ਜਿਨ੍ਹਾਂ ਵਿਚਕਾਰ ਗਿੱਧੇ ਅਤੇ ਭੰਗੜੇ ਦੇ ਮੁਕਾਬਲੇ ਹੋਣਗੇ। ਮੇਲੇ ਵਿਚ ਹਿੱਸਾ ਲੈਣ ਵਾਲੀਆਂ ਟੀਮਾਂ ਦੀ ਗਿਣਤੀ ਜਿਆਦਾ ਹੋਣ ਕਰਕੇ ਇਹ ਠੀਕ ਸਵੇਰੇ 10:00 ਵਜੇ ਸ਼ੁਰੂ ਹੋ ਜਾਵੇਗਾ। ਸਮੂਹ ਭਾਈਚਾਰੇ ਨੂੰ ਪਰਿਵਾਰਾਂ ਸਮੇਤ ਸਮੇਂ ਸਿਰ ਪਹੁੰਚਣ ਦਾ ਸੱਦਾ ਦਿੱਤਾ ਜਾਂਦਾ ਹੈ। ਵਧੇਰੇ ਜਾਣਕਾਰੀ ਲਈ ਪ੍ਰਬੰਧਕਾਂ ਵਿਚ ਉਦੈਦੀਪ ਸਿੰਘ ਸਿੱਧੂ (559) 355-4065 ਜਾਂ ਪਰਮਜੀਤ ਸਿੰਘ ਧਾਲੀਵਾਲ (559) 351-9465 ਨਾਲ ਸੰਪਰਕ ਕੀਤਾ ਜਾ ਸਕਦਾ ਹੈ। ਇਸ ਸਾਂਝੇ ਕਾਰਜ ਨੂੰ ਨੇਪਰੇ ਚਾੜਨ ਵਿਚ ਸਮੁੱਚੀ ਜੀਐਚਜੀ. ਟੀਮ ਅਤੇ ਸਹਿਯੋਗੀਆਂ ਦਾ ਸ਼ਲਾਘਾਯੋਗ ਉੱਦਮ ਹੈ।



# ਸਿੱਖ ਰਿਲੀਜ਼ੀਅਸ ਸੁਸਾਇਟੀ ਪੈਲਾਟਾਇਨ ਗੁਰਦੁਆਰਾ ਸਾਹਿਬ ਵਿਖੇ ਸਜਣਗੇ ਧਾਰਮਿਕ ਦੀਵਾਨ

### *ਕਥਾਵਾਚਕ ਭਾਈ ਪਰਮਜੀਤ ਸਿੰਘ ਖਾਲਸਾ ਉਚੇਚੇ ਤੌਰ 'ਤੇ ਭਰਨਗੇ ਹਾਜ਼ਰੀ*

ਸ਼ਿਕਾਗੋ/ਮੱਖਣ ਸਿੰਘ ਕਲੇਰ : ਇਥੋਂ ਦੇ ਪੈਲਾਟਾਇਨ ਗੁਰਦੁਆਰਾ ਸਾਹਿਬ ਵਿਖੇ ਜਾਣੀ ਪਹਿਚਾਣੀ ਪੰਥਕ ਸ਼ਖ਼ਸ਼ੀਅਤ ਪ੍ਰਸਿੱਧ ਕਥਾਵਾਚਕ ਭਾਈ ਪਰਮਜੀਤ ਸਿੰਘ ਖਾਲਸਾ (ਆਨੰਦਪੁਰ ਸਾਹਿਬ ਵਾਲੇ) ਪਹੁੰਚ ਰਹੇ ਹਨ। ਉਹ 23 ਜੁਲਾਈ ਸੋਮਵਾਰ ਤੋਂ ਲੈ ਕੇ 26 ਜੁਲਾਈ ਵੀਰਵਾਰ ਤੱਕ ਹਰ ਰੋਜ ਸ਼ਾਮ ਦੇ ਦੀਵਾਨਾਂ ਵਿਚ ਹਾਜ਼ਰੀ ਭਰਨਗੇ। ਰਹਿਰਾਸ ਸਾਹਿਬ ਦੇ ਪਾਠ ਤੋਂ ਉਪਰੰਤ ਕੀਰਤਨ ਤੇ ਕਥਾ ਦੇ ਪ੍ਰਵਾਹ ਚੱਲਣਗੇ ਪ੍ਰਬੰਧਕ ਕਮੇਟੀ ਵਲੋਂ ਸੰਗਤਾਂ ਨੂੰ ਹਰ ਰੋਜ ਸ਼ਾਮ ਦੇ ਦੀਵਾਨਾਂ ਵਿਚ ਹਾਜ਼ਰੀ ਭਰਨ ਦੀ ਬੇਨਤੀ ਕੀਤੀ ਜਾਂਦੀ ਹੈ।ਹੋਰ ਜਾਣਕਾਰੀ ਲੈਣ ਲਈ ਗੁਰਦੁਆਰਾ ਸਾਹਿਬ ਵਿਖੇ ਫੋਨ ਨੰ : 1-847-358-1117 ਅਤੇ ਮੱਖਣ ਸਿੰਘ ਕਲੇਰ ਨਾਲ ਫੋਨ ਨੰ : 1-630-827-9752 'ਤੇ ਸੰਪਰਕ ਕੀਤਾ ਜਾ ਸਕਦਾ ਹੈ।



# ਐਮਐਲਏ ਦੀ ਚੋਣ ਲੜ ਰਹੇ ਇੰਦਰਜੀਤ ਬੈਂਸ ਦੇ ਹੱਕ ਵਿਚ ਕੀਤਾ ਫੰਡਰੇਜ਼ਿੰਗ



ਨਿਊਜਰਸੀ/ਬਿਊਰੋ ਨਿਊਜ਼ : ਬੀਤੇ ਦਿਨ ਪਿਨਹਿੱਲ ਨਿਊਜਰਸੀ ਦੇ ਗੁਰੂ ਘਰ ਵਿਖੇ ਇੰਦਰਜੀਤ ਸਿੰਘ ਬੈਂਸ ਦਾ ਫੰਡਰੇਜਿੰਗ ਸਾਊਥ ਜਰਸੀ ਦੇ ਵੀਰਾਂ ਨੇ ਕੀਤਾ, ਜਿਸ ਵਿਚ ਸ. ਬੂਟਾ ਸਿੰਘ ਖੜੌਦ , ਰਾਜਵਿੰਦਰ ਸਿੰਘ ਬਦੇਸ਼ਾ , ਜੋਗਾ ਸਿੰਘ ਨਿਊਜਰਸੀ , ਇੰਦਰਜੀਤ ਸਿੰਘ ਉਮਰਪੁਰੀ ਕਾਰਟਰੇਟ, ਅਵਤਾਰ ਸਿੰਘ ਹੇਅਰ ਅਤੇ ਸੁਰਜੀਤ ਸਿੰਘ ਕੁਲਾਰ ਨੇ ਸਰਗਰਮ ਭੂਮਿਕਾ ਨਿਭਾਈ।

ਸ਼੍ਰੋਮਣੀ ਅਕਾਲੀ ਦਲ ਅੰਮ੍ਰਿਤਸਰ ( ਅਮਰੀਕਾ ) ਦੇ ਕਨਵੀਨਰ ਅਤੇ ਉੱਘੇ ਸਿੱਖ ਆਗੂ ਸ. ਬੂਟਾ ਸਿੰਘ ਖੜੌਦ ਨੇ ਵੀ ਵਿਸ਼ੇਸ਼ ਤੌਰ 'ਤੇ ਫੰਡ ਰੇਜਿੰਗ ਲਈ ਉਤਸ਼ਾਹ ਦਿਖਾਇਆ ਅਤੇ ਆਪਣੇ ਵਿਚਾਰ ਵੀ ਪੇਸ਼ ਕੀਤੇ। ਉਨ੍ਹਾਂ ਦੱਸਿਆ ਕਿ ਚੋਣ ਕਿਵੇਂ ਲੜਨੀ ਹੈ । ਇਸ ਤਰ੍ਹਾਂ ਸ. ਬੂਟਾ ਸਿੰਘ ਖੜੌਦ ਨੇ ਐਮ.ਐਲ.ਏ ਦੇ ਦਾਅਵੇਦਾਰ ਅਪਰ ਡਰਬੀ ਤੋਂ ਉਮੀਦਵਾਰ ਇੰਦਰਜੀਤ ਸਿੰਘ ਬੈਂਸ ਦੀ ਚੋਣ ਮੁਹਿੰਮ ਲਈ ਉਪਰਾਲਾ ਕੀਤਾ ।ਸ.ਬੂਟਾ ਸਿੰਘ ਖੜੌਦ ਨੇ ਖ਼ੁਸ਼ੀ ਜ਼ਾਹਰ ਕੀਤੀ ਕਿ ਆਪਣਾ ਪੰਜਾਬੀ ਭਰਾ ਅਮਰੀਕੀ ਰਾਜਨੀਤੀ ਚ ਅੱਗੇ ਆਵੇ।

ਮੁੱਖ ਬੁਲਾਰਿਆਂ ਚ ਰਾਜਵਿੰਦਰ ਸਿੰਘ ਬਦੇਸ਼ਾ, ਜੋਗਾ ਸਿੰਘ, ਲਾਲ ਸਿੰਘ ਅਪਰ ਡਰਬੀ ਇੰਦਰਜੀਤ ਸਿੰਘ ਉਮਰਪੁਰੀ ਨੇ ਵੀ ਇੰਦਰ ਸਿੰਘ ਬੈਂਸ ਦੀ ਮਦਦ ਕਰਨ ਦਾ ਪੂਰਾ ਭਰੋਸਾ ਦਿੱਤਾ। ਐਮਐਲਏ ਦੀ ਚੋਣ ਲੜ ਰਹੇ ਉਮੀਦਵਾਰ ਇੰਦਰਜੀਤ ਸਿੰਘ ਬੈਂਸ ਨੇ ਪ੍ਰੋਗਰਾਮ ਦਾ ਪ੍ਰਬੰਧ ਤੇ ਉਪਰਾਲਾ ਕਰਨ ਲਈ ਹੋਰਨਾਂ ਤੋਂ ਇਲਾਵਾ ਸ਼੍ਰੋਮਣੀ ਅਕਾਲੀ ਦਲ ਅੰਮ੍ਰਿਤਸਰ ਦਾ ਬਹੁਤ ਬਹੁਤ ਧੰਨਵਾਦ ਕੀਤਾ ਅਤੇ ਕਿਹਾ ਕਿ ਸਮੇਂ ਦੀ ਹੁਣ ਵੱਡੀ ਲੋੜ ਹੈ ਕਿ ਜਿਸ ਦੇਸ਼ ਨੂੰ ਅਸੀਂ ਆਪਣੇ ਰਹਿਣ ਲਈ ਚੁਣਿਆ ਹੈ ਉਸ ਦੇ ਰਾਜਨੀਤਕ ਢਾਂਚੇ ਵਿਚ ਵੀ ਸ਼ਾਮਲ ਹੋਈਏ ਤਾਂ ਕਿ ਸਾਡੇ ਆਪਣੇ ਬੱਚੇ ਵੀ ਅਮਰੀਕਾ ਦੇ ਰਾਜਨੀਤਕ ਪਿੜ ਵਿਚ ਦਾਖਲ ਹੋ ਕੇ ਦੇਸ਼ ਤੇ ਕੌਮ ਦੀ ਸੇਵਾ ਕਰ ਸਕਣ ਅਤੇ ਸਿਆਸਤ 'ਚ ਸਾਡੀ ਹੋਰ ਵੀ ਪਹਿਚਾਣ ਬਣ ਸਕੇ। ਉਨ੍ਹਾਂ ਕਿਹਾ ਕਿ ਇਸ ਲਈ ਆਪ ਸਭ ਦੇ ਸਹਿਯੋਗ ਦੀ ਲੋੜ ਹੈ। ਗੌਰਤਲਬ ਹੈ ਕਿ ਇੰਦਰਜੀਤ ਸਿੰਘ ਬੈਂਸ ਪੈਨਸਿਲਵੇਨੀਆ ਦੀ ਡੇਲਵੇਅਰ ਕਾਊਂਟੀ ਦੇ ਅੱਪਰ ਡਰਬੀ 164 ਡਿਸਟਕ ਤੋਂ ਸਟੇਟ ਐਮਐਲਏ ਦੀ ਚੋਣ ਲੜ ਰਹੇ ਹਨ ।

ਅੰਮ੍ਰਿਤਸਰ ਟਾਈਮਜ਼ AMRITSAR TIMES
11 ਜੁਲਾਈ 2018 ਤੋਂ 17 ਜੁਲਾਈ 2018

## ਭਾਰਤ ਵਿਚ ਸਿੱਖਾਂ ਨਾਲ ਵਿਤਕਰੇਬਾਜ਼ੀ ਦਾ ਅਮੁੱਕ ਦੌਰ

ਸਿੱਖਾਂ ਨਾਲ ਭਾਰਤ ਦੇਸ਼ ਵਿੱਚ ਕੀਤੇ ਵਿਸ਼ਵਾਸਘਾਤਾਂ ਦੀ ਫਹਿਰਿਸਤ ਦਿਨੋਂ ਦਿਨ ਲੰਮੀ ਹੀ ਹੁੰਦੀ ਜਾ ਰਹੀ ਹੈ। ਤਾਜ਼ਾ ਮਾਮਲਿਆਂ ਵਿਚ ਭਾਵੇਂ ਉਤਰ ਪੂਰਬੀ ਰਾਜ ਸ਼ਿਲਾਂਗ ਵਿਚੋਂ ਸਿੱਖ ਵਸੋਂ ਦੇ ਜ਼ਬਰਦਸਤੀ ਉਜਾੜੇ ਦੀ ਗੱਲ ਹੋਵੇ, ਸਜ਼ਾਵਾਂ ਪੂਰੀਆਂ ਕਰ ਚੁੱਕੇ ਸਿੱਖ ਕੈਦੀਆਂ ਦੀ ਰਿਹਾਈ ਨਾ ਕਰਨ ਦਾ ਹੋਵੇ ਜਾਂ ਸਿੱਖ ਨੌਜਵਾਨਾਂ ਨੂੰ ਬਿਨਾ ਕਿਸੇ ਕਾਨੂੰਨੀ ਵਿਵਸਥਾ ਦੇ ਦਿੱਲੀ ਦੀ ਤਿਹਾੜ ਸਮੇਤ ਬਾਹਰਲੇ ਰਾਜਾਂ ਦੀਆਂ ਜੇਲ੍ਹਾਂ ਵਿਚ ਰੱਖਣ ਦਾ ਹੋਵੇ, ਇਸ ਦੇਸ਼ ਵਿਚ ਸਿੱਖ ਭਾਈਚਾਰੇ ਨੂੰ ਦੋ ਨੰਬਰ ਦੇ ਸ਼ਹਿਰੀ ਸਮਝੇ ਜਾਣ ਦੀ ਗਵਾਹੀ ਹੀ ਭਰਦਾ ਹੈ।

ਜੇਕਰ ਇਤਿਹਾਸ ਵੱਲ ਨਜ਼ਰ ਮਾਰੀ ਜਾਵੇ ਤਾਂ 21 ਨਵੰਬਰ 1949 ਨੂੰ ਭਾਰਤ ਦੀ ਸੰਵਿਧਾਨ ਘੜਨ ਵਾਲੀ ਸਭਾ 'ਚ ਸਿੱਖਾਂ ਦੇ ਜਿਹੜੇ ਦੋ ਪ੍ਰਤੀਨਿਧ ਹੁਕਮ ਸਿੰਘ ਅਤੇ ਭੂਪਿੰਦਰ ਸਿੰਘ ਮਾਨ, ਸ਼ਾਮਲ ਕੀਤੇ ਗਏ ਸਨ, ਵੱਲੋਂ ਭਾਰਤੀ ਸੰਵਿਧਾਨ ਦੇ ਖਰੜੇ ਉਤੇ ਦਸਤਖ਼ਤ ਕਰਨ ਤੋਂ ਇਹ ਆਖ ਕੇ ਕੋਰਾ ਇਨਕਾਰ ਕਰ ਦਿੱਤਾ ਗਿਆ ਸੀ ਕਿ ਇਹ ਸੰਵਿਧਾਨ ਸਿੱਖਾਂ ਨਾਲ ਵਿਤਕਰਾ ਕਰਦਾ ਹੈ। ਇਸ ਤੋਂ ਥੋੜ੍ਹਾ ਹੋਰ ਪਹਿਲਾਂ ਜਾਈਏ ਤਾਂ ਕਾਂਗਰਸ ਨੇ ਸਿੱਖਾਂ ਨਾਲ ਪਹਿਲਾਂ ਸੰਨ 1929 'ਚ, ਫਿਰ ਸੰਨ 1946 'ਚ ਅਤੇ ਉਸ ਤੋਂ ਬਾਅਦ 6 ਜਨਵਰੀ 1947 ਅਤੇ 8 ਮਾਰਚ 1947 ਨੂੰ ਇਹ ਵਾਅਦਾ ਕੀਤਾ ਗਿਆ ਸੀ ਕਿ ਉਨਾਂ ਨੂੰ ਆਜ਼ਾਦ ਭਾਰਤ ਵਿਚ ਵਿਸ਼ੇਸ਼ ਅਧਿਕਾਰ ਅਤੇ ਸੁਤੰਤਰ ਹੋਂਦ ਵਾਲਾ ਖਿੱਤਾ ਦਿੱਤਾ ਜਾਵੇਗਾ। ਭਾਰਤੀ ਸੰਵਿਧਾਨ 'ਚ ਸਿੱਖਾਂ ਨੂੰ ਵਿਸ਼ੇਸ਼ ਅਧਿਕਾਰ ਦੇਣ ਤੋਂ ਇਹ ਆਖ਼ ਕੇ ਇਨਕਾਰ ਕਰ ਦਿੱਤਾ ਗਿਆ ਕਿ ਸਿੱਖਾਂ ਨਾਲ ਕੀਤੇ ਵਾਅਦੇ ਨਿਭਾਉਣ ਨਾਲ ਸੰਵਿਧਾਨ ਬਦਸ਼ਕਲ ਹੋ ਜਾਵੇਗਾ। ਇਸ ਸੰਵਿਧਾਨ ਨੇ ਸੂਬਿਆਂ ਨੂੰ ਵੀ ਵੱਧ ਅਧਿਕਾਰ ਨਹੀਂ ਦਿੱਤੇ। ਹੁਕਮ ਸਿੰਘ ਨੇ ਸੰਵਿਧਾਨ ਘੜਨੀ ਸਭਾ 'ਚ ਸਾਫ਼-ਸਾਫ਼ ਆਖਿਆ ਸੀ, ਕਿ ਸਿੱਖ ਕੌਮ ਇਸ ਇਤਿਹਾਸਕ ਦਸਤਾਵੇਜ਼ ਨੂੰ ਮਨਜ਼ੂਰੀ ਨਹੀਂ ਦੇ ਸਕਦੀ। ਜਿਸ ਦੇਸ਼ ਦੀ ਅਜ਼ਾਦੀ ਲਈ ਸਿੱਖਾਂ ਨੇ ਸਭ ਤੋਂ ਵੱਧ ਕੁਰਬਾਨੀਆਂ ਕੀਤੀਆਂ ਅਤੇ ਹਿੰਦੂ ਆਗੂਆਂ ਦੇ ਵਾਅਦਿਆਂ, ਭਰੋਸਿਆਂ ਤੇ ਵਿਸ਼ਵਾਸ ਕਰਕੇ, ਆਪਣੀ ਹੋਣੀ ਇਸ ਦੇਸ਼ ਨਾਲ ਜੋੜੀ, ਉਸ ਦੇਸ਼ ਦੇ ਹਾਕਮਾਂ ਨੇ ਪਹਿਲੇ ਹੱਲੇ ਹੀ ਸਿੱਖਾਂ ਨਾਲ ਵਿਸ਼ਵਾਸਘਾਤ ਕੀਤਾ। ਇਹੋ ਕਾਰਣ ਹੈ ਕਿ ਭਾਰਤ ਦੀ ਅਜ਼ਾਦੀ ਦੇ ਇੰਨੇ ਵਰ੍ਹੇ ਲੰਘ ਜਾਣ ਉਤੇ ਵੀ ਸਿੱਖਾਂ ਨਾਲ ਦੂਜੇ ਦਰਜੇ ਦੇ ਸ਼ਹਿਰੀ ਵਾਲਾ ਵਰਤਾਉ ਹੋ ਰਿਹਾ ਹੈ।

ਅੱਜ ਸਿੱਖਾਂ ਦੀ ਸਰਜ਼ਮੀਨ ਪੰਜਾਬ ਨੂੰ ਚੂੰਡ ਲਿਆ ਗਿਆ ਹੈ, ਪ੍ਰੰਤੂ ਉਸ ਦਾ ਜੀਵਨ ਬਚਾਉਣ ਲਈ ਕੁਝ ਵੀ ਨਹੀਂ ਕੀਤਾ ਜਾ ਰਿਹਾ। ਕਹਿਣ ਮੁਤਾਬਕ ਭਾਰਤੀ ਸੰਵਿਧਾਨ ਦੇਸ਼ ਦੇ ਹਰ ਨਾਗਰਿਕ ਨੂੰ ਬਰਾਬਰੀ ਦਾ ਦਰਜਾ ਦਿੰਦਾ ਹੈ ਪਰ ਸਿੱਖਾਂ ਨਾਲ ਵਿਸ਼ਵਾਸਘਾਤ ਤੇ ਵਿਤਕਰੇਬਾਜ਼ੀ ਦਾ ਸਿਲਸਿਲਾ ਪੈਰ-ਪੈਰ ਉਤੇ ਜਾਰੀ ਹੈ। ਤਾਜ਼ਾ ਮਾਮਲਾ ਸਿੱਖ ਕੌਮ ਦੇ ਹਰਮਨਪਿਆਰੇ ਆਗੂ ਜਗਤਾਰ ਸਿੰਘ ਹਵਾਰਾ ਨੂੰ ਪੰਜਾਬ ਤੋਂ ਬਾਹਰ ਦਿੱਲੀ ਦੀ ਤਿਹਾੜ ਜ਼ੇਲ੍ਹ ਵਿਚ ਰੱਖਣ ਦਾ ਹੈ। ਭਾਈ ਹਵਾਰਾ ਉਤੇ ਪੰਜਾਬ ਤੋਂ ਬਾਹਰ ਕਿਸੇ ਵੀ ਰਾਜ ਵਿਚ ਕੋਈ ਕੇਸ ਬਕਾਇਆ ਨਹੀਂ ਹੈ ਪਰ ਇਸ ਸਭ ਦੇ ਬਾਵਜੂਦ ਨਾ ਪੰਜਾਬ ਸਰਕਾਰ ਤੇ ਨਾ ਹੀ ਕੇਂਦਰ ਸਰਕਾਰ ਉਨ੍ਹਾਂ ਨੂੰ ਪੰਜਾਬ ਦੀ ਕਿਸੇ ਜ਼ੇਲ੍ਹ ਵਿਚ ਬਦਲਣ ਨਹੀ ਰਾਜ਼ੀ ਨਹੀਂ ਹਨ। ਸਿੱਖਾਂ ਦੀ ਮੰਗ ਨੂੰ ਪੰਜਾਬ ਸਰਕਾਰ ਦੇ ਮੰਤਰੀ ਤ੍ਰਿਪਤ ਰਾਜਿੰਦਰ ਸਿੰਘ ਬਾਜਵਾ ਸਿਰੇ ਤੋਂ ਨਕਾਰ ਗਏ ਹਨ।

ਜਦੋਂ ਸਿੱਖ ਆਪਣੀ ਆਜ਼ਾਦੀ ਦੀ, ਆਪਣੇ ਅਧਿਕਾਰਾਂ ਦੀ ਗੱਲ ਕਰਦਾ ਹੈ ਤਾਂ ਉਸ ਵਿਰੁੱਧ ਇਸ ਦੇਸ਼ ਦਾ ਕਾਨੂੰਨ, ਕਾਨੂੰਨੀ ਡੰਡਾ ਲੈ ਕੇ ਝੱਟ-ਪੱਟ ਹਮਲਾ ਕਰ ਦਿੰਦਾ ਹੈ ਪ੍ਰੰਤੂ ਜਦੋਂ ਸਿੱਖ, ਭਾਰਤੀ ਸੰਵਿਧਾਨ ਦੇ ਦਾਇਰੇ ਵਿਚ ਰਹਿ ਕੇ ਹੀ ਦਲੀਲ ਨਾਲ ਗੱਲ ਕਰਦਾ ਹੈ ਤਾਂ ਭਾਰਤੀ ਸੰਵਿਧਾਨ ਤੇ ਕਾਨੂੰਨ ਦੋਵੇਂ ਘੋਗਲ ਕੰਨੇ ਹੋ ਜਾਂਦੇ ਹਨ। ਦੇਸ਼ ਦੇ ਕਿਸੇ ਵੀ ਹਿੱਸੇ 'ਚ ਸਿੱਖਾਂ ਦੀਆਂ ਧੀਆਂ-ਭੈਣਾਂ ਸੁੱਰਖਿਅਤ ਨਹੀਂ ਹਨ। ਜੇ ਉਹ ਆਪਣੀਆਂ ਧੀਆਂ-ਭੈਣਾਂ ਦੀ ਰਾਖ਼ੀ ਕਰਦੇ ਹਨ ਤਾਂ ਉਹਨਾਂ 'ਤੇ ਫਿਰਕੂ ਤੇ ਸਮੂਹਿਕ ਹੱਲੇ ਸ਼ੁਰੂ ਕਰ ਦਿੱਤੇ ਜਾਂਦੇ ਹਨ। ਸ਼ਿਲਾਂਗ 'ਚ ਸਿੱਖ ਕੁੜੀ ਨਾਲ ਸ਼ਰੇਆਮ ਛੇੜ-ਛਾੜ ਕਰਨ ਵਾਲੇ ਗੁੰਡਿਆਂ ਵਿਰੁਧ, ਸਿੱਖ ਨੌਜਵਾਨਾਂ ਵੱਲੋਂ ਕੀਤੀ ਕਾਰਵਾਈ ਦਾ, ਸਮੂਹਿਕ ਵਿਰੋਧ ਕੀਤਾ ਗਿਆ ਅਤੇ ਭੀੜਾਂ ਨੇ ਸਿੱਖਾਂ ਦੀਆਂ ਦੁਕਾਨਾਂ, ਮਕਾਨਾਂ ਨੂੰ ਅੱਗਾਂ ਲਾਉਣੀਆਂ ਸ਼ੁਰੂ ਕਰ ਦਿੱਤੀਆਂ।

ਸਿੱਖਾਂ ਨੂੰ ਸਮਝ ਲੈਣਾ ਚਾਹੀਦਾ ਹੈ ਕਿ ਕੀ ਕਾਰਨ ਹਨ ਕਿ ਨਵੰਬਰ ਚੁਰਾਸੀ ਦੇ ਦਿੱਲੀ ਸਿੱਖ ਕਤਲੇਆਮ ਵਰਗੇ ਘਿਨਾਉਣੇ ਕਾਂਡ ਦੇ ਪੀੜਤਾਂ ਨੂੰ ਇਨਸਾਫ ਲੈਣ ਵਾਸਤੇ ਅੱਜ ਤਕ ਵੀ ਅਦਾਲਤਾਂ ਵਿਚ ਰੁਲਣਾ ਪੈ ਰਿਹਾ ਹੈ। ਉਨ੍ਹਾਂ ਦੇ ਸਭ ਤੋਂ ਵੱਧ ਮੁਕੱਦਸ ਅਸਥਾਨ ਦਰਬਾਰ ਸਾਹਿਬ ਉਤੇ ਭਾਰਤੀ ਫੌਜਾਂ ਚੜ੍ਹ ਆਉਂਦੀਆਂ ਹਨ। ਸਿੱਖ ਨੌਜਵਾਨਾਂ ਨੂੰ ਝੂਠੇ ਪੁਲਿਸ ਮੁਕਾਬਲਿਆਂ ਵਿਚ ਮਾਰ ਮੁਕਾਇਆ ਜਾਂਦਾ ਹੈ। ਪੰਜਾਬ ਦੀ ਆਰਥਿਕਤਾ ਨੂੰ ਇਕ ਯੋਜਨਾਬੱਧ ਢੰਗ ਨਾਲ ਬਰਬਾਦ ਕੀਤਾ ਜਾਂਦਾ ਹੈ। ਪੰਜਾਬ ਦੀ ਜਵਾਨੀ ਨਸ਼ਿਆਂ ਦੇ ਚੁੰਗਲ ਵਿਚ ਫਸ ਕੇ ਰਹਿ ਗਈ ਹੈ ਪਰ ਦੇਸ਼ ਘੂਕ ਸੌਂ ਰਿਹਾ ਹੈ।

ਸਿੱਖ ਇਤਿਹਾਸ ਦਾ ਕੋਈ ਅਜਿਹਾ ਪੰਨਾ ਨਹੀਂ ਜਿਹੜਾ ਸ਼ਹੀਦਾਂ ਦੇ ਖ਼ੂਨ ਨਾਲ ਨਾ ਲਿਖਿਆ ਗਿਆ ਹੋਵੇ। ਇਤਿਹਾਸ ਕੌਮਾਂ ਦੀ ਅਗਵਾਈ ਕਰਦਾ ਹੈ ਅਤੇ ਸ਼ਹੀਦ ਕੌਮ ਦੇ ਪ੍ਰੇਰਨਾ ਸਰੋਤ ਬਣਦੇ ਹਨ। ਹਰ ਚੜ੍ਹਦਾ ਸੂਰਜ ਸਿੱਖ ਕੌਮ ਲਈ ਕਿਸੇ ਨਾ ਕਿਸੇ ਮਹਾਨ ਸ਼ਹੀਦ ਦੀ ਸ਼ਹਾਦਤ ਦੁਆਰਾ ਕੌਮ ਨੂੰ ਵਿਖਾਏ ਮਾਰਗ ਦਾ ਸੁਨੇਹਾ ਲੈ ਕੇ ਆਉਂਦਾ ਹੈ।ਸਮੇਂ ਦੇ ਹਾਣੀ ਬਣਕੇ ਸਮੇਂ ਦੀ ਤੋਰ ਨਾਲ ਤੁਰਨ ਵਾਲੀਆਂ ਕੌਮਾਂ ਤੇ ਦੇਸ਼ ਹੀ ਲੰਬਾ ਸਮਾਂ ਆਪਣੀ ਹੋਂਦ ਬਣਾਈ ਰੱਖ ਸਕਦੇ ਹਨ। ਨਸ਼ਿਆਂ, ਵਿਹਲੜਪੁਣੇ ਤੇ ਲੱਚਰਤਾ ਦੇ ਦਰਿਆ 'ਚ ਰੁੜ੍ਹਦੀ ਜੁਆਨੀ ਦੀ ਰਾਖੀ ਪੰਜਾਬ ਵਾਸੀਆਂ ਲਈ ਸਮੇਂ ਦੀ ਵੱਡੀ ਚੁਣੌਤੀ ਬਣਕੇ ਸਾਹਮਣੇ ਆਈ ਹੈ। ਜੁਆਨੀ ਦੇ ਦਿਸ਼ਾਹੀਣ ਹੋਣ ਨਾਲ ਤੇ ਪਦਾਰਥਵਾਦ ਦੀ ਝੁੱਲਦੀ ਹਨ੍ਹੇਰੀ ਨੇ ਸਾਡੀਆਂ ਨੈਤਿਕ ਕਦਰਾਂ ਕੀਮਤਾਂ ਤੇ ਰਿਸ਼ਤਿਆਂ ਦੀ ਰਾਖੀ ਵੀ ਜ਼ਰੂਰੀ ਬਣਾ ਦਿੱਤੀ ਹੈ। ਇਹ ਸਪੱਸ਼ਟ ਹੋ ਗਿਆ ਹੈ ਕਿ ਭਗਵਾਂ ਤੇ ਚਿੱਟੀਆਂ ਦੋਵੇਂ ਸਰਕਾਰਾਂ ਸਿੱਖਾਂ ਦੀਆਂ ਧਾਰਮਿਕ ਭਾਵਨਾਵਾਂ ਨੂੰ ਠੇਸ ਪਹੁੰਚਾਉਣ ਲਈ ਪੂਰੀ ਤਰਾਂ ਬਾਜ਼ਿੱਦ ਹਨ। ਇਸ ਲਈ ਹੁਣ ਕੌਮ ਦੀ ਏਕਤਾ ਅਤੇ ਸਿੱਖ ਸਿਧਾਂਤਾਂ ਪ੍ਰਤੀ ਸਾਡੀ ਦ੍ਰਿੜਤਾ ਹੀ ਬੇੜੀ ਪਾਰ ਲਗਾ ਸਕਦੀ ਹੈ।

# ਦਰਬਾਰ ਸਾਹਿਬ ਦੀ ਇਮਾਰਤ 'ਚ ਤਬਦੀਲੀਆਂ ਕਿਉਂ ?

**ਸ੍ਰੀ ਦਰਬਾਰ ਸਾਹਿਬ ਦੀ ਇਮਾਰਤ ਦਾ ਡਿਜ਼ਾਈਨ ਇਸ ਤਰ੍ਹਾਂ ਦਾ ਹੈ ਕਿ ਇਸ ਅੰਦਰ ਲੋਂੜੀਦੀ ਕੁਦਰਤੀ ਹਵਾ ਤੇ ਰੋਸ਼ਨੀ ਜਾਂਦੇ ਹਨ ਅਤੇ ਇਸ ਨਾਲ ਛੇੜ-ਛਾੜ ਨਹੀਂ ਕੀਤੀ ਜਾ ਸਕਦੀ। ਸ਼੍ਰੋਮਣੀ ਕਮੇਟੀ ਨੂੰ ਇਹ ਦੱਸਣਾ ਚਾਹੀਦਾ ਹੈ ਕਿ ਸ੍ਰੀ ਦਰਬਾਰ ਸਾਹਿਬ ਦੀ ਇਮਾਰਤ ਨਾਲ ਛੇੜ-ਛਾੜ ਮਰਿਯਾਦਾ ਦਾ ਮਸਲਾ ਬਣਦਾ ਹੈ ਜਾਂ ਨਹੀਂ ਪਰ ਇਸ ਨਾਲ ਇੱਥੋਂ ਦੇ ਆਲੇ-ਦੁਆਲੇ ਅਤੇ ਮਾਹੌਲ ਦੀ ਇੱਕਸੁਰਤਾ ਜ਼ਰੂਰ ਭੰਗ ਹੁੰਦੀ ਹੈ। ਪਿਛਲੇ ਹਫ਼ਤੇ ਜਦੋਂ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਨੂੰ ਇਸ ਸਬੰਧੀ ਪੁੱਛਿਆ ਗਿਆ ਤਾਂ ਉਨ੍ਹਾਂ ਇਸ ਬਾਰੇ ਅਣਜਾਣਤਾ ਪ੍ਰਗਟਾਈ। ਜੇ ਉਨ੍ਹਾਂ ਨੂੰ ਇਸ ਤਬਦੀਲੀ ਬਾਰੇ ਇਲਮ ਨਹੀਂ, ਫਿਰ ਸ਼੍ਰੋਮਣੀ ਕਮੇਟੀ ਦੇ ਅਧਿਕਾਰੀਆਂ ਨੂੰ ਇਸ ਸਬੰਧੀ ਹੁਕਮ ਕਿਸ ਨੇ ਦਿੱਤੇ ? ਸ਼੍ਰੋਮਣੀ ਕਮੇਟੀ ਚੁਣਿਆ ਹੋਇਆ ਅਤੇ ਸੰਵਿਧਾਨਕ ਅਦਾਰਾ ਹੈ ਪਰ ਇਸ ਵਰਤਾਰੇ ਤੋਂ ਸਪੱਸ਼ਟ ਹੈ ਕਿ ਇਸ ਦੇ ਪ੍ਰਬੰਧ ਵਿੱਚ ਬਾਹਰੋਂ ਦਖ਼ਲਅੰਦਾਜ਼ੀ ਕੀਤੀ ਜਾਂਦੀ ਹੈ। ਸਿੱਖ ਜਗਤ ਨੂੰ ਇਹ ਜ਼ਰੂਰ ਦੇਖਣਾ ਚਾਹੀਦਾ ਹੈ ਕਿ ਸ੍ਰੀ ਦਰਬਾਰ ਸਾਹਿਬ ਦੀ ਇਮਾਰਤ ਵਿੱਚ ਕੀਤੀਆਂ ਜਾ ਰਹੀਆਂ ਇਹ ਤਬਦੀਲੀਆਂ ਅਣਜਾਣਤਾ ਵਿੱਚੋਂ ਸੁੱਤੇ-ਸਿੱਧ ਕੀਤੀਆਂ ਜਾ ਰਹੀਆਂ ਹਨ ਜਾਂ ਫਿਰ ਕਿਸੇ ਖਾਸ ਨੀਤੀ ਅਧੀਨ ਕੀਤੀਆਂ ਜਾ ਰਹੀਆਂ ਹਨ।**

**ਜਗਤਾਰ ਸਿੰਘ**
ਸੀਨੀਅਰ ਪੱਤਰਕਾਰ
ਸੰਪਰਕ: 97797-11201



ਚੋਟੀ ਦੀਆਂ ਸਿੱਖ ਸੰਸਥਾਵਾਂ ਵਿਚ ਨਿਘਾਰ ਤੋਂ ਬਾਅਦ ਹੁਣ ਸ੍ਰੀ ਦਰਬਾਰ ਸਾਹਿਬ ਦਾ ਨੁਕਸਾਨ ਹੋਣ ਦਾ ਖ਼ਦਸ਼ਾ ਖੜ੍ਹਾ ਹੋ ਗਿਆ ਹੈ। ਪਿਛਲੇ ਮਹੀਨਿਆਂ ਦੌਰਾਨ ਸਿੱਖ ਜਗਤ ਦੇ ਇਸ ਸਭ ਤੋਂ ਮੁਕੱਦਸ ਤੇ ਇਤਿਹਾਸਕ ਸਥਾਨ ਦੀ ਪਵਿੱਤਰਤਾ, ਇੱਕਸੁਰਤਾ ਤੇ ਇਕਾਗਰਤਾ ਭੰਗ ਹੋ ਰਹੀ ਹੈ; ਉਹ ਵੀ ਕਿਸੇ ਹੋਰ ਵੱਲੋਂ ਨਹੀਂ ਸਗੋਂ ਖ਼ੁਦ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਜਿਹੜੀ ਇਸ ਸਥਾਨ ਦੀ ਸੇਵਾ ਸੰਭਾਲ ਤੇ ਪ੍ਰਬੰਧ ਲਈ ਜ਼ਿੰਮੇਵਾਰ ਹੈ। ਇਸ ਰੂਹਾਨੀ ਸਥਾਨ ਨੂੰ ਸੈਰ ਸਪਾਟੇ ਦੇ ਕੇਂਦਰ ਪੱਖੋਂ ਸੁੰਦਰ ਬਣਾਉਣ ਦੇ ਨਾਂ ਹੇਠ ਇਸ ਦੀ ਇੱਕਸੁਰਤਾ ਤੇ ਪੁਰਾਤਨ ਮੌਲਿਕਤਾ ਨੂੰ ਭੰਗ ਕੀਤਾ ਜਾ ਰਿਹਾ ਹੈ। ਸ੍ਰੀ ਦਰਬਾਰ ਸਾਹਿਬ ਹਿੰਦੋਸਤਾਨ ਹੀ ਨਹੀਂ, ਸ਼ਾਇਦ ਦੁਨੀਆ ਦਾ ਇੱਕੋ-ਇੱਕ ਅਜਿਹਾ ਸਥਾਨ ਹੈ ਜਿਸ ਦੇ ਦਰਸ਼ਨ ਕਰਨ ਹਰ ਰੋਜ਼ ਸਭ ਤੋਂ ਵੱਧ ਲੋਕ ਆਉਂਦੇ ਹਨ।

ਸ੍ਰੀ ਦਰਬਾਰ ਸਾਹਿਬ ਦੀ ਅੰਦਰਲੀ ਇਮਾਰਤ ਜਾਂ ਸੱਚਖੰਡ ਸ੍ਰੀ ਹਰਿਮੰਦਰ ਦੇ ਉਸ ਹਿੱਸੇ ਵਿੱਚ ਪਿੱਛੇ ਜਿਹੇ ਕੁਝ ਨਵੇਂ ਵਾਧੇ ਕੀਤੇ ਗਏ ਹਨ ਜਿੱਥੇ ਬਹੁਤ ਹੀ ਸਖ਼ਤ ਜ਼ਰੂਰਤ ਤੋਂ ਬਿਨਾਂ ਕੋਈ ਤਬਦੀਲੀ ਨਹੀਂ ਕੀਤੀ ਜਾਣੀ ਚਾਹੀਦੀ। ਘੰਟਾ ਘਰ ਵਾਲੇ ਪਾਸੇ ਦੀ ਦੀਵਾਰ ਦੀ ਰੇਲਿੰਗ ਉੱਤੇ ਏਅਰ ਕੰਡੀਸ਼ਨਰਾਂ ਦੇ ਦੋ ਵੱਡ ਅਕਾਰੀ ਪੱਖੇ ਫਿੱਟ ਕਰ ਦਿੱਤੇ ਗਏ ਹਨ। ਜਿਹੜੇ ਅਧਿਕਾਰੀਆਂ ਨੇ ਇੱਥੇ ਇਹ ਪੱਖੇ ਲਾਉਣ ਦਾ ਫ਼ੈਸਲਾ ਕੀਤਾ ਹੈ, ਉਨ੍ਹਾਂ ਨੂੰ ਸ਼ਾਇਦ ਸ੍ਰੀ ਦਰਬਾਰ ਸਾਹਿਬ ਦੇ ਮੂਲ ਸਿਧਾਂਤ ਅਤੇ ਇਸ ਦੇ ਰੂਹਾਨੀ ਸੁਹਜ ਦਾ ਅਹਿਸਾਸ ਹੀ ਨਹੀਂ ਹੈ। ਸ੍ਰੀ ਦਰਬਾਰ ਸਾਹਿਬ ਦੇ ਆਲੇ-ਦੁਆਲੇ ਨਾਲ ਇੱਕਸੁਰ ਨਾ ਹੋਣ ਕਾਰਨ ਇਹ ਪੱਖੇ ਸ਼ਰਧਾਲੂਆਂ ਦੀਆਂ ਅੱਖਾਂ ਨੂੰ ਚੁਭਦੇ ਹਨ। ਦੋਵੇਂ ਪੱਖੇ ਜਿਹੜੇ ਏਅਰ ਕੰਡੀਸ਼ਨਰਾਂ ਨਾਲ ਜੁੜੇ ਹੋਏ ਹਨ, ਉਹ ਇਮਾਰਤ ਦੇ ਅੰਦਰ ਫਿੱਟ ਕਰ ਦਿੱਤੇ ਗਏ ਹਨ ਜਿੱਥੇ ਪਹਿਲਾਂ ਹੀ ਸ਼ਰਧਾਲੂਆਂ ਲਈ ਜਗ੍ਹਾ ਕਾਫੀ ਘੱਟ ਹੈ। ਇਨ੍ਹਾਂ ਵਿੱਚੋਂ ਇੱਕ ਏਅਰ ਕੰਡੀਸ਼ਨਰ ਕੁਝ ਸਾਲ ਪਹਿਲਾਂ ਲਾਇਆ ਗਿਆ ਸੀ। ਇਹ ਉਸ ਸਮੇਂ ਲਾਇਆ ਗਿਆ ਸੀ ਜਦੋਂ ਕਿਸੇ ਨੇ ਸ੍ਰੀ ਦਰਬਾਰ ਸਾਹਿਬ ਅਤੇ ਹੋਰ ਗੁਰਦੁਆਰਿਆਂ ਦੇ ਲੰਗਰ ਵਿਚ ਹਫ਼ਤਾਵਾਰੀ ਮੀਨੂ ਲਾਗੂ ਕਰਨ ਦਾ ਸੁਝਾਅ ਵੀ ਦਿੱਤਾ ਸੀ। ਦੂਜਾ ਏਅਰ ਕੰਡੀਸ਼ਨਰ ਹੁਣ ਲਾਇਆ ਗਿਆ ਹੈ। ਇਮਾਰਤ ਦੀ ਰੇਲਿੰਗ ਉੱਤੇ ਪੱਖੇ ਦੂਜਾ ਏਅਰ ਕੰਡੀਸ਼ਨਰ ਲਾਉਣ ਤੋਂ ਬਾਅਦ ਫਿੱਟ ਕੀਤੇ ਗਏ ਹਨ।

ਸ੍ਰੀ ਦਰਬਾਰ ਸਾਹਿਬ ਦੀ ਇਮਾਰਤ ਦਾ ਡਿਜ਼ਾਈਨ ਇਸ ਤਰ੍ਹਾਂ ਦਾ ਹੈ ਕਿ ਇਸ ਅੰਦਰ ਲੋਂੜੀਦੀ ਕੁਦਰਤੀ ਹਵਾ ਤੇ ਰੋਸ਼ਨੀ ਜਾਂਦੇ ਹਨ ਅਤੇ ਇਸ ਨਾਲ ਛੇੜ-ਛਾੜ ਨਹੀਂ ਕੀਤੀ ਜਾ ਸਕਦੀ। ਸ਼੍ਰੋਮਣੀ ਕਮੇਟੀ ਨੂੰ ਇਹ ਦੱਸਣਾ ਚਾਹੀਦਾ ਹੈ ਕਿ ਸ੍ਰੀ ਦਰਬਾਰ ਸਾਹਿਬ ਦੀ ਇਮਾਰਤ ਨਾਲ ਛੇੜ-ਛਾੜ ਮਰਿਯਾਦਾ ਦਾ ਮਸਲਾ ਬਣਦਾ ਹੈ ਜਾਂ ਨਹੀਂ ਪਰ ਇਸ ਨਾਲ ਇੱਥੋਂ ਦੇ ਆਲੇ-ਦੁਆਲੇ ਅਤੇ ਮਾਹੌਲ ਦੀ ਇੱਕਸੁਰਤਾ ਜ਼ਰੂਰ ਭੰਗ ਹੁੰਦੀ ਹੈ। ਪਿਛਲੇ ਹਫ਼ਤੇ ਜਦੋਂ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਨੂੰ ਇਸ ਸਬੰਧੀ ਪੁੱਛਿਆ ਗਿਆ ਤਾਂ ਉਨ੍ਹਾਂ ਇਸ ਬਾਰੇ ਅਣਜਾਣਤਾ ਪ੍ਰਗਟਾਈ। ਜੇ ਉਨ੍ਹਾਂ ਨੂੰ ਇਸ ਤਬਦੀਲੀ ਬਾਰੇ ਇਲਮ ਨਹੀਂ, ਫਿਰ ਸ਼੍ਰੋਮਣੀ ਕਮੇਟੀ ਦੇ ਅਧਿਕਾਰੀਆਂ ਨੂੰ ਇਸ ਸਬੰਧੀ ਹੁਕਮ ਕਿਸ ਨੇ ਦਿੱਤੇ ? ਸ਼੍ਰੋਮਣੀ ਕਮੇਟੀ ਚੁਣਿਆ ਹੋਇਆ ਅਤੇ ਸੰਵਿਧਾਨਕ ਅਦਾਰਾ ਹੈ ਪਰ ਇਸ ਵਰਤਾਰੇ ਤੋਂ ਸਪੱਸ਼ਟ ਹੈ ਕਿ ਇਸ ਦੇ ਪ੍ਰਬੰਧ ਵਿੱਚ ਬਾਹਰੋਂ ਦਖ਼ਲਅੰਦਾਜ਼ੀ ਕੀਤੀ ਜਾਂਦੀ ਹੈ। ਸਿੱਖ ਜਗਤ ਨੂੰ ਇਹ ਜ਼ਰੂਰ ਦੇਖਣਾ ਚਾਹੀਦਾ ਹੈ ਕਿ ਸ੍ਰੀ ਦਰਬਾਰ ਸਾਹਿਬ ਦੀ ਇਮਾਰਤ ਵਿੱਚ ਕੀਤੀਆਂ ਜਾ ਰਹੀਆਂ ਇਹ ਤਬਦੀਲੀਆਂ ਅਣਜਾਣਤਾ ਵਿੱਚੋਂ ਸੁੱਤੇ-ਸਿੱਧ ਕੀਤੀਆਂ ਜਾ ਰਹੀਆਂ ਹਨ ਜਾਂ ਫਿਰ ਕਿਸੇ ਖਾਸ ਨੀਤੀ ਅਧੀਨ ਕੀਤੀਆਂ ਜਾ ਰਹੀਆਂ ਹਨ।

ਤਕਰੀਬਨ ਤਿੰਨ ਕੁ ਦਹਾਕੇ ਪਹਿਲਾਂ ਕਿਸੇ 'ਸਿਆਣੇ' ਸ਼ਖ਼ਸ ਦੇ ਸੁਝਾਅ ਉੱਤੇ ਸ਼੍ਰੋਮਣੀ ਕਮੇਟੀ ਨੇ ਸ੍ਰੀ ਦਰਬਾਰ ਸਾਹਿਬ ਦੀ ਇਮਾਰਤ ਦੀ ਛੱਤ ਉੱਤੇ ਪਲਾਸਟਿਕ ਦੀ ਸ਼ੀਟ ਵਿਛਾ ਦਿੱਤੀ ਸੀ ਜਿਸ ਨਾਲ ਇਸ ਦੀ ਛੱਤ ਵਿੱਚੋਂ ਬਾਹਰ ਜਾਂਦੇ ਜਲ ਕਣ ਬੰਦ ਹੋ ਗਏ ਸਨ। ਇਸ ਕਰ ਕੇ ਹੀ ਅੰਦਰ ਵਧੀ ਸਿਲ੍ਹ ਕਾਰਨ ਇਮਾਰਤ ਦੀ ਛੱਤ ਅਤੇ ਕੰਧਾਂ ਉੱਤੇ ਹੋਈ ਮੀਨਾਕਾਰੀ ਅਤੇ ਚਿੱਤਰ ਨੁਕਸਾਨੇ ਗਏ ਸਨ। ਕੁਝ ਸਮਾਂ ਪਹਿਲਾਂ ਸ੍ਰੀ ਦਰਬਾਰ ਸਾਹਿਬ ਦੇ ਅੰਦਰ ਇਸ ਦੀਆਂ ਚਾਰੇ ਕੰਧਾਂ ਉੱਤੇ ਤੇਜ਼ ਲਾਈਟਾਂ ਲਾਉਣ ਤੋਂ ਬਿਨਾ ਇੱਕ ਲਾਈਟ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਪ੍ਰਕਾਸ਼ ਸਥਾਨ ਦੇ ਨੇੜੇ ਵੀ ਲਾਈ ਗਈ ਹੈ। ਕਿਸੇ ਨੂੰ ਨਹੀਂ ਪਤਾ ਕਿ ਇਹ ਲਾਈਟਾਂ ਲਾਉਣ ਅਤੇ ਇਸ ਦੀਆਂ ਤਾਰਾਂ ਪਾਉਣ ਲਈ ਇਮਾਰਤ ਨੂੰ ਕਿੰਨਾ ਨੁਕਸਾਨ ਹੋਇਆ ਹੋਵੇਗਾ ਜਦੋਂ ਕਿ ਲੋਂੜੀਦੀ ਰੋਸ਼ਨੀ ਲਈ ਲਾਈਟ ਸਿਸਟਮ ਪਹਿਲਾਂ ਹੀ ਮੌਜੂਦ ਸੀ। ਇਥੇ ਕੀਤੀ ਤੇਜ਼ ਰੋਸ਼ਨੀ ਅੱਖਾਂ ਨੂੰ ਚੁੱਭਦੀ ਹੈ। ਦੱਸਣਯੋਗ ਹੈ ਕਿ ਪੀਟੀਸੀ ਟੀਵੀ ਚੈਨਲ ਕੋਲ ਸ੍ਰੀ ਦਰਬਾਰ ਸਾਹਿਬ ਤੋਂ ਗੁਰਬਾਣੀ ਕੀਰਤਨ ਦੇ ਸਿੱਧੇ ਪ੍ਰਸਾਰਨ ਦਾ ਏਕਾਧਿਕਾਰ ਹੈ। ਹੋ ਸਕਦਾ ਹੈ, ਇਥੇ ਤੇਜ਼ ਲਾਈਟਾਂ ਇਸ ਟੀਵੀ ਪ੍ਰਸਾਰਨ ਨੂੰ ਵਧੇਰੇ ਅਸਰਦਾਰ ਬਣਾਉਣ ਲਈ ਲਾਈਆਂ ਗਈਆਂ ਹੋਣ। ਇੱਥੇ ਜਿੰਨੀਆਂ ਲਾਈਟਾਂ ਵੱਧ ਲਾਈਆਂ ਜਾ ਰਹੀਆਂ ਹਨ, ਓਨੀ ਹੀ ਵੱਧ ਤਪਸ਼ ਪੈਦਾ ਹੁੰਦੀ ਹੈ ਜਿਸ ਨੂੰ ਘਟਾਉਣ ਲਈ ਫਿਰ ਏਅਰ ਕੰਡੀਸ਼ਨਰ ਲਾਉਣੇ ਪੈਂਦੇ ਹਨ।

ਸ਼੍ਰੋਮਣੀ ਕਮੇਟੀ ਦੀਆਂ 2004 ਵਿੱਚ ਹੋਈਆਂ ਆਮ ਚੋਣਾਂ ਮੌਕੇ ਸ਼੍ਰੋਮਣੀ ਕਮੇਟੀ ਵੱਲੋਂ ਆਪਣਾ ਟੀਵੀ ਚੈਨਲ ਚਲਾਉਣ ਦੇ ਸਿੱਖ ਜਗਤ ਨਾਲ ਕੀਤੇ ਗਏ ਵਾਅਦੇ ਨੂੰ ਸ਼੍ਰੋਮਣੀ ਅਕਾਲੀ ਦਲ ਨੇ ਵਿਸਾਰ ਹੀ ਦਿੱਤਾ ਹੈ। ਪਾਰਟੀ ਵੱਲੋਂ ਉਸ ਮੌਕੇ ਜਾਰੀ ਕੀਤੇ ਚੋਣ ਮੈਨੀਫੈਸਟੋ ਵਿੱਚ ਕਿਹਾ ਗਿਆ ਸੀ, ਆਧੁਨਿਕ ਤੇ ਰਵਾਇਤੀ ਪ੍ਰਚਾਰ ਸਾਧਨਾਂ ਦੀ ਸਹਾਇਤਾ ਨਾਲ ਸਿੱਖ ਸਿਧਾਂਤਾਂ ਤੇ ਕਦਰਾਂ-ਕੀਮਤਾਂ ਦੇ ਪ੍ਰਚਾਰ-ਪਸਾਰ ਵਿਚ ਵਾਧਾ ਕੀਤਾ ਜਾਵੇਗਾ। ਸਮੇਂ ਦੀ ਲੋੜ ਨੂੰ ਦੇਖਦੇ ਹੋਏ ਇਸ ਮਕਸਦ ਦੀ ਪ੍ਰਾਪਤੀ ਲਈ ਸ਼੍ਰੋਮਣੀ ਕਮੇਟੀ ਵੱਲੋਂ ਆਪਣਾ ਟੀਵੀ ਚੈਨਲ ਸ਼ੁਰੂ ਕੀਤਾ ਜਾਵੇਗਾ।

ਦੱਸਣਾ ਬਣਦਾ ਹੈ ਕਿ ਸ੍ਰੀ ਦਰਬਾਰ ਸਾਹਿਬ ਵਿੱਚ ਬਿਜਲੀ ਫਿੱਟ ਕਰਨ ਸਮੇਂ ਵੀ ਸਿੱਖ ਜਗਤ ਵਿਚ ਬਹਿਸ ਚੱਲੀ ਸੀ ਪਰ ਉਹ ਵੱਖਰਾ ਮਾਮਲਾ ਸੀ। ਦਰਸ਼ਨੀ ਡਿਓੜੀ ਤੋਂ ਸ੍ਰੀ ਦਰਬਾਰ ਸਾਹਿਬ ਤੱਕ ਜਾਂਦਾ ਰਸਤਾ ਛੱਤਣ ਦੇ ਫ਼ੈਸਲੇ ਵੇਲੇ ਵੀ ਇਸ ਮੁੱਦੇ ਉੱਤੇ ਤਿੱਖੀ ਬਹਿਸ ਛਿੜੀ ਸੀ। ਸ਼ਰਧਾਲੂ ਤਾਂ ਮਈ-ਜੂਨ ਦੀ ਤਪਦੀ ਦੁਪਹਿਰ ਨੂੰ ਸ੍ਰੀ ਦਰਬਾਰ ਸਾਹਿਬ ਦੀ ਪਰਿਕਰਮਾ ਵਿੱਚ ਤਪ ਰਹੇ ਸੰਗਮਰਮਰ ਉੱਤੇ ਵੀ ਨੰਗੇ ਪੈਰੀਂ ਤੁਰਨ ਨੂੰ ਆਪਣਾ ਧੰਨ ਭਾਗ ਸਮਝਦੇ ਹਨ, ਫਿਰ ਸ੍ਰੀ ਦਰਬਾਰ ਸਾਹਿਬ ਦੇ ਰੂਹਾਨੀ ਮਾਹੌਲ ਦੀ ਇੱਕਸੁਰਤਾ ਭੰਗ ਕਰਨ ਵਾਲੇ ਇਹ ਕੂਲਿੰਗ ਟਾਵਰ ਕਿਹੜੇ ਸ਼ਖ਼ਸਾਂ ਲਈ ਲਾਏ ਜਾ ਰਹੇ ਹਨ ?

ਇਸ ਤੋਂ ਪਹਿਲਾਂ ਸ੍ਰੀ ਦਰਬਾਰ ਸਾਹਿਬ ਦੇ ਸਾਹਮਣੇ ਕੀਤੀਆਂ ਦੋ ਉਸਾਰੀਆਂ ਵਿੱਚੋਂ ਇੱਕ ਹੈ ਪਲਾਜ਼ਾ ਅਤੇ ਦੂਜੀ ਹੈ ਟਾਊਨ ਹਾਲ ਤੋਂ ਇਸ ਪਲਾਜ਼ੇ ਤੱਕ ਬਣਾਇਆ ਅਖੌਤੀ ਵਿਰਾਸਤੀ ਲਾਂਘਾ। ਇਹ ਦੋਵੇਂ ਉਸਾਰੀਆਂ ਹੁਣ ਪਿਕਨਿਕ ਸਥਾਨ ਬਣ ਚੁੱਕੇ ਹਨ ਜਿਨ੍ਹਾਂ ਦੀ ਨਾ ਇਸ ਰੂਹਾਨੀ ਸਥਾਨ ਨਾਲ ਕੋਈ ਇੱਕਸੁਰਤਾ ਹੈ ਅਤੇ ਨਾ ਸਿੱਖ ਭਵਨ ਨਿਰਮਾਣ ਕਲਾ ਨਾਲ ਕੋਈ ਵਾਹ-ਵਾਸਤਾ ਹੈ। ਇਹ ਲਾਂਘਾ ਰਾਜਸਥਾਨੀ ਇਮਾਰਤਸਾਜ਼ੀ ਦੀ ਕਲਾ ਉੱਤੇ ਆਧਾਰਿਤ ਹੈ। ਇਸ ਦੇ ਨਿਰਮਾਣ ਸਮੇਂ ਵੀ ਕਲਾ ਆਲੋਚਕਾਂ ਨੇ ਕਿਹਾ ਸੀ ਕਿ ਇਹ ਲਾਂਘਾ ਹੋਰ ਕੁਝ ਵੀ ਹੋ ਸਕਦਾ ਹੈ ਪਰ

ਬਾਕੀ ਸਫ਼ਾ 28 'ਤੇ

ਖੱਬੇਪੱਖੀ ਵਿਚਾਰਕ ਸੁਮੇਲ ਸਿੰਘ ਸਿੱਧੂ ਦਾ ਇਕ ਲੇਖ "ਹੀਰਵੰਨੇ ਪੰਜਾਬ ਦੀ ਸਿਰਜਣਾ ਲਈ ਧਰਮ ਯੁੱਧ ਦੀ ਸੇਧ ਦਾ ਸਵਾਲ" ਸਿਰਲੇਖ ਅਧੀਨ ਚੰਡੀਗੜ੍ਹ ਤੋਂ ਛਪਦੇ 'ਪੰਜਾਬੀ ਟ੍ਰਿਬਿਊਨ' ਅਖਬਾਰ ਵਿਚ ਛਪਿਆ ਹੈ। ਇਸ ਲੇਖ ਵਿਚ ਪੰਜਾਬ ਦੀਆਂ ਵੱਖ-ਵੱਖ ਸਮੱਸਿਆਵਾਂ ਦੀ ਬਹੁਤ ਹੀ ਬੇਤਰਤੀਬੇ ਢੰਗ ਨਾਲ ਚਰਚਾ ਕਰਦਿਆਂ ਸਿੱਖ ਕੌਮ ਦੇ ਮਹਾਨ ਸ਼ਹੀਦ ਸੰਤ ਜਰਨੈਲ ਸਿੰਘ ਭਿੰਡਰਾਂਵਾਲਿਆਂ ਬਾਰੇ ਕੁਥਾਂਵੀਂ ਟਿੱਪਣੀ ਕਰਨ ਦੇ ਨਾਲ-ਨਾਲ ਪੰਜਾਬ ਦੀ ਹੋਣੀ ਨੂੰ ਗੁਰਮਤਿ ਦੇ ਗਾਡੀਰਾਹ ਤੋਂ ਨਿਖੇੜ ਕੇ ਦੇਖਣ ਦੀ ਖੱਬੇਪੱਖੀ ਵਿਚਾਰਕਾਂ ਦੀ ਪੁਰਾਣੀ ਬਦਨੀਅਤ ਦਾ ਦੁਹਰਾਅ ਇਕ ਵਾਰ ਫਿਰ ਪੜ੍ਹਨ ਨੂੰ ਮਿਲਿਆ ਹੈ। ਉਂਝ ਤਾਂ ਇਸ ਲੇਖ ਦਾ ਸਿਰਲੇਖ ਹੀ ਭੁਲੇਖਾਪਾਊ ਹੈ ਕਿ 'ਹੀਰਵੰਨੇ' ਪੰਜਾਬ ਦੀ ਸਿਰਜਣਾ ਵਾਸਤੇ ਕਿਸੇ 'ਧਰਮ ਯੁੱਧ' ਦੀ ਕਲਪਨਾ ਕੀਤੀ ਗਈ ਹੋਵੇ। ਕੋਈ ਵੀ ਭਾਸ਼ਾਈ ਸ਼ਬਦ ਸਭ ਦੇ ਸਾਂਝੇ ਹੁੰਦੇ ਹਨ ਪਰ 'ਸ਼ਹਾਦਤ' ਅਤੇ 'ਧਰਮ-ਯੁੱਧ' ਦਾ ਜੋ ਸਵਰੂਪ ਤੇ ਨਿਆਰਾਪਣ ਸਿੱਖ ਧਰਮ ਤੇ ਜਾਂ ਕਿਤੇ ਇਸਲਾਮ ਵਿਚ ਪਰਵਾਨ ਚੜ੍ਹਿਆ ਹੈ, ਉਸ ਦੀ ਸੋਝੀ ਪ੍ਰਾਪਤ ਕਰਨ ਤੋਂ ਸੁਮੇਲ ਸਿੰਘ ਸਿੱਧੂ ਵਿਰਵਾ ਰਹਿ ਗਿਆ ਲਗਦਾ ਹੈ। ਸੋਝੀ ਦੀ ਇਸ ਬੁਲੰਦੀ ਉਤੇ ਜਾ ਕੇ ਹੀ ਹੀਰ ਸਲੇਟੀ 'ਮਾਈ ਹੀਰ' ਤੇ ਮੀਆਂ ਰਾਂਝੇ ਨੂੰ ਭਰਾ ਪੁਕਾਰਿਆ ਜਾ ਸਕਦਾ ਹੈ। ਦੋ ਕਿਸ਼ਤਾਂ ਵਿਚ ਛਪੇ ਸੁਮੇਲ ਸਿੱਧੂ ਦੇ ਇਸ ਬੇਤਰਤੀਬੇ ਲੇਖ ਦਾ ਬਹੁਤ ਹੀ ਠੋਕਵਾਂ ਜਵਾਬ ਦੋ ਸਿੱਖ ਵਿਦਵਾਨਾਂ ਸ. ਕਰਮਜੀਤ ਸਿੰਘ ਅਤੇ ਸ. ਰਾਜਵਿੰਦਰ ਸਿੰਘ ਰਾਹੀ ਜੀ ਨੇ ਦੋ ਵੱਖੋ-ਵੱਖਰੇ ਲੇਖ ਲਿਖ ਕੇ ਦਿੱਤਾ ਹੈ। ਉਕਤ ਦੋਵੇਂ ਲੇਖ ਅਸੀਂ 'ਅੰਮ੍ਰਿਤਸਰ ਟਾਈਮਜ਼' ਦੇ ਪਾਠਕਾਂ ਲਈ ਪੇਸ਼ ਕਰ ਰਹੇ ਹਾਂ। - ਸੰਪਾਦਕ

# ਹੀਰਵੰਨਾ ਪੰਜਾਬ ਜ਼ਰੂਰੀ ਜਾਂ ਬੇਗਮਪੁਰਾ ?

**ਰਾਜਵਿੰਦਰ ਸਿੰਘ ਰਾਹੀ**
(ਸੰਪਰਕ : 98157-51332)

ਪੰਜਾਬੀ ਟ੍ਰਿਬਿਊਨ ਦੇ ਦੋ ਅੰਕਾਂ (17 ਤੇ 24 ਜੂਨ) ਵਿਚ ਸੁਮੇਲ ਸਿੰਘ ਸਿੱਧੂ ਦਾ ਅਲੰਕਾਰਕ ਲੱਫਾਜ਼ੀ ਨਾਲ ਲੱਦਿਆ ਹੋਇਆ ਲੇਖ ਪੜ੍ਹਿਆ। ਲੇਖਕ ਦੀ ਸ਼ੈਲੀ 'ਤੇ ਉਸਦੇ ਨਾਨੇ



ਜਸਵੰਤ ਸਿੰਘ ਕੰਵਲ ਦਾ ਰੰਗ ਗੂੜ੍ਹਾ ਚੜ੍ਹਿਆ ਹੋਇਆ ਹੈ ਤੇ ਉਸ ਵਾਂਗ ਹੀ ਉਹ ਵਿਚ-ਵਿਚ ਹੀਰ ਵਾਰਸ ਵਿਚੋਂ ਟੂਕਾਂ ਦਿੰਦਾਂ ਹੈ, ਭਾਵੇਂ ਉਹ ਕੁਥਾਂਵੇ ਹੀ ਹੋਣ। ਪਰ ਉਹ ਕੰਵਲ ਵਾਂਗ ਕਿਤੇ ਵੀ ਸਪੱਸ਼ਟ ਨਹੀਂ ਹੈ। ਤਰਕ ਦੇ ਉੱਚੇ ਪੱਧਰ 'ਤੇ ਰੱਖ ਕੇ ਕੀਤੀ ਗਈ ਗੱਲ ਸਮਝਾਊ ਤੇ ਸਰਲ ਹੁੰਦੀ ਹੈ। ਸੁਮੇਲ ਸਿੰਘ ਸਿੱਧੂ ਨੇ ਜਜ਼ਬਾਤੀ ਵਹਿਣ ਵਿਚ ਵਹਿੰਦਿਆਂ ਦੋ-ਤਿੰਨ ਸਦੀਆਂ ਦੇ ਪੰਜਾਬ ਦੀ ਬਾਤ ਪਾਈ ਹੈ ਜੋ ਹੁਣ ਲੰਬੀ ਅਧੋਗਤੀ ਹੰਢਾ ਕੇ ਮਰਨ ਕੰਢੇ ਪਿਆ ਹੈ। ਅੱਜ ਪੰਜਾਬ 'ਤੇ ਸੱਚਮੁੱਚ ਹੀ ਭਾਈ ਗੁਰਦਾਸ ਜੀ ਦੀ ਵਾਰ ਢੁਕਦੀ ਹੈ :

ਜੇ ਘਰੁ ਭੰਨੈ ਪਾਹਰੂ ਕਉਣ ਰਖਣਹਾਰਾ॥ ਬੇੜਾ ਡੋਬੇ ਪਾਤਣੀ ਕਿਉ ਪਾਰਿ ਉਤਾਰਾ॥
ਆਗੂ ਲੈ ਉਝੜਿ ਪਵੇ ਕਿਸੁ ਕਰੈ ਪੁਕਾਰਾ॥ ਜੇ ਕਰ ਖੇਤੈ ਖਾਇ ਵਾੜਿ ਕੋ ਲਹੈ ਨ ਸਾਰਾ॥

ਲੇਖਕ ਅਨੁਸਾਰ ਪੰਜਾਬ ਦੀ ਜੋ ਅਧੋਗਤੀ ਹੋਈ ਹੈ, ਉਸ ਦਾ ਕਾਰਨ 1947 ਦੀ ਕੁਲਹਿਣੀ ਵੰਡ ਹੈ। ਜਿਸ ਲਈ ਸਿਆਲਾਂ ਤੇ ਖੇੜਿਆਂ ਦੇ ਪੰਚ ਜ਼ਿੰਮੇਵਾਰ ਹਨ। ਲੇਖਕ ਦਾ ਇਹ ਸੌਖਾ ਤੇ ਸਰਲ ਵਿਸ਼ਲੇਸ਼ਣ ਉਨ੍ਹਾਂ ਖੱਬੇ ਪੱਖੀ ਚਿੰਤਕਾਂ ਤੇ ਕਵੀਆਂ ਵਾਲਾ ਹੀ ਹੈ ਜੋ ਕੁਝ ਕੁ ਬੰਦਿਆਂ ਨੂੰ ਜ਼ਿੰਮੇਵਾਰ ਠਹਿਰਾ ਕੇ ਕਚੀਚੀਆਂ ਵੱਟਦੇ ਰਹਿੰਦੇ ਹਨ। ਅਸਲ ਵਿੱਚ 1947 ਦੀ ਵੰਡ ਨਾ ਹੀ ਦੋ ਚਾਰ ਦਿਨਾਂ ਦੀ ਖੇਡ ਦਾ ਸਿੱਟਾ ਸੀ ਤੇ ਨਾ ਹੀ ਦੋ-ਚਾਰ ਬੰਦਿਆਂ ਦੇ ਚਾਹੁਣ ਨਾਲ ਹੋਈ ਸੀ। ਵੰਡ ਦੀ ਨੀਂਹ ਰੱਖਣ ਵਾਲੇ ਮੁੱਖ ਕਾਰਨਾਂ ਵਿੱਚ ਇੱਕ ਤਾਂ ਭਾਰਤੀ ਰਾਸ਼ਟਰਵਾਦ ਦੀ ਉਸਾਰੀ ਦਾ ਸੰਦ 'ਵੰਦੇ ਮਾਤਰਮ' ਤੇ ਦੂਜਾ ਪੱਛਮੀ ਤਰਜ਼ ਦੇ ਕੌਮੀ ਰਾਜਾਂ ਵਾਂਗ ਲਾਗੂ ਕੀਤੀ ਜਾ ਰਹੀ ਵੋਟ ਪ੍ਰਣਾਲੀ ਸੀ ਜਿਸ ਨੇ ਘੱਟ ਗਿਣਤੀ ਮੁਸਲਮਾਨ ਭਾਈਚਾਰੇ ਦੇ ਮਨਾਂ ਵਿੱਚ ਵੱਡੇ ਸੰਸੇ ਤੇ ਵਿਸਵਿਸੇ ਖੜ੍ਹੇ ਕਰ ਦਿੱਤੇ ਸਨ। ਉਨ੍ਹਾਂ ਨੂੰ ਲੱਗਣ ਲੱਗਿਆ ਸੀ ਕਿ ਜੇਕਰ ਭਾਰਤ ਵਿੱਚ ਪੱਛਮੀ ਤਰਜ਼ ਦੀ ਵੋਟ ਪ੍ਰਣਾਲੀ ਲਾਗੂ ਹੁੰਦੀ ਹੈ ਤਾਂ ਰਾਜਸੀ ਸੱਤਾ ਹਿੰਦੂ ਬਹੁਗਿਣਤੀ ਦੇ ਹੱਥ ਵਿੱਚ ਹੋਵੇਗੀ ਜਿਸ ਵਿੱਚ ਉਨ੍ਹਾਂ ਦੀ ਧਾਰਮਿਕ ਤੇ ਸੱਭਿਆਚਾਰਕ ਹੋਂਦ ਤੇ ਹਸਤੀ ਬੁਰੀ ਤਰ੍ਹਾਂ ਖੁਰ ਜਾਵੇਗੀ; ਦੂਜਾ ਇੰਡੀਅਨ ਨੈਸ਼ਨਲ ਕਾਂਗਰਸ ਵੱਲੋਂ ਜੋ ਰਾਸ਼ਟਰਵਾਦ ਦੀ ਉਸਾਰੀ ਦਾ ਏਜੰਡਾ ਲਾਗੂ ਕੀਤਾ ਜਾ ਰਿਹਾ ਸੀ, ਉਸ ਵਿੱਚ ਵੀ ਉਨ੍ਹਾਂ ਦੀ ਹੋਂਦ ਤੇ ਹਸਤੀ ਬਚਦੀ ਨਜ਼ਰ ਨਹੀਂ ਆਉਂਦੀ ਸੀ। ਇਸ ਵੰਡ ਨੂੰ ਟਾਲਣ ਲਈ 1916 ਦੇ ਲਖਨਊ ਪੈਕਟ ਤੋਂ ਚੱਲ ਕੇ 1932 ਦੇ ਕਮਿਊਨਲ ਐਵਾਰਡ ਰਾਹੀਂ 1947 ਤਕ ਕਿੰਨੇ ਕੁ ਫਾਰਮੂਲੇ ਅਜ਼ਮਾਏ ਗਏ ਸਨ, ਉਹ ਡੂੰਘੇ ਅਧਿਐਨ ਦੀ ਮੰਗ ਕਰਦੇ ਹਨ। ਅੱਜ ਵੀ ਭਾਰਤ ਵਿੱਚ ਮੁਸਲਮਾਨਾਂ ਤੇ ਸਿੱਖਾਂ ਸਮੇਤ ਘੱਟ ਗਿਣਤੀਆਂ ਦੀ ਜੋ ਹਾਲਤ ਹੈ ਇਸ ਨੂੰ ਵੀ ਇਸੇ ਇਤਿਹਾਸਕ ਪ੍ਰਸੰਗ ਵਿੱਚ ਰੱਖ ਕੇ ਵਿਚਾਰਨ ਦੀ ਲੋੜ ਹੈ।

ਸੁਮੇਲ ਸਿੰਘ ਸਿੱਧੂ ਨੇ ਪੰਜਾਬ ਨੂੰ ਚਿੰਬੜੀਆਂ ਬਹੁਤ ਸਾਰੀਆਂ ਅਲਾਮਤਾਂ ਦੀ ਨਿਸ਼ਾਨਦੇਹੀ ਕੀਤੀ ਹੈ ਜਿਨ੍ਹਾਂ ਵਿੱਚ ਅੰਗਰੇਜ਼ੀ ਦਾ ਬੋਲਬਾਲਾ, ਖੁੰਭਾਂ ਵਾਂਗ ਆਈਲੈੱਟਸ ਸੈਂਟਰ ਖੁੱਲ੍ਹਣੇ, ਵਿਦਿਆਰਥੀਆਂ ਦਾ ਬਾਹਰ ਵੱਲ ਬੇਰੋਕ ਪਰਵਾਸ, ਕਿਸਾਨੀ ਦੀ ਮੰਦੀ ਹਾਲਤ, ਖ਼ੁਦਕੁਸ਼ੀਆਂ, ਧਾਰਮਿਕ, ਸੱਭਿਆਚਾਰਕ, ਰਾਜਸੀ ਤੇ ਅਕਾਦਮਿਕ ਖੇਤਰ ਵਿੱਚ ਨਿਘਾਰ ਆਦਿ! ਪਰ ਇਸ ਸਭ ਕਾਸੇ ਵਿੱਚ ਭਾਰਤੀ ਸਟੇਟ ਪਾਵਰ ਦਾ ਰੋਲ ਕੀ ਹੈ ? ਇਹ ਕਿੱਧਰੇ ਵੀ ਨਜ਼ਰ ਨਹੀਂ ਆਉਂਦਾ। ਲੇਖਕ ਨੇ ਸਟੇਟ ਦੇ ਖਾਸੇ ਦੀ ਨਿਸ਼ਾਨਦੇਹੀ ਤਾਂ ਕੀ ਕਰਨੀ ਸੀ ਸਗੋਂ ਉਹ ਸਟੇਟ ਦਾ ਬਿਰਤਾਂਤ ਹੀ ਦੁਹਰਾਅ ਰਿਹਾ ਹੈ। ਲੇਖਕ ਸਾਰੀ ਅਧੋਗਤੀ ਦੇ ਜ਼ਿੰਮੇਵਾਰ ਪੰਜਾਬ ਦੇ ਲੋਕਾਂ ਨੂੰ ਠਹਿਰਾਅ ਰਿਹਾ ਹੈ। ਜੇਕਰ ਅੱਜ ਕਿਸਾਨ ਖ਼ੁਦਕੁਸ਼ੀਆਂ ਕਰ ਰਿਹਾ ਹੈ ਤਾਂ ਇਸ ਦਾ ਕਾਰਨ ਇਹੋ ਹੈ ਕਿ ਦਾੜ੍ਹੀ ਨਾਲੋਂ ਮੁੱਛਾਂ ਵਧ ਗਈਆਂ, ਪੈਦਾਵਾਰ ਨਾਲੋਂ ਲਾਗਤ ਖਰਚਾ ਜ਼ਿਆਦਾ ਹੈ। ਜੇ ਅੱਜ ਜੁਆਨੀ ਕਰਜ਼ੇ ਚੁੱਕ ਕੇ ਜਾਂ ਜ਼ਮੀਨਾਂ ਵੇਚ ਕੇ ਬਾਹਰ ਨੂੰ ਭੱਜੀ ਜਾ ਰਹੀ ਹੈ ਤਾਂ ਇਸ ਦਾ ਕਾਰਨ ਹੈ ਕਿ ਪੰਜਾਬ ਉਨ੍ਹਾਂ ਨੂੰ ਰੁਜ਼ਗਾਰ ਨਹੀਂ ਦੇ ਸਕਦਾ। ਉਨ੍ਹਾਂ ਅੰਦਰ ਇਹ ਅਹਿਸਾਸ ਘਰ ਕਰ ਗਿਆ ਹੈ ਕਿ ਇੱਥੇ ਕਾਲਜਾਂ ਯੂਨੀਵਰਸਿਟੀਆਂ ਵਿੱਚ ਪੈਸੇ ਤੇ ਪੰਜ-ਸੱਤ ਸਾਲ ਬਰਬਾਦ ਕਰਕੇ ਪੱਲੇ ਤਾਂ ਬੇਰੁਜ਼ਗਾਰੀ ਹੀ ਪੈਣੀ ਹੈ। ਇਹ ਕੀਹਦੀਆਂ ਨੀਤੀਆਂ ਦਾ ਸਿੱਟਾ ਹੈ ? ਲੇਖਕ ਦੀ ਲਿਖਤ 'ਤੇ ਉਂਜ ਤਾਂ ਪ੍ਰੋ. ਕਿਸ਼ਨ ਸਿੰਘ ਦਾ ਪ੍ਰਭਾਵ ਵੀ ਝਲਕਦਾ ਹੈ ਪਰ ਪ੍ਰੋ. ਕਿਸ਼ਨ ਸਿੰਘ ਨੇ ਤਾਂ ਇਹ ਗੱਲ ਪੰਜਾਹ-ਸੱਠ ਸਾਲ ਪਹਿਲਾਂ ਕਹਿ ਦਿੱਤੀ ਸੀ ਕਿ ਕੇਂਦਰੀ ਸਟੇਟ ਤੇ ਪੰਜਾਬ ਦਾ ਰਿਸ਼ਤਾ ਬਸਤੀਵਾਦੀ ਰਿਸ਼ਤਾ ਹੈ। ਕੇਂਦਰ ਪੰਜਾਬ ਨੂੰ ਵੱਖਰੀ ਸੱਭਿਆਚਾਰ ਇਕਾਈ ਨਹੀਂ ਸਮਝਦਾ ਸਗੋਂ ਹੋਰ ਰਾਜਾਂ ਵਾਂਗ ਹੀ ਇੱਕ ਪ੍ਰਬੰਧਕੀ ਰਾਜ ਸਮਝਦਾ ਹੈ। ਅੱਜ ਦੇ ਪੰਜਾਬ ਦਾ ਵਿਕਾਸ ਇਸ ਦਾ ਨਮੂਨਾ ਹੈ ਕਿ ਕਿਵੇਂ ਪੰਜਾਬ ਦੀ ਹਰਿਆਲੀ ਖਤਮ ਕਰ ਦਿੱਤੀ ਗਈ ਹੈ, ਪੁਲਾਂ ਦੇ ਨਾਂ 'ਤੇ ਕਸਬਿਆਂ-ਸ਼ਹਿਰਾਂ ਵਿੱਚ ਬਰਲਿਨ ਦੀਆਂ ਕੰਧਾਂ ਖੜ੍ਹੀਆਂ ਕਰ ਦਿੱਤੀਆਂ ਹਨ ਜਿਨ੍ਹਾਂ ਨੇ ਭਾਈਚਾਰੇ ਵੰਡ ਦਿੱਤੇ ਹਨ ਤੇ ਵਪਾਰਕ ਬਾਜ਼ਾਰ ਤਬਾਹ ਕਰ ਦਿੱਤੇ ਹਨ। ਕੇਂਦਰੀ ਨੀਤੀਆਂ ਸਾਹਮਣੇ ਸੂਬਾਈ ਸਰਕਾਰਾਂ ਤੇ ਪਾਰਟੀਆਂ ਮੂਕ ਦਰਸ਼ਕ ਬਣੀਆਂ ਹੋਈਆਂ ਹਨ। ਕੋਈ ਰੋਕਣ-ਟੋਕਣ ਵਾਲਾ ਨਹੀਂ ਹੈ। ਪੰਜਾਬ ਦੇ ਪਾਣੀਆਂ ਅਤੇ ਹੋਰ ਕੁਦਰਤੀ ਸੋਮਿਆਂ ਦੇ ਮੁੱਦੇ ਤਾਂ ਬਹੁਤ ਪੁਰਾਣੇ ਰਹਿ ਗਏ ਹਨ।

ਸੁਮੇਲ ਸਿੰਘ ਸਿੱਧੂ ਪੰਜਾਬ ਦੀ ਜਟਿਲਤਾ ਨੂੰ ਤਾਂ ਪ੍ਰਵਾਨ ਕਰਦਾ ਹੈ, ਪਰ ਚਿੰਤਨਸ਼ੀਲ ਵਿਆਖਿਆ ਤੇ ਵਿਸ਼ਲੇਸ਼ਣ ਰਾਹੀਂ ਇਸ ਜਟਿਲਤਾ ਦੀਆਂ ਤੰਦਾਂ ਨਹੀਂ ਖੋਲ੍ਹਦਾ। ਪੰਜਾਬ ਦੀ ਮੁੱਖ ਵਿਸ਼ੇਸ਼ਤਾ ਤੇ ਵਿਲੱਖਣਤਾ ਹੈ ਇੱਥੇ ਸਿੱਖ ਭਾਈਚਾਰੇ ਦੀ ਹੋਂਦ ਜਿਸ ਨੇ ਪੁਰਾਤਨ ਇਤਿਹਾਸ ਤੋਂ ਲੈ ਕੇ ਆਜ਼ਾਦੀ ਸੰਗਰਾਮ ਤਕ ਵਧਵਾਂ ਰੋਲ ਨਿਭਾਇਆ ਹੈ। ਜਿਸ ਭਾਰਤੀ ਰਾਸ਼ਟਰਵਾਦ ਤੋਂ ਕਿਸੇ ਸਮੇਂ ਮੁਸਲਮਾਨ ਭਾਈਚਾਰਾ ਭੈਅਭੀਤ ਹੋਇਆ ਸੀ, 1947 ਤੋਂ ਬਾਅਦ ਸਿੱਖ ਭਾਈਚਾਰਾ ਆਪਣੀ ਧਰਮ ਅਤੇ ਸੱਭਿਆਚਾਰ ਆਧਾਰਿਤ ਵੱਖਰੀ ਪਛਾਣ ਤੇ ਨਿਆਰੀ ਹਸਤੀ ਨੂੰ ਬਚਾਉਣ ਲਈ, ਇਸੇ ਰਾਸ਼ਟਰਵਾਦ ਨਾਲ ਘੋਲ ਕਰਦਾ ਆ ਰਿਹਾ ਹੈ। ਜੇਕਰ ਅੱਜ ਪੰਜਾਬ ਦੇ ਸਰੋਕਾਰਾਂ ਦੀ ਗੱਲ ਕਰਨੀ ਹੈ ਤਾਂ ਜ਼ਾਤ-ਪਾਤ ਦਾ ਮੁੱਦਾ ਵੀ ਪ੍ਰਮੁੱਖ ਹੋਣਾ ਚਾਹੀਦਾ ਹੈ। ਇਹ ਹਕੀਕਤ ਜੱਗ ਜ਼ਾਹਰ ਹੈ ਕਿ ਸਿੱਖੀ ਦੇ ਸਾਢੇ ਪੰਜ ਸੌ ਸਾਲਾ ਪ੍ਰਕਾਸ਼ ਦੇ ਬਾਵਜੂਦ ਪੰਜਾਬ ਵਿੱਚ ਜਾਤ-ਪਾਤ ਦਾ ਮਸਲਾ ਹੱਲ ਨਹੀਂ ਹੋਇਆ। ਕਮਿਊਨਿਸਟ ਜਥੇਬੰਦੀਆਂ ਤੇ ਸਿੱਖ ਸੰਸਥਾਵਾਂ ਇਸ ਮਸਲੇ ਨੂੰ ਕਦੇ ਗੰਭੀਰਤਾ ਨਾਲ ਸੰਬੋਧਨ ਨਹੀਂ ਹੋਈਆਂ। ਅੱਜ ਸਿੱਖ ਕਿਸਾਨੀ ਲਈ ਇਹ ਸਹੂਲਤ ਤਾਂ ਹੈ ਕਿ ਉਹ ਜ਼ਮੀਨਾਂ ਵੇਚ ਕੇ ਜਾਂ ਜ਼ਮੀਨਾਂ 'ਤੇ ਕਰਜ਼ਾ ਚੁੱਕ ਕੇ ਆਪਣੇ ਬੱਚਿਆਂ ਨੂੰ ਬਾਹਰ ਭੇਜ ਸਕਦੀ ਹੈ, ਪਰ ਦਲਿਤ ਵਰਗ ਕੀ ਕਰੇ ? ਦਲਿਤ ਨੌਜਵਾਨ ਨਾ ਤਾਂ ਮਹਿੰਗੇ ਸਕੂਲਾਂ, ਕਾਲਜਾਂ ਵਿੱਚ ਪੜ੍ਹਾਈ ਕਰ ਸਕਦੇ ਹਨ ਤੇ ਜੇਕਰ ਕੋਈ ਕਰ ਵੀ ਲੈਂਦੇ ਹਨ ਤਾਂ ਰੁਜ਼ਗਾਰ ਨਹੀਂ ਮਿਲਦਾ। ਬਹੁਤੇ ਦਲਿਤ ਨੌਜਵਾਨ ਮਜ਼ਦੂਰੀ ਕਰਨ ਲਈ ਮਜਬੂਰ ਹਨ। ਜੇਕਰ ਪੰਜਾਬ ਦੇ ਸਰੋਕਾਰਾਂ ਦੀ ਗੱਲ ਕਰਨੀ ਹੈ ਤਾਂ ਫਿਰ ਸੁਆਲ ਇਹ ਵੀ ਹੈ ਕਿ ਮੁੜ ਹੀਰਵੰਨੇ ਜਗੀਰੂ ਸਮਾਜ ਦੀ ਸਿਰਜਣਾ ਕਰਨੀ ਹੈ ਜਾਂ ਬੇਗਮਪੁਰੇ ਦੀ ? ਉਹ ਬੇਗਮਪੁਰਾ, ਜਿਸ ਬਾਰੇ ਲੋਕ ਕਵੀ ਸੰਤ ਰਾਮ ਉਦਾਸੀ ਆਖਦਾ ਹੈ:

ਇੱਕੋ ਬਾਪ ਤੇ ਇੱਕੋ ਦੇ ਪੁੱਤ ਸਾਰੇ
ਹੇ ਰਵਿਦਾਸ ਮੈਂ ਫਿਰ ਦੁਹਰਾਅ ਰਿਹਾ ਹਾਂ।
'ਬੇਗਮਪੁਰੇ' ਬਾਰੇ ਤੇਰੇ ਗੀਤ ਸਾਰੇ
ਇਸ ਰਚਨਾ ਦੇ ਵਿਚ ਸਮਾ ਰਿਹਾ ਹਾਂ।




# ਧਰਮ ਯੁੱਧ ਦੀ ਸੇਧ ਦਾ ਅਸਲ ਸਰੋਤ

**ਕਰਮਜੀਤ ਸਿੰਘ**
(ਸੰਪਰਕ: 99150-91063)

ਬੜੀ ਉਮੀਦ ਸੀ ਕਿ ਇਕ ਨਾਮਵਰ ਯੂਨੀਵਰਸਿਟੀ ਜੇ.ਐੱਨ.ਯੂ. ਨਾਲ ਸਬੰਧਿਤ ਰਹੇ ਇਤਿਹਾਸਕਾਰ ਇਤਿਹਾਸਕਾਰੀ ਦੀ ਮਰਿਆਦਾ ਤੇ ਨਿਯਮਾਂ ਦੀ ਪਾਲਣਾ



ਕਰਦਿਆਂ ਘਟਨਾਵਾਂ ਤੇ ਵਰਤਾਰਿਆਂ ਨੂੰ ਇਕ ਵੱਡੇ ਸਮੁੱਚ ਵਿਚ ਰੱਖ ਕੇ ਪੇਸ਼ ਕਰਨਗੇ। ਇਸ ਪਿੱਛੋਂ ਹੀ ਉਹ 'ਸ਼ੁਭਚਿੰਤਨ-ਸਾਂਝੀਵਾਲਤਾ-ਸਰਬੱਤ ਦੀ ਆਜ਼ਾਦੀ' ਦੇ ਆਪਣੇ ਏਜੰਡੇ ਦਾ ਐਲਾਨਨਾਮਾ ਜਾਰੀ ਕਰਨਗੇ ਪਰ ਅਜਿਹਾ ਕੁਝ ਵੀ ਨਹੀਂ ਹੋਇਆ। ਦੋ ਕਿਸ਼ਤਾਂ ਵਿਚ ਫੈਲੀ ਆਪਣੀ ਰੰਗ-ਬਿਰੰਗੀ ਸਾਹਿਤਕ ਸ਼ਬਦਾਵਲੀ ਦਾ ਇਕ ਪੱਖ ਇਹ ਰੌਸ਼ਨ ਹੋਇਆ ਕਿ ਸੁਮੇਲ ਸਿੰਘ ਸਿੱਧੂ ਇੱਕੋ ਸਮੇਂ ਜੱਜ ਵੀ ਬਣੇ ਹੋਏ ਹਨ ਅਤੇ ਇਕ ਖ਼ਾਸ ਧਿਰ ਦੇ ਵਕੀਲ ਅਤੇ ਇੱਥੋਂ ਤਕ ਉਪਾਸ਼ਕ ਵੀ ਬਣ ਗਏ ਜਿਸ ਧਿਰ ਕੋਲ ਆਪਣਾ ਹੀ ਵੱਖਵਾਦੀ 'ਸ਼ੁਭਚਿੰਤਨ' ਸੀ, ਆਪਣੀ ਹੀ 'ਸਾਂਝੀਵਾਲਤਾ' ਸੀ ਅਤੇ ਅਜਿਹੀ ਹਾਲਤ ਵਿਚ ਇਹੋ ਫ਼ੈਸਲਾ ਹੋਣਾ ਸੀ ਕਿ 'ਹਮਰਾ ਕਸੂਰ ਨਿਕਲੇਗਾ'।

ਜੇ ਸੁਮੇਲ ਸਿੰਘ ਸਿੱਧੂ ਚੋਣਵੀਆਂ ਟੂਕਾਂ ਦੇ ਸਹਾਰੇ ਹੀ ਆਪਣੇ ਏਜੰਡੇ ਨੂੰ ਸਥਾਪਿਤ ਕਰਨਾ ਚਾਹੁੰਦੇ ਹਨ ਤਾਂ ਉਸ ਦੇ ਸਮਾਨਅੰਤਰ ਹੋਰ ਅਨੇਕ ਟੂਕਾਂ ਨੂੰ ਲੈ ਕੇ ਕਿਸੇ ਵੀ ਧਾਰਨਾ ਨੂੰ ਰੱਦ ਕਰਨਾ ਮੁਸ਼ਕਿਲ ਨਹੀਂ ਹੁੰਦਾ। ਪਰ ਅਸੀਂ ਉਨ੍ਹਾਂ ਨਾਲ ਇਸ ਨੁਕਤੇ ਉੱਤੇ ਬਹਿਸ ਵਿਚ ਨਹੀਂ ਉਲਝਣਾ ਚਾਹੁੰਦੇ। ਜਦੋਂ ਤੁਸੀਂ ਇਕ ਵੱਡੀ ਬਹਿਸ ਕਰ ਰਹੇ ਹੁੰਦੇ ਹੋ, ਜਿਸ ਦਾ ਇਕ ਗੁੰਝਲਦਾਰ ਤੇ ਬਹੁ-ਪਰਤੀ ਸਮਾਜਿਕ ਤੇ ਇਤਿਹਾਸਕ ਪਿਛੋਕੜ ਹੈ ਤਾਂ ਇਹੋ ਜਿਹੇ ਟੇਢੇ-ਮੇਢੇ ਰਸਤਿਆਂ 'ਤੇ ਬਹੁਤ ਸੰਭਲ ਸੰਭਲ ਕੇ ਕਦਮ ਰੱਖਣੇ ਪੈਂਦੇ ਹਨ ਅਤੇ ਫਿਰ ਇਤਿਹਾਸਕਾਰ ਦੇ ਮੋਢਿਆਂ ਉੱਤੇ ਤਾਂ ਸਗੋਂ ਦੂਹਰੀ ਜ਼ਿੰਮੇਵਾਰੀ ਆਣ ਪੈਂਦੀ ਹੈ। ਅਜਿਹੀ ਹਾਲਤ ਵਿਚ ਘਟਨਾਵਾਂ ਤੇ ਵਰਤਾਰਿਆਂ ਦੇ ਕੁੱਲ ਜੋੜ ਨੂੰ ਧਿਆਨ ਵਿੱਚ ਰੱਖਣਾ ਹੁੰਦਾ ਹੈ ਅਤੇ ਉਨ੍ਹਾਂ ਦੀ ਸੰਪੂਰਨਤਾ ਵਿਚ ਡੁਬਕੀ ਲਾ ਕੇ ਹੀ ਕੋਈ ਨਿਚੋੜ ਕੱਢਣਾ ਪੈਂਦਾ ਹੈ। ਸੱਚ ਤੇ ਝੂਠ ਦੀਆਂ ਬਾਰੀਕ ਪਰਤਾਂ ਤੇ ਮਹੀਨ ਇਸ਼ਾਰੇ ਹਰ ਪਾਸੇ ਫੈਲੇ ਹੁੰਦੇ ਹਨ। ਫੈਲੇ ਹੀ ਨਹੀਂ ਹੁੰਦੇ ਸਗੋਂ ਕਈ ਵਾਰ ਅਣਦਿਸਦੇ ਵੀ ਹੁੰਦੇ ਹਨ, ਜੋ ਕੌਮਾਂ ਦੀ ਮਾਨਸਿਕਤਾ ਵਿਚ ਡੂੰਘੇ ਉਤਰੇ ਹੁੰਦੇ ਹਨ, ਜਿਨ੍ਹਾਂ ਨੂੰ ਇਤਿਹਾਸਕਾਰ ਸਾਈਕੋ ਹਿਸਟਰੀ ਵੀ ਕਹਿੰਦੇ ਹਨ।

ਸੁਮੇਲ ਸਿੰਘ ਸਿੱਧੂ ਨੇ ਹੀਰਵੰਨੇ ਪੰਜਾਬ ਦੀ ਸਿਰਜਣਾ ਲਈ ਬਹਿਸ ਦੀ ਸ਼ੁਰੂਆਤ ਸਵਰਾਜਬੀਰ ਨਾਲ ਕੀਤੀ ਹੈ ਜੋ ਉਨ੍ਹਾਂ ਦੀਆਂ ਸੁਚੇਤ ਤੇ ਮਨਭਾਉਂਦੀਆਂ ਇੱਛਾਵਾਂ ਤੇ ਨਜ਼ਰਾਂ ਵਿੱਚ 'ਸਾਡੇ ਦੌਰ ਦੇ ਸਿਰਮੌਰ ਪੰਜਾਬੀ ਸਿਰਜਕ' ਹਨ। ਕੀ ਇਸ ਸ਼ਾਇਰ ਵੀਰ ਨੇ ਪੰਜਾਬ ਦੀਆਂ ਸਮਾਜਿਕ-ਰਾਜਨੀਤਕ-ਧਾਰਮਿਕ-ਸੱਭਿਆਚਾਰਕ ਸੱਚਾਈਆਂ ਬੁੱਝਣ ਦੀ ਕੋਈ ਵੱਡੀ ਕਮਾਈ ਕਰ ਲਈ ਹੈ ਕਿ ਉਹ ਧਰਮਯੁੱਧ ਦੀ ਸੇਧ ਦੀ ਸਿਰਜਣਾ ਕਰ ਸਕਦੇ ਹਨ ? ਪਰ ਇੱਕ ਪਲ ਲਈ ਜੇ ਇਹ ਮੰਨ ਵੀ ਲਿਆ ਜਾਵੇ ਕਿ ਉਹ ਸਿਰਮੌਰ ਸਿਰਜਕ ਹਨ ਤਾਂ ਅਸੀਂ ਸਵਰਾਜਬੀਰ ਦੀ ਉਸ ਕਵਿਤਾ ਦੀਆਂ ਕੁਝ ਸਤਰਾਂ ਦੇ ਸ਼ਬਦ ਹੀ ਪੇਸ਼ ਕਰਦੇ ਹਾਂ ਜਿਨ੍ਹਾਂ ਉੱਤੇ ਸੁਮੇਲ ਨੇ ਕਾਫ਼ੀ ਜ਼ੋਰ ਦਿੱਤਾ ਹੈ। ਇਨ੍ਹਾਂ ਸਤਰਾਂ ਦੀ ਰੂਹ ਨੂੰ ਭਾਵੇਂ ਸੁਮੇਲ ਸਿੱਧੂ ਨੇ ਜਾਣ ਤਾਂ ਲਿਆ ਹੈ, ਪਰ ਉਹ ਅਮਲਾਂ ਵਿੱਚ ਨਹੀਂ ਉਤਰ ਸਕੇ। ਇਹ ਸਤਰਾਂ ਕੁਝ ਇਸ ਤਰ੍ਹਾਂ ਦੀਆਂ ਤਮੰਨਾ ਕਰਦੀਆਂ ਹਨ ਕਿ ਕੋਈ 'ਇਹੋ ਜਿਹੀ ਗੱਲ' ਕਰਨ ਵਾਲਾ ਹੋਵੇ, ਜਿਸ ਗੱਲ ਵਿੱਚ 'ਥੋੜਾ ਸੱਚ' ਹੋਵੇ, 'ਥੋੜਾ ਝੱਲ' ਹੋਵੇ ਤੇ 'ਥੋੜਾ ਭਲਕ' ਹੋਵੇ। ਪਰ ਸੁਮੇਲ ਦੀ ਧਾਰਨਾ ਵਿੱਚ 'ਹੋਰ ਹੋਰ ਪਾਸਿਆਂ' ਦਾ 'ਥੋੜਾ ਝੱਲ' ਤੇ 'ਥੋੜਾ ਸੱਚ' ਸਾਨੂੰ ਨਜ਼ਰ ਕਿਉਂ ਨਹੀਂ ਆਇਆ ? ਇੱਥੋਂ ਹੀ ਸਾਫ਼ ਪਤਾ ਲੱਗਿਆ ਕਿ ਤਰਫ਼ਦਾਰੀ ਕਰਨ ਦਾ ਸ਼ੌਕ ਉਨ੍ਹਾਂ ਨੇ ਪਾਲਿਆ ਹੋਇਆ ਹੈ। ਜੇ 'ਥੋੜਾ ਭਲਕ' ਤੇ 'ਥੋੜਾ ਸੱਚ' ਲੱਭਣ ਲਈ ਸਾਨੂੰ ਪਾਸ਼ ਤੇ ਰਵੀ ਦੀਆਂ ਰਚਨਾਵਾਂ ਵੱਲ ਹੀ ਜਾਣਾ ਪੈਣਾ ਹੈ ਤਾਂ ਫਿਰ ਇਸ ਧਰਤੀ 'ਤੇ ਕਰੀਬ ਢਾਈ ਸੌ ਸਾਲਾਂ ਵਿਚ ਸਿਰਜੇ ਉਸ ਗੁਰ-ਇਤਿਹਾਸ ਅਤੇ ਉਸ ਇਤਿਹਾਸ ਉੱਤੇ ਉਸਰੀ ਤਰਜ਼-ਏ-ਜ਼ਿੰਦਗੀ ਦੀ ਕੀ ਥਾਂ ਰਹਿ ਜਾਏਗੀ ?

ਇੱਕ ਹੋਰ ਗੱਲ ਸਪਸ਼ਟ ਹੋ ਜਾਣੀ ਚਾਹੀਦੀ ਹੈ ਕਿ ਹੀਰ, ਵਾਰਿਸ ਸ਼ਾਹ, ਪੂਰਨ, ਸੁਲਤਾਨ ਬਾਹੂ, ਗ਼ੁਲਾਮ ਫਰੀਦ ਤੇ ਬੁੱਲ੍ਹੇਸ਼ਾਹ ਤੇ ਅਨੇਕਾਂ ਹੋਰ ਮਹਾਂਪੁਰਖਾਂ ਦਾ ਇਹ ਪਵਿੱਤਰ ਕਾਫ਼ਲਾ ਸਾਡੇ ਲਈ ਜਿਊਂਦਾ-ਜਾਗਦਾ, ਪਿਆਰਾ ਤੇ ਵੱਡਾ ਸੱਚ ਹੈ। ਪਰ ਇਹ ਸਭ ਕਿਨਾਰੇ ਦੇ ਸੱਚ ਹਨ। ਇਸ ਦੇ ਕੇਂਦਰ ਵਿੱਚ ਗੁਰੂ ਗ੍ਰੰਥ ਸਾਹਿਬ ਬਿਰਾਜਮਾਨ ਹਨ ਜਿਨ੍ਹਾਂ ਦੀ ਠੰਢੀ-ਮਿੱਠੀ ਛਾਂ ਹੇਠ ਸਾਰੇ ਸੱਚ ਇਤਿਹਾਸ ਵਿੱਚ ਮੌਲਦੇ, ਖਿੜਦੇ, ਫੈਲਦੇ ਤੇ ਵਿਗਸਦੇ ਹਨ ਅਤੇ ਵਿਗਸਦੇ ਰਹੇ ਵੀ ਹਨ। ਇਤਿਹਾਸ ਇਹੋ ਜਿਹੀਆਂ ਮਿਸਾਲਾਂ ਨਾਲ ਭਰਿਆ ਪਿਆ ਹੈ। ਜਦੋਂ ਗੁਰੂ ਗੋਬਿੰਦ ਸਿੰਘ ਖੇੜਿਆਂ ਦੇ ਵੱਸਣ ਨੂੰ 'ਭੱਠ' ਆਖਦੇ ਹਨ ਤਾਂ ਉਹ ਹੀਰ ਨੂੰ ਮਾਨਤਾ ਹੀ ਤਾਂ ਦੇ ਰਹੇ ਹਨ। ਭਾਈ ਗੁਰਦਾਸ ਸੱਸੀ ਪੁੰਨੂੰ ਦੇ ਇਸ਼ਕ ਨੂੰ ਕੋਈ ਵੱਡੀ ਗੱਲ ਸਮਝਦੇ ਹਨ। ਇਹ ਸਾਰੇ ਸਾਡੇ ਕਲਚਰ ਦਾ ਹਿੱਸਾ ਹਨ ਜਿਸ ਵਿੱਚ ਪ੍ਰੋਫ਼ੈਸਰ ਪੂਰਨ ਸਿੰਘ ਦੀਆਂ ਨਜ਼ਰਾਂ ਵਿੱਚ ਰਾਂਝਾ ਸਾਨੂੰ ਆਪਣਾ ਭਰਾ ਨਜ਼ਰ ਆਉਂਦਾ ਹੈ। ਸੱਭਿਆਤਾਵਾਂ ਦੇ ਚੜ੍ਹਦੇ ਤੇ ਲਹਿੰਦੇ ਸੂਰਜਾਂ ਦਾ ਮਹਾਨ ਇਤਿਹਾਸਕਾਰ ਆਰਨਲਡ ਟੌਇਨਬੀ ਇਹ ਭਵਿੱਖਬਾਣੀ ਕਰਦਾ ਹੈ ਕਿ ਗੁਰੂ ਗ੍ਰੰਥ ਸਾਹਿਬ ਕੋਲ ਸਾਰੇ ਧਰਮਾਂ ਨੂੰ ਦੱਸਣ ਲਈ ਕੋਈ 'ਵਿਸ਼ੇਸ਼ ਗੱਲ' ਹੈ। ਉਹ 'ਵਿਸ਼ੇਸ਼ ਗੱਲ' ਲੱਭਣ ਲਈ ਕੀ ਪਾਸ਼ ਤੇ ਰਵੀ ਦੀਆਂ ਲਿਖਤਾਂ ਸਾਡੇ ਲਈ ਚਾਨਣ ਮੁਨਾਰਾ ਬਣਨਗੀਆਂ ? ਕੀ ਗੁਰੂ ਗ੍ਰੰਥ ਸਾਹਿਬ ਦੇ ਮੁਕੰਮਲ ਤੇ ਸੰਪੂਰਨ ਸੱਚ ਦੀ ਅਗਵਾਈ 'ਹੀਰ ਵੰਨਾ ਪੰਜਾਬ' ਕਰੇਗਾ ? ਕਰ ਸਕੇਗਾ ਵੀ ? ਕੀ ਖਾਲਸਾ ਪੰਥ ਉਸ ਅਗਵਾਈ ਕਰਨ ਦੇ ਸਮਰੱਥ ਨਹੀਂ ਹੈ ? ਜਾਂ ਫਿਰ ਸੁਮੇਲ ਜਿਨ੍ਹਾਂ ਉਪਰੋਕਤ ਵਿਅਕਤੀਆਂ ਦਾ ਜ਼ਿਕਰ ਕਰ ਰਹੇ ਹਨ, ਕੀ ਉਹ ਖ਼ਾਲਸਾ ਪੰਥ ਦੀ ਅਗਵਾਈ ਕਰਨਗੇ ? ਉਹ ਕਿਹੜੇ ਸਮਾਜ ਵਿਗਿਆਨੀਆਂ ਤੇ ਰਾਜਨੀਤਕ ਵਿਗਿਆਨੀਆਂ ਨਾਲ ਸੁਮੇਲ ਦਾ ਸੰਪਰਕ ਹੈ ਜੋ ਹੀਰ ਵੰਨੇ ਪੰਜਾਬ 'ਚੋਂ ਪੰਜਾਬ ਦੇ ਧਰਮ ਯੁੱਧ ਦੀ ਸੇਧ ਲੱਭਦੇ ਫਿਰਦੇ ਹਨ ?

ਹਰ ਵੱਡੀ ਬਹਿਸ ਦਾ ਇੱਕ ਦਸਤੂਰ ਹੁੰਦਾ ਹੈ। ਉਸ ਬਹਿਸ ਵਿੱਚ ਸੰਜਮ ਵਿੱਚ ਰਹਿ ਕੇ ਸ਼ਬਦਾਂ ਦੀ ਵਰਤੋਂ ਕੀਤੀ ਜਾਂਦੀ ਹੈ ਅਤੇ ਕਿਸੇ ਵੱਡੇ ਤਰਕ ਨਾਲ ਸਾਹਮਣੇ ਵਾਲੇ ਦਾ ਦਿਲ ਤੇ ਦਿਮਾਗ਼ ਜਿੱਤਿਆ ਜਾਂਦਾ ਹੈ। ਪਰ ਸੁਮੇਲ ਨੇ ਕਿਸੇ ਵੱਡੇ ਛੋਟੇ ਦੀ ਪ੍ਰਵਾਹ ਹੀ ਨਹੀਂ ਕੀਤੀ। ਉਹ ਦਮਦਮੀ ਟਕਸਾਲ ਦੇ ਮੁਖੀ ਸੰਤ ਜਰਨੈਲ ਸਿੰਘ ਨੂੰ ਗੁਸੈਲ ਮੁਖੀ ਦਾ ਫਤਵਾ ਦੇ ਰਹੇ ਹਨ ਅਤੇ ਉਨ੍ਹਾਂ ਦੇ ਅੰਦਾਜ਼-ਏ-ਬਿਆਨਾਂ ਤੇ ਟਿੱਪਣੀਆਂ ਨੂੰ 'ਜੱਟਕੇ ਮੁਹਾਵਰੇ' ਦਾ ਮਿਹਣਾ ਦੇ ਕੇ ਉਨ੍ਹਾਂ ਦੇ ਕੱਦ ਨੂੰ ਛੋਟਾ ਕਰਨਾ ਚਾਹੁੰਦੇ ਹਨ। ਕੀ ਜੱਟਕੇ ਮੁਹਾਵਰੇ ਵਿੱਚ ਜ਼ਿੰਦਗੀ ਦੀਆਂ ਵੱਡੀਆਂ ਸੱਚਾਈਆਂ ਨਹੀਂ ਹੁੰਦੀਆਂ ? ਕੀ ਅਕਾਦਮਿਕ ਡੰਡ ਬੈਠਕਾਂ ਹੀ ਕਿਸੇ ਵੱਡੀ ਲਹਿਰ ਦੀ ਸਿਰਜਣਾ ਕਰਦੀਆਂ ਹਨ ? ਇਹ ਸਵਾਲ ਬਹਿਸ ਦੀ ਮੰਗ ਕਰਦੇ ਹਨ। ਸੰਤ ਜੀ ਦੇ ਗੁੱਸੇ ਪਿੱਛੇ ਲੁਕੇ ਕਾਰਨਾਂ ਨੂੰ ਲੱਭਣ ਲਈ ਸੁਮੇਲ ਦੀ ਖੋਜ ਨੇ ਲੰਮਾ ਸਫ਼ਰ ਨਹੀਂ ਤੈਅ ਕੀਤਾ। ਕੀ ਕਿਸੇ 'ਕਰੁਣਾਮਈ' ਵਿਚਾਰ ਤੋਂ ਬਿਨਾਂ ਪੂਰੇ ਦਸ ਸਾਲ ਤਕ ਮੋਢਿਆਂ 'ਤੇ ਅਸਾਲਟਾਂ ਚੁੱਕੀਆਂ ਜਾ ਸਕਦੀਆਂ ਹਨ ਅਤੇ ਖ਼ਾਸ ਤੌਰ 'ਤੇ ਉਸ ਸਮੇਂ ਜਦੋਂ ਮੁਕਾਬਲਾ ਇੱਕ ਵੱਡੀ ਤਾਕਤ ਨਾਲ ਹੋ ਰਿਹਾ ਹੋਵੇ ? ਇਉਂ ਲੱਗਦਾ ਹੈ ਕਿ ਸੁਮੇਲ ਸਿੰਘ ਸਿੱਧੂ ਖੜੋਤੇ ਪਾਣੀਆਂ ਦਾ ਤੈਰਾਕ ਹੈ ਜਿਸ ਨੇ ਇਕ ਪੱਖ ਦੀ ਸਰਗਰਮ ਤਰਫ਼ਦਾਰੀ ਕਰਕੇ ਨਿਆਂ ਵਿਚ ਖਲਲ ਪਾਇਆ ਹੈ।

# ਸਿੱਖ ਰਿਲੀਜੀਅਸ ਸੁਸਾਇਟੀ, ਗੁਰਦੁਆਰਾ ਸਾਹਿਬ ਪੈਲਾਟਾਈਨ

1280 WINNETKA ST. PALATINE IL 60067, Contact : (847) 358-1117

## ਮਹਾਨ ਧਾਰਮਿਕ ਸਮਾਗਮ

23 ਤੋਂ 26 ਜੁਲਾਈ, 2018

ਸਿੱਖ ਰਿਲੀਜ਼ੀਅਸ ਸੁਸਾਇਟੀ ਪੈਲਾਟਾਇਨ ਗੁਰਦੁਆਰਾ ਸਾਹਿਬ ਵਿਖੇ 23 ਤੋਂ 26 ਜੁਲਾਈ 2018 ਤੱਕ ਹਰ ਰੋਜ਼ ਸ਼ਾਮ ਨੂੰ ਧਾਰਮਿਕ ਦੀਵਾਨ ਸਜਾਏ ਜਾਣਗੇ। ਪੰਥ ਦੇ ਮਹਾਨ ਕਥਾਵਾਚਕ

**ਭਾਈ ਪਰਮਜੀਤ ਸਿੰਘ ਖਾਲਸਾ**

ਇਸ ਸਮਾਗਮ 'ਚ ਵਿਸ਼ੇਸ਼ ਤੌਰ 'ਤੇ ਪਹੁੰਚ ਰਹੇ ਹਨ।

*ਸਿੱਖ ਰਿਲੀਜ਼ੀਅਸ ਸੁਸਾਇਟੀ ਪੈਲਾਟਾਇਨ ਵੱਲੋਂ ਸਮੂਹ ਸਿੱਖ ਸੰਗਤਾਂ ਨੂੰ ਪਰਿਵਾਰਾਂ ਸਮੇਤ ਆਉਣ ਦੀ ਬੇਨਤੀ ਕੀਤੀ ਜਾਂਦੀ ਹੈ।*



ਹੋਰ ਜਾਣਕਾਰੀ ਲਈ ਸੰਪਰਕ ਕਰੋ

ਗੁਰਦੁਆਰਾ ਸਾਹਿਬ ਫੋਨ:
1-847-358-1117

ਮੱਖਣ ਸਿੰਘ ਕਲੇਰ ਫੋਨ:
1-630-827-9752



8th Annual

# Stockton Teeyan Mela 2018

Ladies Only Event

## ਤੀਆਂ ਦਾ ਮੇਲਾ



**Sunday, July 22, 2018**
**1:00 PM to 7:00 PM**

Venue
Delta Shelter Micke Grove Park
11793 N. Micke Grove Road
Lodi, CA 95240

**Featuring: Gidha, Poetry, Plays, Bhangra, DJ & Much More !**

Special Events:
Miss Punjaban Competition
for Various Ages.

ਇਸ ਮੌਕੇ ਕੱਪੜੇ ਅਤੇ ਗਹਿਣਿਆਂ ਦੇ ਸਟਾਲ ਵੀ ਲਗਾਏ ਜਾਣਗੇ

for more info please contact
Simran K Atwal : (209) 993-7978
Ashvinder Kaur (Ashu) : (209) 298-6454
Email: Stocktonteeyan@gmail.com
FB: www.facebook.com/stocktonteeyan

**Free Entry**
Parking $ 6.00

No Cameras Will Be Allowed

# SINGH TRANSPORT INC



ਔਕਲੈਂਡ ਪੋਰਟ, ਲਾਸ ਏਂਜਲਸ ਪੋਰਟ ਅਤੇ ਲੌਂਗ ਬੀਚ ਪੋਰਟ 'ਤੇ ਕੰਮ ਕਰਨ ਲਈ ਏ ਕਲਾਸ ਡਰਾਈਵਰਾਂ ਅਤੇ ਓਨਰ ਆਪ੍ਰੇਟਰਾਂ ਦੀ ਲੋੜ ਹੈ।

STUDENT DRIVER WELCOM
ਅਸੀਂ ਲਾਇਸੰਸ ਲੈਣ ਲਈ ਤੁਹਾਡੇ ਸਕੂਲ ਦਾ ਖਰਚਾ ਵੀ ਦਿੰਦੇ ਹਾਂ।

ਫਰਿਜ਼ਨੋ ਵੈਲੀ ਏਰੀਏ ਵਿਚੋਂ ਡਰਾਈਵਰਾਂ ਦੀ ਸਖ਼ਤ ਲੋੜ

- ਡ੍ਰਾਈ ਵੈਨ ਡਰਾਈਵਰਾਂ ਦੀ ਲੋੜ
- ਵਰਕ ਪਰਮਿਟ ਹੋਲਡਰ ਨਵੇਂ ਡਰਾਈਵਰਾਂ ਦਾ ਸਵਾਗਤ
- ਨਵੇਂ ਲਾਇਸੰਸ ਡਰਾਈਵਰਾਂ ਦਾ ਸਵਾਗਤ
- ਟ੍ਰੇਨਿੰਗ ਉਪਲਬੱਧ
- Double Endorsement ਵਾਲੇ ਡਰਾਈਵਰਾਂ ਦੀ ਲੋੜ ਹੈ।
- LA ਤੋਂ Bay Area-Sacramento-LA ਵਾਸਤੇ Hook Drop ਲੋਡ ਚੁੱਕੋ।
- ਅਸੀਂ ਡਰਾਈਵਰਾਂ ਨੂੰ 55 Cent ਤੱਕ per mile ਦਿੰਦੇ ਹਾਂ।
- ਸੋਮਵਾਰ ਤੋਂ ਸ਼ੁੱਕਰਵਾਰ ਪੰਜ ਦਿਨ ਕੰਮ ਕਰ ਕੇ ਮਹੀਨੇ ਦਾ ਡਾਲਰ $6000 ਕਮਾਓ।
- ਕੰਮ ਕਰਨ ਲਈ ਵਧੀਆ ਅਤੇ ਆਰਾਮਦਾਇਕ ਮਾਹੌਲ।
- ਅਸੀਂ ਪੋਰਟ 'ਤੇ ਸਭ ਤੋਂ ਜ਼ਿਆਦਾ ਪੈਸੇ ਦਿੰਦੇ ਹਾਂ।
- ਅਸੀਂ ਬੋਨਸ ਵੀ ਦਿੰਦੇ ਹਾਂ।
- ਰੋਜ਼ਾਨਾ ਸ਼ਾਮ ਨੂੰ ਘਰ ਜਾਓ।

ਟਰੱਕ ਰਿਪੇਅਰ ਮਕੈਨਿਕ ਦੀ ਲੋੜ

ਸੰਪਰਕ:
ਸਤਨਾਮ ਸਿੰਘ ਖਹਿਰਾ (510) 543-3778, ਜਗਤਾਰ ਸਿੰਘ (510) 918-2439, (510) 943-9578

Serving Around the World Community Since 1994
We Specialize to Asia, Europe, Middle East, Africa, Australia & etc.

Special fares to :
**SFO TO DEL**
**LAX TO DEL**

SERVICE TRUST
SKYWAY TRAVEL
DOMESTIC and INTERNATIONAL

Special fares to
**Amritsar & Delhi**

ਦੋ ਜਾਂ ਦੋ ਤੋਂ ਵੱਧ ਟਿਕਟਾਂ ਖਰੀਦਣ 'ਤੇ ਇਕ ਭਾਰ ਤੋਲਣ ਵਾਲੀ ਮਸ਼ੀਨ ਮੁਫ਼ਤ ਦਿੱਤੀ ਜਾਵੇਗੀ।

Cst No. : 2054876-40

Book on line 24/7 : www.skywaytkt.com

**Or Call (818) 762-9236**

15549 Devonshire St., Ste. 206 Mission Hills, CA 91345


ਉਡੀਕਾਂ ਖ਼ਤਮ
ਹੁਣ ਘਰ ਬੈਠੇ ਅਪਣੇ ਪਰਿਵਾਰ ਤੇ ਦੋਸਤਾਂ ਮਿੱਤਰਾਂ
ਨਾਲ ਵੇਖੋ
ਅਪਣੀ ਪਸੰਦੀਦਾ ਹਾਲੀਵੁੱਡ ਫਿਲਮ
No More Wait
You can watch your favorite
Historical Hollywood Movie
Now at Home
The Black Prince
(ਸਿੱਖ ਰਾਜ ਦੇ ਆਖ਼ਰੀ ਮਹਾਰਾਜਾ ਦੀ ਦਿਲ ਟੁੰਭਵੀਂ
ਜੀਵਨ ਕਹਾਣੀ ਉੱਤੇ ਆਧਾਰਿਤ)
ਡਿਜੀਟਲ ਤੇ ਡੀਵੀਡੀ ਪ੍ਰਾਪਤ ਕਰਨ ਲਈ
Digital and DVD Available on
www.theblackprince.com
Digital platforms;
put logos of Amazon , iTunes, Google Play, Sony PSX, Microsoft Xbox, Fandango now
amazon
iTunes
Google play
PLAYSTATION Network
XBOX
FANDANGONOW


ਅਮਰੀਕਾ ਵਿਚ ਇੰਡੀਅਨ ਗਰੋਸਰੀ ਦੇ ਨੰਬਰ ਵਨ
ਹੋਲਸੇਲਰ 1
MDH
SHAH
ਅਸੀਂ ਇੰਡੀਅਨ ਸਟੋਰਸ, ਰੈਸਟੋਰੈਂਟਸ, ਹੋਟਲ ਅਤੇ ਕੇਟਰਿੰਗ ਨੂੰ ਇੰਡੀਅਨ ਗਰੋਸਰੀ, ਬਰਤਨ, ਦਾਲਾਂ, ਰਾਈਸ, ਸਪਾਈਸਿਜ਼ ਅਤੇ ਔਰਗੈਨਿਕ ਫੂਡ ਸਪਲਾਈ ਕਰਦੇ ਹਾਂ
Kulwant Singh (Shah)
Punjab Trading Inc
4710 B ST NW #103 Auburn, WA 98001
Phone:206-778-1823
shahbrands@gmail.com


ਉੱਘੇ ਸਿੱਖ ਵਿਦਵਾਨ ਭਾਈ ਅਜਮੇਰ ਸਿੰਘ ਦੀਆਂ ਬੇਹੱਦ ਪੜ੍ਹਣ ਯੋਗ ਪੁਸਤਕਾਂ
ਹੁਣ ਅਮਰੀਕਾ ਵਿੱਚ ਘਰ ਬੈਠੇ ਪ੍ਰਾਪਤ ਕਰ ਸਕਦੇ ਹੋ:
ਵੀਹਵੀਂ ਸਦੀ ਦੀ ਸਿੱਖ ਰਾਜਨੀਤੀ
ਕਿਸ ਬਿਧ ਰੁਲੀ ਪਾਤਸ਼ਾਹੀ
1984 ਅਣਚਿਤਵਿਆ ਕਹਿਰ
ਤੀਜੇ ਘੱਲੂਘਾਰੇ ਤੋਂ ਬਾਅਦ ਸਿੱਖਾਂ ਦੀ ਸਿਧਾਂਤਕ ਘੇਰਾਬੰਦੀ
ਸ਼ਹੀਦ ਕਰਤਾਰ ਸਿੰਘ ਸਰਾਭਾ
ਗਦਰੀ ਬਾਬੇ ਕੌਣ ਸਨ?
ਅਜਮੇਰ ਸਿੰਘ
ਕੀਮਤ ਇੱਕ ਪੁਸਤਕ : 20 ਡਾਲਰ (ਡਾਕ ਖਰਚੇ ਸਮੇਤ)
ਸਾਰੀਆਂ ਪੁਸਤਕਾਂ ਦਾ ਸੈੱਟ : 100 ਡਾਲਰ (ਡਾਕ ਖਰਚੇ ਸਮੇਤ)
ਹੋਰ ਜਾਣਕਾਰੀ ਸੰਪਰਕ ਕਰੋ :
ਤਜਿੰਦਰ ਸਿੰਘ 916-529-7877
ਜਸਜੀਤ ਸਿੰਘ ਫੋਨ :510 875 3279


Website Design & Development
➡ ਛੋਟੇ/ਵੱਡੇ ਬਜ਼ਿਨਸ, ਐਨ. ਜੀ. ਓ, ਰੇਡੀਓ ਸਟੇਸ਼ਨ ਅਤੇ ਖਬਰਾਂ ਵਾਲੀਆਂ ਵੈਬਸਾਈਟਾਂ ਬਣਾਉਣ ਵਿਚ ਖਾਸ ਮੁਹਾਰਤ।
➡ ਈ-ਕਮਰਸ ਅਤੇ ਆਨਲਾਈਨ ਸਟੋਰ/ਸੇਲ ਦੀਆਂ ਵੈਬਸਾਈਟਾਂ ਬਣਾਉਣ ਦਾ ਖਾਸ ਪ੍ਰਬੰਧ ਹੈ।
Basic web packages are availables on comparatively economical rates
We work as per your requirement and charge only according to work
SERVICES
✓ WEB DEVELOPMENT
✓ WEB DESIGNING
✓ WEB RE-DESIGN
✓ LOGO DESIGN
✓ SEO SERVICES
✓ TECHNICAL SUPPORT
Web Media Art
ਵਧੀਆ, ਸੁੰਦਰ ਅਤੇ ਨਵੀਂ ਤਕਨੀਕ ਅਨੁਸਾਰ ਵੈਬਸਾਈਟ ਬਣਵਾਉਣ ਲਈ ਅੱਜ ਹੀ ਸੰਪਰਕ ਕਰੋ।
+91-94640-83029
+91-95699-98747
info@webmediaart.com
www.webmediaart.com


ਖੁਸ਼ਖ਼ਬਰੀ ਖੁਸ਼ਖ਼ਬਰੀ ਖੁਸ਼ਖ਼ਬਰੀ ਖੁਸ਼ਖ਼ਬਰੀ
ਪੰਜਾਬੀ ਢਾਬਾ
Now Open
Indiana
1480 N State Road 1, Cambridge City, IN 47327.
70
Diesel/Gas
Exit 137
ਟਰੱਕਾਂ ਵਾਲੇ ਭਰਾਵਾਂ ਲਈ
ਖੁੱਲ੍ਹ ਗਿਆ
ਇਥੇ ਮੰਜਿਆਂ ਉਪਰ ਬੈਠਕੇ ਖਾਓ-ਪੀਓ ਅਤੇ ਨਾਲ ਲੈ ਕੇ ਜਾਵੋ...
ਸਵਾਦ ਅਤੇ ਮਾਹੌਲ, ਜਿਵੇਂ ਆਪਣਾ ਪੰਜਾਬ ਤੇ ਘਰ ਦੀ...
ਸਹੂਲਤਾਂ
ਕੀਮਤਾਂ ਬਹੁਤ ਹੀ ਵਾਜਬ !
ਪੰਜਾਬੀ ਢਾਬਾ
ਸਸਤਾ ਡੀਜ਼ਲ
Liquor, Beer & Wine
truck repair, new showers, scale.
Free Buffet over 100 gallons
open 6am to midnight
Phone: 765-478-6300

# Valley Real Estate Center



Better Deal will be given from New Builders to Book New home in Mountain House, Tracy, Manteca and lathrop

For agriculture and almond Farm,office building, Farm House and for Truck Yard in Tracy, Manteca, Lathrop and Stockton

ਮਾਊਂਟੇਨ ਹਾਊਸ, ਟਰੇਸੀ, ਮਨਟਿਕਾ ਅਤੇ ਲੈਥਰੋਪ ਵਿਚ ਨਵਾਂ ਘਰ ਬੁੱਕ ਕਰਨ ਲਈ ਨਵੇਂ ਅਤੇ ਤਜਰਬੇਕਾਰ ਬਿਲਡਰਜ਼ ਤੋਂ ਵਧੀਆ ਡੀਲ ਦਿਵਾਈ ਜਾਵੇਗੀ।

ਖੇਤੀਬਾੜੀ, ਅਲਮੰਡ ਫਾਰਮ, ਆਫ਼ਿਸ ਬਿਲਡਿੰਗ, ਫਾਰਮ ਹਾਊਸ ਅਤੇ ਟਰੱਕ ਯਾਰਡ ਲਈ ਵੀ ਵਧੀਆ ਸੇਵਾਵਾਂ ਹਾਸਲ ਕਰੋ।

## Listing



**New Home for Sale:**
1830 William Moss Stockton
3 Bed, 2 Bath 1250 square foot
**$299,900**



**Truck Yard for Sale:**
3779 S El Dorado Road Stockton, 3.70 Acres,
60 Truck trailer parking in Permitted Truck parking Zone
**$1,250,000**

Two Acres Truck Yard with small shop Available in Manteca asking for **$950,000**



Ranjit S Mangat
(Lic: 01922089)

**ਨਵੀਂ ਜਾਂ ਪੁਰਾਣੀ ਜਾਇਦਾਦ ਖਰੀਦਣ ਜਾਂ ਵੇਚਣ ਲਈ ਕਾਲ ਕਰੋ**

## Ranjit S Mangat

**Valley Real Estate Center (Office Lic.: 01392267)**
**68 E 11th Street Ste 109, Tracy, CA 95376**
**Office: 209-956-1000 Cell : 408-355-5700**
**gbsingh84@gmail.com**


TRANS-ALLIANCE
TOGETHER WE SAVE
SAVE UPTO 24¢
PER GALLON ON DIESEL
TRANS-ALLIANCE
KHALSA
FUEL CARD
1243 6756 7698 3421
TRANS EXPRESS
FUEL CARD
Our Over The Road (OTR) Fuel Card replaces cash and credit cards for fuel and maintenance - with low transaction fees - at over 6,600 truck stops across the country. We offer line of credit - $10,000 to $100,000.
FACTORING
Fleet One introduces aggressive factoring program for Trans-Alliance members. We can beat any price to get your piece of business.
ਪੰਜਾਬੀ ਵਿਚ ਜਾਣਕਾਰੀ ਲਈ 1.855.641.6955
888.795.7035
sales@trans-alliance.com
www.trans-alliance.com
PETRO
Stopping Centers
TA
TravelCenters of America
Love's
Travel Stops & Country Stores


First Punjabi Channel to go HD Worldwide
jus punjabi HD
IS NOW
HD
HIGH DEFINITION
Subscribe to the JUS Pack Today!
subscribe now
JUS Pack
has it all!
jus punjabi
JUS one
jus 24x7
9x TASHAN
4 channels for only $14.99 on dish | sling
Call 1-888-246-6242 to Subscribe
For advertisement & more information call: +1-718-752-9290
www.jusbroadcasting.com

# ਸ਼੍ਰੋਮਣੀ ਕਮੇਟੀ ਵੱਲੋਂ ਅਫਗਾਨਿਸਤਾਨ 'ਚ ਮਾਰੇ ਗਏ ਸਿੱਖਾਂ ਨੂੰ ਸ਼ਰਧਾਂਜਲੀ

**ਅੰਮ੍ਰਿਤਸਰ/ਬਿਊਰੋ ਨਿਊਜ਼** :ਅਕਾਲ ਤਖ਼ਤ ਦੇ ਜਥੇਦਾਰ ਗਿਆਨੀ ਗੁਰਬਚਨ ਸਿੰਘ ਨੇ ਅਫਗਾਨਿਸਤਾਨ ਵਿਚ ਅਤਿਵਾਦੀ ਹਮਲੇ ਵਿਚ ਮਾਰੇ ਗਏ ਸਿੱਖਾਂ ਦੇ ਪਰਿਵਾਰਾਂ ਦੀ ਮਦਦ ਲਈ ਸਮੁੱਚੀ ਕੌਮ ਨੂੰ ਇਕਜੁੱਟ ਹੋਣ ਦੀ ਅਪੀਲ ਕਰਦਿਆਂ ਵਿਦੇਸ਼ ਵਸਦੇ ਸਿੱਖਾਂ ਨੂੰ ਪੀੜਤਾਂ ਦੀ ਮਦਦ ਲਈ ਅੱਗੇ ਆਉਣ ਵਾਸਤੇ ਆਖਿਆ ਹੈ। ਉਹ ਇਥੇ ਅਫਗਾਨਿਸਤਾਨ ਵਿਖੇ ਅਤਿਵਾਦੀ ਹਮਲੇ ਦੌਰਾਨ ਮਾਰੇ ਗਏ ਸਿੱਖਾਂ ਦੀ ਯਾਦ 'ਚ ਸ਼੍ਰੋਮਣੀ ਕਮੇਟੀ ਵੱਲੋਂ ਰਖਵਾਏ ਗਏ ਅਖੰਡ ਪਾਠ ਦੇ ਭੋਗ ਵਿੱਚ ਸ਼ਾਮਲ ਹੋਏ ਹਨ।

ਗੁਰਦੁਆਰਾ ਮੰਜੀ ਸਾਹਿਬ ਦੀਵਾਨ ਹਾਲ ਵਿਖੇ ਅਖੰਡ ਪਾਠ ਦੇ ਭੋਗ ਮਗਰੋਂ ਵਿਛੜੀਆਂ ਰੂਹਾਂ ਦੀ ਆਤਮਿਕ ਸ਼ਾਂਤੀ ਲਈ ਭਾਈ ਸੁਲਤਾਨ ਸਿੰਘ ਨੇ ਅਰਦਾਸ ਕੀਤੀ। ਜਥੇਦਾਰ ਗਿਆਨੀ ਗੁਰਬਚਨ ਸਿੰਘ ਨੇ ਅਫਗਾਨਿਸਤਾਨ ਵਿਚ ਮਾਰੇ ਗਏ ਸਿੱਖਾਂ ਨੂੰ ਸ਼ਰਧਾਂਜਲੀ ਭੇਟ ਕਰਦਿਆਂ ਅਤਿਵਾਦੀ ਹਮਲੇ ਨੂੰ ਮਨੁੱਖਤਾ ਲਈ ਮੰਦਭਾਗਾ ਕਰਾਰ ਦਿੱਤਾ। ਸ਼੍ਰੋਮਣੀ ਕਮੇਟੀ ਪ੍ਰਧਾਨ ਗੋਬਿੰਦ ਸਿੰਘ ਲੌਂਗੋਵਾਲ ਨੇ ਮਾਰੇ ਗਏ ਸਿੱਖਾਂ ਨੂੰ ਸ਼ਰਧਾਂਜਲੀ ਭੇਟ ਕਰਦਿਆਂ ਕਿਹਾ ਕਿ ਪੀੜਤ ਪਰਿਵਾਰਾਂ ਦੀ ਸਾਰ ਲੈਣਾ ਸ਼੍ਰੋਮਣੀ ਕਮੇਟੀ ਦਾ ਫ਼ਰਜ਼ ਹੈ ਅਤੇ ਉਹ ਇਸ ਤੋਂ ਪਿੱਛੇ ਨਹੀਂ ਹਟੇਗੀ। ਮਾਰੇ ਗਏ ਸਿੱਖਾਂ ਦੇ ਬੱਚਿਆਂ ਨੂੰ ਸ਼੍ਰੋਮਣੀ ਕਮੇਟੀ ਵੱਲੋਂ ਮੁਫਤ ਵਿਦਿਆ ਦਾ ਪ੍ਰਬੰਧ ਕੀਤਾ ਜਾਵੇਗਾ। ਸ਼੍ਰੋਮਣੀ ਕਮੇਟੀ ਵੱਲੋਂ ਪੀੜਤ ਪਰਿਵਾਰਾਂ ਲਈ ਐਲਾਨ ਕੀਤੀ ਗਈ ਸਹਾਇਤਾ ਰਾਸ਼ੀ ਜਲਦੀ ਹੀ ਪੀੜਤਾਂ ਤੱਕ ਪਹੁੰਚਾਈ ਜਾਵੇਗੀ। ਉਨ੍ਹਾਂ ਕਿਹਾ ਕਿ ਸ਼੍ਰੋਮਣੀ ਕਮੇਟੀ, ਦਿੱਲੀ ਕਮੇਟੀ ਅਤੇ ਸ਼੍ਰੋਮਣੀ ਅਕਾਲੀ ਦਲ ਵੱਲੋਂ ਸਾਂਝੇ ਤੌਰ 'ਤੇ ਵਿਦੇਸ਼ ਮੰਤਰੀ ਸ੍ਰੀਮਤੀ ਸੁਸ਼ਮਾ ਸਵਰਾਜ ਨਾਲ ਮੁਲਾਕਾਤ ਕਰਕੇ ਅਫਗਾਨਿਸਤਾਨ 'ਚ ਸਿੱਖਾਂ ਦੀ ਸੁਰੱਖਿਆ ਯਕੀਨੀ ਬਣਾਉਣ ਲਈ ਆਖਿਆ ਗਿਆ ਹੈ। ਇਸ ਦੌਰਾਨ ਅਫਗਾਨਿਸਤਾਨ ਤੋਂ ਦਿੱਲੀ ਆ ਕੇ ਵਸੇ ਭਾਈ ਹੀਰਾ ਸਿੰਘ, ਆਪਣੇ ਸਾਥੀਆਂ ਸਮੇਤ ਸ਼ਰਧਾਂਜਲੀ ਸਮਾਗਮ ਵਿੱਚ ਪਹੁੰਚੇ। ਉਨ੍ਹਾਂ ਕਿਹਾ ਕਿ ਸ਼੍ਰੋਮਣੀ ਕਮੇਟੀ ਨੇ ਪੀੜਤਾਂ ਦੀ ਮੱਦਦ ਲਈ ਜੋ ਫ਼ਰਜ਼ ਨਿਭਾਇਆ ਹੈ, ਉਹ ਅਫਗਾਨਿਸਤਾਨ ਦੇ ਸਿੱਖਾਂ ਲਈ ਸਦਮੇ ਵਿੱਚ ਬਾਹਰ ਨਿਕਲਣ ਲਈ ਢਾਰਸ ਬਣੇਗਾ।



ਅਫਗਾਨਿਸਤਾਨ ਵਿਚ ਮਾਰੇ ਗਏ ਸਿੱਖਾਂ ਦੀ ਯਾਦ 'ਚ ਗੁਰਦੁਆਰਾ ਸ੍ਰੀ ਮੰਜੀ ਸਾਹਿਬ ਦੀਵਾਨ ਹਾਲ ਵਿਖੇ ਸ੍ਰੀ ਅਖੰਡ ਪਾਠ ਸਾਹਿਬ ਦੇ ਭੋਗ ਤੋਂ ਬਾਅਦ ਹੋਈ ਅਰਦਾਸ ਦਾ ਦ੍ਰਿਸ਼।

## ਸਿੱਖਾਂ ਦੇ ਕਾਤਲਾਂ ਨੂੰ ਬਖਸ਼ਿਆਂ ਨਹੀਂ ਜਾਵੇਗਾ : ਅਫ਼ਗਾਨ ਸਦਰ

**ਕਾਬੁਲ/ਬਿਊਰੋ ਨਿਊਜ਼** : ਅਫ਼ਗਾਨਿਸਤਾਨ ਦੇ ਰਾਸ਼ਟਰਪਤੀ ਅਸ਼ਰਫ਼ ਗ਼ਨੀ ਨੇ ਕਿਹਾ ਕਿ ਮੁਲਕ ਦੇ ਪੂਰਬੀ ਸ਼ਹਿਰ ਜਲਾਲਾਬਾਦ ਵਿਚ ਸਿੱਖਾਂ ਤੇ ਹਿੰਦੂਆਂ ਨੂੰ ਨਿਸ਼ਾਨਾ ਬਣਾ ਕੇ ਕੀਤੇ ਗਏ ਹਮਲੇ ਦੀ ਡੂੰਘਾਈ ਨਾਲ ਜਾਂਚ ਕੀਤੀ ਜਾਵੇਗੀ। ਉਨ੍ਹਾਂ ਇਹ ਗੱਲ ਇਥੋਂ ਦੇ ਗੁਰਦੁਆਰੇ ਵਿੱਚ ਪੁੱਜ ਕੇ ਘਟਨਾ ਲਈ ਘੱਟਗਿਣਤੀ ਭਾਈਚਾਰੇ ਨਾਲ ਹਮਦਰਦੀ ਜ਼ਾਹਰ ਕਰਦਿਆਂ ਕਹੀ।



ਉਨ੍ਹਾਂ ਕਿਹਾ ਕਿ ਹਮਲਾਵਰਾਂ ਨੂੰ ਹਰਗਿਜ਼ ਬਖ਼ਸ਼ਿਆ ਨਹੀਂ ਜਾਵੇਗਾ। ਮੁਲਕ ਦੇ ਰਾਸ਼ਟਰਪਤੀ ਭਵਨ ਏਆਰਜੀ ਮਹਿਲ ਵੱਲੋਂ ਜਾਰੀ ਬਿਆਨ ਮੁਤਾਬਕ ਸ੍ਰੀ ਗ਼ਨੀ ਨੇ ਕਾਬੁਲ ਦੇ ਕਾਰਤ-ਏ-ਪਰਵਾਨ ਇਲਾਕੇ ਵਿੱਚ ਸਥਿਤ ਗੁਰਦੁਆਰੇ ਵਿਚ ਨਤਮਸਤਕ ਹੋਣ ਤੋਂ ਬਾਅਦ ਭਾਈਚਾਰੇ ਨਾਲ ਮੁਲਾਕਾਤ ਕੀਤੀ। ਗ਼ੌਰਤਲਬ ਹੈ ਕਿ ਬੀਤੇ ਐਤਵਾਰ ਨੂੰ ਇਹ ਹਮਲਾ ਉਦੋਂ ਹੋਇਆ ਸੀ ਜਦੋਂ ਆਈਐਸਆਈਐਸ ਦੇ ਇਕ ਫਿਦਾਈਨ ਨੇ ਅਫ਼ਗਾਨ ਸਦਰ ਨੂੰ ਮਿਲਣ ਜਾ ਰਹੇ ਸਿੱਖਾਂ ਤੇ ਹਿੰਦੂਆਂ ਦੇ ਕਾਫ਼ਲੇ ਨੂੰ ਨਿਸ਼ਾਨਾ ਬਣਾ ਕੇ ਖ਼ੁਦ ਨੂੰ ਬੰਬ ਨਾਲ ਉਡਾ ਦਿੱਤਾ ਸੀ। ਹਮਲੇ ਵਿਚ 17 ਸਿੱਖਾਂ ਸਮੇਤ 20 ਵਿਅਕਤੀ ਮਾਰੇ ਗਏ ਸਨ, ਜਿਨ੍ਹਾਂ ਵਿੱਚ ਸਿੱਖ ਭਾਈਚਾਰੇ ਦੇ ਸੀਨੀਅਰ ਆਗੂ ਅਵਤਾਰ ਸਿੰਘ ਖ਼ਾਲਸਾ ਵੀ ਸ਼ਾਮਲ ਸਨ। ਬਿਆਨ ਵਿਚ ਕਿਹਾ ਗਿਆ ਹੈ, "ਸਦਰ ਨੇ ਹਮਲੇ ਨੂੰ ਭਿਆਨਕ ਕਰਾਰ ਦਿੰਦਿਆਂ ਭਰੋਸਾ ਦਿੱਤਾ ਕਿ ਇਸ ਦੀ ਡੂੰਘਾਈ ਨਾਲ ਜਾਂਚ ਕੀਤੀ ਜਾਵੇਗੀ।" ਉਨ੍ਹਾਂ ਸਿੱਖ ਤੇ ਹਿੰਦੂ ਭਾਈਚਾਰਿਆਂ ਨੂੰ ਦੇਸ਼ ਦਾ ਮਾਣ ਕਰਾਰ ਦਿੱਤਾ। ਗੁਰਦੁਆਰੇ ਵਿਚ ਸੁਰਪਾਲ ਸਿੰਘ ਨੇ ਸਿੱਖ ਭਾਈਚਾਰੇ ਵੱਲੋਂ ਸ੍ਰੀ ਗ਼ਨੀ ਦਾ ਧੰਨਵਾਦ ਕੀਤਾ। ਇਸ ਮੌਕੇ ਨਰਿੰਦਰ ਸਿੰਘ ਨੂੰ ਅਫ਼ਗਾਨ ਸਿੱਖਾਂ ਤੇ ਹਿੰਦੂਆਂ ਦਾ ਨਵਾਂ ਨੁਮਾਇੰਦਾ ਨਿਯੁਕਤ ਕੀਤਾ ਗਿਆ। ਜਾਣਕਾਰੀ ਮੁਤਾਬਕ ਸਾਬਕਾ ਸਦਰ ਹਾਮਿਦ ਕਰਜ਼ਈ ਨੇ ਵੀ ਗੁਰਦੁਆਰੇ ਵਿੱਚ ਪੁੱਜ ਦੇ ਭਾਈਚਾਰੇ ਨਾਲ ਦੁੱਖ ਜ਼ਾਹਰ ਕੀਤਾ।

## ਸ਼੍ਰੋਮਣੀ ਕਮੇਟੀ ਨੇ ਗੁਰਪੁਰਬ 'ਤੇ ਸ੍ਰੀ ਨਨਕਾਣਾ ਸਾਹਿਬ ਜਾਣ ਵਾਲਿਆਂ ਤੋਂ ਪਾਸਪੋਰਟ ਮੰਗੇ

**ਅੰਮ੍ਰਿਤਸਰ/ਬਿਊਰੋ ਨਿਊਜ਼** : ਪਹਿਲੀ ਪਾਤਸ਼ਾਹੀ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਪ੍ਰਕਾਸ਼ ਪੁਰਬ ਸਮੇਂ ਨਵੰਬਰ 2018 ਵਿਚ ਗੁਰਦੁਆਰਾ ਸ੍ਰੀ ਨਨਕਾਣਾ ਸਾਹਿਬ ਪਾਕਿਸਤਾਨ ਦੀ ਯਾਤਰਾ ਲਈ ਭੇਜੇ ਜਾਣ ਵਾਲੇ ਜਥੇ ਲਈ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਸੰਗਤਾਂ ਕੋਲੋਂ ਪਾਸਪੋਰਟ ਮੰਗੇ ਗਏ ਹਨ।



ਸ਼੍ਰੋਮਣੀ ਕਮੇਟੀ ਦਫਤਰ ਤੋਂ ਜਾਰੀ ਇਕ ਬਿਆਨ ਰਾਹੀਂ ਮੁੱਖ ਸਕੱਤਰ ਡਾ. ਰੂਪ ਸਿੰਘ ਨੇ ਦੱਸਿਆ ਕਿ ਪਹਿਲੇ ਪਾਤਸ਼ਾਹ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਪ੍ਰਕਾਸ਼ ਗੁਰਪੁਰਬ ਮੌਕੇ ਪਾਕਿਸਤਾਨ ਸਥਿਤ ਗੁਰਦੁਆਰਾ ਸ੍ਰੀ ਨਨਕਾਣਾ ਸਾਹਿਬ ਸਮੇਤ ਹੋਰ ਗੁਰਧਾਮਾਂ ਦੇ ਦਰਸ਼ਨਾਂ ਲਈ ਭੇਜੇ ਜਾਣ ਵਾਲੇ ਜਥੇ ਲਈ ਸੰਗਤਾਂ ਆਪਣੇ ਪਾਸਪੋਰਟ 6 ਅਗਸਤ 2018 ਤੀਕ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਸ੍ਰੀ ਅੰਮ੍ਰਿਤਸਰ ਦੇ ਮੁੱਖ ਦਫਤਰ ਵਿਖੇ ਯਾਤਰਾ ਵਿਭਾਗ 'ਚ ਭੇਜ ਸਕਦੀਆਂ ਹਨ। ਉਨ੍ਹਾਂ ਦੱਸਿਆ ਕਿ ਚਾਹਵਾਨ ਸੰਗਤਾਂ ਆਪਣੇ ਪਾਸਪੋਰਟਾਂ ਦੇ ਨਾਲ ਸ਼੍ਰੋਮਣੀ ਕਮੇਟੀ ਦੇ ਮੈਂਬਰ ਦੀ ਸਿਫਾਰਸ਼ ਸਹਿਤ ਆਪਣਾ ਪਛਾਣ ਪੱਤਰ ਵੀ ਜਮ੍ਹਾਂ ਕਰਵਾਉਣ। ਉਨ੍ਹਾਂ ਕਿਹਾ ਕਿ ਸੰਗਤਾਂ ਵੱਲੋਂ ਪਛਾਣ ਪੱਤਰ ਲਈ ਆਧਾਰ ਕਾਰਡ ਜਾਂ ਵੋਟਰ ਕਾਰਡ ਦੀ ਕਾਪੀ ਦਿੱਤੀ ਜਾ ਸਕਦੀ ਹੈ। ਡਾ. ਰੂਪ ਸਿੰਘ ਨੇ ਕਿਹਾ ਕਿ ਸੰਗਤਾਂ ਆਪਣੇ ਪਾਸਪੋਰਟ ਸਮੇਂ ਸਿਰ ਜਮ੍ਹਾਂ ਕਰਵਾਉਣ ਤਾਂ ਜੋ ਅਗਲੀ ਕਾਰਵਾਈ ਲਈ ਅੱਗੇ ਭੇਜੇ ਜਾ ਸਕਣ।

## ਮਿਲ ਸਕਦੀ ਏ ਅਫਗਾਨੀ ਸਿੱਖਾਂ ਨੂੰ ਭਾਰਤੀ ਨਾਗਰਿਕਤਾ

**ਅੰਮ੍ਰਿਤਸਰ/ਬਿਊਰੋ ਨਿਊਜ਼** : ਅਤਿਵਾਦ ਕਾਰਨ ਅਫ਼ਗਾਨਿਸਤਾਨ ਛੱਡ ਕੇ ਦਿੱਲੀ ਅਤੇ ਹੋਰ ਥਾਵਾਂ 'ਤੇ ਵਸੇ ਅਫ਼ਗਾਨਿਸਤਾਨ ਦੇ ਸਿੱਖਾਂ ਨੂੰ ਹੁਣ ਭਾਰਤੀ ਨਾਗਰਿਕਤਾ ਮਿਲਣ ਦੀ ਉਮੀਦ ਬੱਝ ਗਈ ਹੈ। ਇਹ ਮਾਮਲੇ ਨੂੰ ਲੋਕ ਸਭਾ ਵਿੱਚ ਸਹਿਮਤੀ ਮਿਲ ਚੁੱਕੀ ਹੈ ਤੇ ਹੁਣ ਰਾਜ ਸਭਾ ਵਿੱਚ ਸਹਿਮਤੀ ਮਿਲਣ ਦੀ ਉਮੀਦ ਹੈ। ਇਹ ਖ਼ੁਲਾਸਾ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਗੋਬਿੰਦ ਸਿੰਘ ਲੌਂਗੋਵਾਲ ਨੇ ਕੀਤਾ ਹੈ, ਜੋ ਬੀਤੇ ਦਿਨ ਹੋਰ ਸਿੱਖ ਆਗੂਆਂ ਸਮੇਤ ਕੇਂਦਰੀ ਵਿਦੇਸ਼ ਮੰਤਰੀ ਸੁਸ਼ਮਾ ਸਵਰਾਜ ਨੂੰ ਮਿਲੇ ਸਨ। ਇਸ ਦੌਰਾਨ ਸ਼੍ਰੋਮਣੀ ਕਮੇਟੀ ਨੇ ਅਫ਼ਗਾਨਿਸਤਾਨ ਵਿੱਚ ਮਾਰੇ ਅਤੇ ਜ਼ਖ਼ਮੀ ਹੋਏ ਸਿੱਖਾਂ ਨੂੰ ਐਲਾਨੀ ਮਾਇਕ ਮਦਦ ਪਹੁੰਚਾਉਣ ਲਈ ਯਤਨ ਸ਼ੁਰੂ ਕਰ ਦਿੱਤੇ ਹਨ।

ਭਾਈ ਗੋਬਿੰਦ ਸਿੰਘ ਲੌਂਗੋਵਾਲ ਨੇ ਕਿਹਾ ਹੈ ਕਿ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਸਾਢੇ 5 ਸੌ ਸਾਲਾ ਪ੍ਰਕਾਸ਼ ਦਿਵਸ ਦੇ ਮੌਕੇ ਹੋਣ ਵਾਲਾ ਸਿੱਖ ਮਾਰਚ ਕਸ਼ਮੀਰ ਦੇ ਮਟਨ ਸ਼ਹਿਰ ਤੋਂ ਸ਼ੁਰੂ ਹੋਵੇਗਾ ਜੋ ਕਸ਼ਮੀਰ ਦੇ ਵੱਖ-ਵੱਖ ਇਤਿਹਾਸਕ ਗੁਰਧਾਮਾਂ ਤੋਂ ਹੁੰਦਾ ਹੋਇਆ ਜੰਮੂ ਰਾਹੀਂ ਪੰਜਾਬ ਵਿਚ ਪ੍ਰਵੇਸ਼ ਕਰੇਗਾ। ਭਾਈ ਲੌਂਗੋਵਾਲ ਨੇ ਦੱਸਿਆ ਕਿ ਜੰਮੂ ਕਸ਼ਮੀਰ ਵਿਚ ਉੱਥੋਂ ਦੇ ਪੰਡਿਤ ਭਾਈਚਾਰੇ ਨੂੰ ਘੱਟ ਗਿਣਤੀ ਦਾ ਦਰਜ਼ਾ ਹਾਸਲ ਹੈ ਜਦ ਕਿ ਸਿੱਖ ਇਸ ਸਹੂਲਤ ਤੋਂ ਵਾਂਝੇ ਹਨ। ਉਨ੍ਹਾਂ ਨੇ ਇਸ ਮੁੱਦੇ ਨੂੰ ਲੈ ਕੇ ਕਸ਼ਮੀਰ ਦੇ ਰਾਜਪਾਲ ਨਾਲ ਮਿਲਣ ਦਾ ਯਤਨ ਵੀ ਕੀਤਾ ਪਰ ਰਾਜਪਾਲ ਦੇ ਅਗਾਊਂ ਰੁਝੇਵਿਆਂ ਕਾਰਨ ਮੁਲਾਕਾਤ ਨਹੀਂ ਹੋ ਸਕੀ। ਉਨ੍ਹਾਂ ਦੱਸਿਆ ਕਿ ਰੁਜ਼ਗਾਰ ਅਤੇ ਸਿੱਖਿਆ ਦੇ ਮਾਮਲੇ ਵਿਚ ਉੱਥੇ ਸਿੱਖਾਂ ਨਾਲ ਹੋ ਰਹੇ ਵਿਤਕਰੇ ਦੇ ਮੁੱਦੇ ਨੂੰ ਕੇਂਦਰ ਸਰਕਾਰ ਅਤੇ ਸੂਬਾ ਸਰਕਾਰ ਕੋਲ ਚੁੱਕਿਆ ਜਾ ਰਿਹਾ ਹੈ। ਉਨ੍ਹਾਂ ਦੱਸਿਆ ਕਿ ਕਸ਼ਮੀਰ ਦੇ ਛੱਤੀਸ ਸਿੰਘਪੁਰਾ ਵਿਚ ਸ਼੍ਰੋਮਣੀ ਕਮੇਟੀ ਵਲੋਂ ਸਕੂਲ ਦੀ ਸਥਾਪਨਾ ਕੀਤੀ ਜਾ ਰਹੀ ਹੈ।

# ਪਾਕਿਸਤਾਨ ਦੇ ਸਾਬਕਾ ਪ੍ਰਧਾਨ ਮੰਤਰੀ ਨਵਾਜ਼ ਸ਼ਰੀਫ ਨੂੰ ਦਸ ਸਾਲ ਕੈਦ ਤੇ 80 ਲੱਖ ਪੌਂਡ ਦਾ ਭਾਰੀ ਜੁਰਮਾਨਾ

**ਇਸਲਾਮਾਬਾਦ/ਬਿਊਰੋ ਨਿਊਜ਼** :

ਪਾਕਿਸਤਾਨ ਦੇ ਗੱਦੀਓਂ ਲਾਹੇ ਪ੍ਰਧਾਨ ਮੰਤਰੀ ਨਵਾਜ਼ ਸ਼ਰੀਫ ਨੂੰ ਭ੍ਰਿਸ਼ਟਾਚਾਰ ਦੇ ਕੇਸ ਵਿੱਚ ਇੱਥੇ ਸਥਿਤ ਇੱਕ ਭ੍ਰਿਸ਼ਟਾਚਾਰ ਵਿਰੋਧੀ ਵਿਸ਼ੇਸ਼ ਅਦਾਲਤ ਨੇ 10 ਸਾਲ ਦੀ ਸਖ਼ਤ ਕੈਦ ਅਤੇ 80 ਲੱਖ ਪੌਂਡ ਦੇ ਭਾਰੀ ਜੁਰਮਾਨੇ ਦੀ ਸਜ਼ਾ ਸੁਣਾਈ ਹੈ। ਇਹ ਸਜ਼ਾ ਨਵਾਜ਼ ਸ਼ਰੀਫ ਦੀ ਗੈਰਹਾਜ਼ਰੀ ਵਿੱਚ ਜਸਟਿਸ ਮੁਹੰਮਦ ਬਸ਼ੀਰ ਨੇ ਬੰਦ ਕਮਰਾ ਸੁਣਵਾਈ ਦੌਰਾਨ ਸੁਣਾਈ। ਇਹ ਸ਼ਰੀਫ ਪਰਿਵਾਰ ਵਿਰੁੱਧ ਪਨਾਮਾ ਪੇਪਰ ਲੀਕ ਘੁਟਾਲੇ ਨਾਲ ਸਬੰਧਤ ਭ੍ਰਿਸ਼ਟਾਚਾਰ ਦੇ ਤਿੰਨ ਕੇਸਾਂ ਵਿੱਚੋਂ ਪਹਿਲਾ ਕੇਸ ਹੈ। ਇਸ ਕੇਸ ਵਿੱਚ ਸ਼ਰੀਫ ਦੀ ਧੀ ਮਰੀਅਮ ਸ਼ਰੀਫ (44) ਨੂੰ ਸੱਤ ਸਾਲ ਕੈਦ ਦੀ ਸਜ਼ਾ ਅਤੇ 20 ਲੱਖ ਪੌਂਡ ਜੁਰਮਾਨਾ, ਉਸ ਦੇ ਪਤੀ ਕੈਪਟਨ (ਸੇਵਾਮੁਕਤ) ਮੁਹੰਮਦ ਸਫ਼ਦਰ ਨੂੰ ਇੱਕ ਸਾਲ ਕੈਦ ਦੀ ਸਜ਼ਾ ਸੁਣਾਈ ਗਈ ਹੈ। ਫੈਸਲੇ ਦੇ ਵੇਰਵਿਆਂ ਸਬੰਧੀ ਕੌਮੀ ਜਵਾਬਦੇਹੀ ਬਿਊਰੋ ਦੀ ਕੇਸ ਲੜਨ ਵਾਲੀ ਟੀਮ ਦੇ ਮੁਖੀ ਸਰਦਾਰ ਮੁਜੱਫਰ ਅੱਬਾਸੀ ਨੇ ਜਾਣਕਾਰੀ ਦਿੱਤੀ। ਉਨ੍ਹਾਂ ਨੇ ਇਸ ਫੈਸਲੇ ਉੱਤੇ ਖ਼ੁਸ਼ੀ ਦਾ ਪ੍ਰਗਟਾਵਾ ਕਰਦਿਆਂ ਆਪਣੀ ਸਮੁੱਚੀ ਟੀਮ ਨੂੰ ਵਧਾਈ ਦਿੱਤੀ ਹੈ। ਉਨ੍ਹਾਂ ਕਿਹਾ ਕਿ ਲੰਡਨ ਵਿਚ ਸ਼ਰੀਫ ਪਰਿਵਾਰ ਨੇ ਫਲੈਟ ਭ੍ਰਿਸ਼ਟਾਚਾਰ ਦੇ ਧਨ ਨਾਲ ਖ਼ਰੀਦੇ ਸਨ। ਅਦਾਲਤ ਦਾ ਫੈਸਲਾ ਇੱਕ ਸੌ ਸਫੇ ਵਿਚ ਹੈ। ਇਸ ਕੇਸ ਵਿੱਚ ਬਿਊਰੋ ਨੇ ਕਰੀਬ 21 ਗਵਾਹ ਪੇਸ਼ ਕੀਤੇ। ਸ਼ਰੀਫ ਪਰਿਵਾਰ ਫਲੈਟ ਖਰੀਦਣ ਲਈ ਆਏ ਪੈਸੇ ਦਾ ਸਰੋਤ ਨਹੀਂ ਦੱਸ ਸਕਿਆ। ਇਸ ਫੈਸਲੇ ਸਮੇਂ ਸ਼ਰੀਫ ਆਪਣੀ ਪਤਨੀ ਕੁਲਸੂਮ ਨਵਾਜ਼ ਕੋਲ ਲੰਡਨ 'ਚ ਹਨ, ਜਿਸ ਨੂੰ ਗਲੇ ਦਾ ਕੈਂਸਰ ਹੈ ਅਤੇ ਉਸਦੀ ਹਾਲਤ ਗੰਭੀਰ ਬਣੀ ਹੋਈ ਹੈ।



ਜ਼ਿਕਰਯੋਗ ਹੈ ਕਿ ਅਦਾਲਤ ਨੇ ਅਵੈਨਫੀਲਡ ਭ੍ਰਿਸ਼ਟਾਚਾਰ ਕੇਸ ਵਿੱਚ ਫੈਸਲਾ ਸੁਣਾਉਣ ਤੋਂ ਪਹਿਲਾਂ ਚਾਰ ਵਾਰ ਅਦਾਲਤ ਦੀ ਕਾਰਵਾਈ ਮੁਲਤਵੀ ਕੀਤੀ ਸੀ। ਇਹ ਕੇਸ ਅਵੈਨਫੀਲਡ ਹਾਊਸ ਲੰਡਨ ਵਿੱਚ ਸਥਿਤ ਚਾਰ ਫਲੈਟਾਂ ਦੀ ਮਲਕੀਅਤ ਨਾਲ ਸਬੰਧਤ ਸੀ ਅਤੇ ਸ਼ਰੀਫ ਪਰਿਵਾਰ ਅੱਜ ਕੱਲ੍ਹ ਇੱਥੇ ਹੀ ਠਹਿਰਿਆ ਹੋਇਆ ਹੈ। ਅਦਾਲਤ ਨੇ ਇਨ੍ਹਾਂ ਫਲੈਟਾਂ ਨੂੰ ਪਾਕਿਸਤਾਨ ਦੀ ਮਲਕੀਅਤ ਐਲਾਨਦਿਆਂ ਜ਼ਬਤ ਕਰਨ ਦੇ ਵੀ ਆਦੇਸ਼ ਦੇ ਦਿੱਤੇ ਹਨ। ਇਸ ਫੈਸਲੇ ਨਾਲ ਸੱਤਾਧਾਰੀ ਧਿਰ ਨੂੰ ਭਾਰੀ ਧੱਕਾ ਲੱਗਾ ਹੈ ਕਿਉਂਕਿ ਪਾਕਿਸਤਾਨ ਵਿੱਚ 25 ਜੁਲਾਈ ਨੂੰ ਆਮ ਚੋਣਾਂ ਹੋ ਰਹੀਆਂ ਹਨ। ਇਸ ਫੈਸਲੇ ਦੇ ਨਾਲ ਮਰੀਅਮ ਅਤੇ ਸਫ਼ਦਰ ਚੋਣਾਂ ਲੜਨ ਦੇ ਵੀ ਅਯੋਗ ਹੋ ਗਏ ਹਨ। ਮੀਡੀਆ ਰਿਪੋਰਟਾਂ ਅਨੁਸਾਰ ਜਦੋਂ ਇਹ ਫੈਸਲਾ ਆਇਆ ਤਾਂ ਸ਼ਰੀਫ ਅਤੇ ਉਸਦੀ ਪਤਨੀ ਕੁਲਸੂਮ ਨਾਵਾਜ਼ ਇਵੈਨਫੀਲਡ ਇਮਾਰਤ ਵਿੱਚ ਹੀ ਸਨ। ਇਸ ਕੇਸ ਵਿੱਚ ਸ਼ਰੀਫ ਦੇ ਪੁੱਤਰ ਹਸਨ ਅਤੇ ਹੁਸੈਨ ਵੀ ਦੋਸ਼ੀ ਹਨ ਪਰ ਉਹ ਭਗੌੜੇ ਹਨ।

**ਮਰੀਅਮ ਦੀ ਇਕ ਗਲਤੀ ਕਾਰਨ ਗਈ ਨਵਾਜ਼ ਸ਼ਰੀਫ ਦੀ ਕੁਰਸੀ** : ਪਨਾਮਾ ਪੇਪਰ ਮਾਮਲੇ 'ਚ ਦੋਸ਼ੀ ਠਹਿਰਾਏ ਜਾਣ ਦੇ ਬਾਅਦ ਨਵਾਜ਼ ਸ਼ਰੀਫ ਨੇ ਪ੍ਰਧਾਨ ਮੰਤਰੀ ਦੇ ਅਹੁਦੇ ਤੋਂ ਅਸਤੀਫ਼ਾ ਦੇ ਦਿੱਤਾ ਸੀ। ਪਾਕਿਸਤਾਨੀ ਸੁਪਰੀਮ ਕੋਰਟ ਨੇ ਪਨਾਮਾ ਪੇਪਰ ਲੀਕ ਮਾਮਲੇ 'ਚ ਸ਼ਰੀਫ਼ ਨੂੰ ਦੋਸ਼ੀ ਠਹਿਰਾਏ ਜਾਣ ਦੇ ਬਾਅਦ ਪ੍ਰਧਾਨ ਮੰਤਰੀ ਅਹੁਦੇ ਲਈ ਅਯੋਗ ਕਰਾਰ ਦਿੱਤਾ ਸੀ। ਨਵਾਜ਼ ਤੀਜੀ ਵਾਰ ਪ੍ਰਧਾਨ ਮੰਤਰੀ ਦੇ ਦੌਰ 'ਤੇ ਆਪਣਾ ਕਾਰਜਕਾਲ ਪੂਰਾ ਨਹੀਂ ਕਰ ਸਕੇ ਸਨ। ਸੁਪਰੀਮ ਕੋਰਟ ਵਲੋਂ ਮਾਮਲੇ ਦੀ ਜਾਂਚ ਲਈ ਗਠਿਤ ਕੀਤੀ ਜੇਆਈਟੀ. ਨੇ 10 ਜੁਲਾਈ ਨੂੰ ਆਪਣੀ ਰਿਪੋਰਟ ਅਦਾਲਤ ਨੂੰ ਸੌਂਪੀ ਸੀ। ਇਸ ਦੌਰਾਨ ਇਕ ਗੱਲ ਸਾਹਮਣੇ ਆਈ ਕਿ ਨਵਾਜ਼ ਦੀ ਬੇਟੀ ਮਰੀਅਮ ਦੀ ਇਕ ਗਲਤੀ ਕਾਰਨ ਹੀ ਨਵਾਜ਼ ਨੂੰ ਪ੍ਰਧਾਨ ਮੰਤਰੀ ਦੇ ਅਹੁਦੇ ਤੋਂ ਹੱਥ ਧੋਣਾ ਪਿਆ ਹੈ। ਅਸਲ 'ਚ ਜੇਆਈਟੀ. ਨੂੰ ਜਾਂਚ ਦੌਰਾਨ ਮਰੀਅਮ ਨੇ ਗੁੰਮਰਾਹ ਕਰਨ ਦੀ ਕੋਸ਼ਿਸ਼ ਕੀਤੀ ਸੀ। ਮਰੀਅਮ ਨੇ ਪਨਾਮਾ ਗੇਟ ਨਾਲ ਜੁੜੇ ਜੋ ਦਸਤਾਵੇਜ ਭੇਜੇ ਸਨ ਉਹ ਕੈਲੀਬਰੀ ਫੌਂਟ 'ਚ ਟਾਈਪ ਸਨ ਅਤੇ ਸਾਲ 2006 ਦੇ ਸਨ, ਜਦਕਿ ਕੈਲੀਬਰੀ ਫੌਂਟ 31 ਜਨਵਰੀ 2007 ਤੋਂ ਪਹਿਲਾਂ ਵਪਾਰਕ ਪ੍ਰਯੋਗ ਲਈ ਉਪਲਬਧ ਹੀ ਨਹੀਂ ਸੀ। ਇਹੀ ਗਲਤੀ ਨਵਾਜ਼ ਲਈ ਉਮਰ ਭਰ ਲਈ ਮੁਸੀਬਤ ਬਣ ਗਈ।

## ਅਫਗਾਨਿਸਤਾਨ 'ਚ ਸਿੱਖਾਂ ਦੇ ਕਾਤਲ ਆਖਰ ਕੌਣ ?

### ਤਾਲਿਬਾਨ ਤੇ ਇਸਲਾਮਿਕ ਸਟੇਟ ਵੱਲੋਂ ਸਿੱਖਾਂ ਨਾਲ ਹਮਦਰਦੀ ਦਾ ਪ੍ਰਗਟਾਵਾ

**ਜਲੰਧਰ/ਬਿਊਰੋ ਨਿਊਜ਼** : ਅਫ਼ਗਾਨਿਸਤਾਨ ਵਿੱਚ ਸਿੱਖ ਤੇ ਹਿੰਦੂ ਘੱਟ ਗਿਣਤੀਆਂ ਨੂੰ ਨਿਸ਼ਾਨਾ ਬਣਾ ਕੇ 1 ਜੁਲਾਈ ਨੂੰ ਕੀਤੇ ਗਏ ਹਮਲੇ ਪਿੱਛੇ ਮੁਲਕ ਦੇ ਭੂ-ਮਾਫ਼ੀਆ ਦਾ ਹੱਥ ਹੋਣ ਦਾ ਖ਼ਦਸ਼ਾ ਜਤਾਇਆ ਜਾ ਰਿਹਾ ਹੈ। ਦਰਅਸਲ ਦੇਸ਼ ਵਿਚ ਵੱਖ-ਵੱਖ ਜਗ੍ਹਾ ਸਥਿਤ ਗੁਰਦੁਆਰਿਆਂ ਅਧੀਨ ਸੈਂਕੜੇ ਏਕੜ ਜ਼ਮੀਨ ਆਉਂਦੀ ਹੈ ਤੇ ਅਫ਼ਗਾਨ ਸਿੱਖਾਂ ਦਾ ਕਹਿਣਾ ਹੈ ਕਿ ਮਾਫ਼ੀਆ ਇਸ ਜ਼ਮੀਨ ਉੱਤੇ ਕਬਜ਼ਾ ਜਮਾਉਣ ਦੇ ਰੌਂਅ ਵਿਚ ਹੈ। ਮਹੱਤਵਪੂਰਣ ਤੱਥ ਇਹ ਹੈ ਕਿ ਦੋਵਾਂ ਕੱਟੜਵਾਦੀ ਇਸਲਾਮਿਕ ਗਰੁੱਪਾਂ ਤਾਲਿਬਾਨ ਤੇ ਇਸਲਾਮਿਕ ਸਟੇਟ ਨੇ ਸਿੱਖ ਪਰਿਵਾਰਾਂ ਨਾਲ ਹਮਦਰਦੀ ਦਾ ਪ੍ਰਗਟਾਵਾ ਕੀਤਾ ਹੈ। ਇਸ ਤੋਂ ਪਹਿਲਾਂ ਵੀ ਅਫ਼ਗਾਨ ਭੂ-ਮਾਫ਼ੀਆ ਕਾਬੁਲ, ਜਲਾਲਾਬਾਦ, ਗਜ਼ਨੀ, ਹੇਰਾਤ ਤੇ ਕੰਧਾਰ ਲਾਗਲੇ ਪੇਂਡੂ ਇਲਾਕੇ ਦੇ ਗੁਰਦੁਆਰਿਆਂ ਤੇ ਉਨ੍ਹਾਂ ਨਾਲ ਸਬੰਧਤ ਸੰਪਤੀ ਉੱਤੇ ਕਬਜ਼ਾ ਕਰ ਚੁੱਕਾ ਹੈ। ਹਾਲ ਹੀ ਵਿਚ ਅਫ਼ਗਾਨ ਪ੍ਰਧਾਨ ਮੰਤਰੀ ਅਸ਼ਰਫ਼ ਗ਼ਨੀ ਵੱਲੋਂ ਸਿੱਖ ਭਾਈਚਾਰੇ ਨੂੰ ਜਲਾਲਾਬਾਦ ਦੇ ਗੁਰਦੁਆਰਾ ਗੁਰੂ ਨਾਨਕ ਦਰਬਾਰ ਦੇ ਨਾਂ ਲਗਭਗ 500 ਮੁਰੱਬਾ ਜ਼ਮੀਨ ਮੁਫ਼ਤ ਮੁਹੱਈਆ ਕਰਵਾਈ ਗਈ ਹੈ। ਇਸ ਜ਼ਮੀਨ ਦੀ ਕੀਮਤ ਕਰੀਬ 7 ਲੱਖ ਅਮਰੀਕੀ ਡਾਲਰ ਦੱਸੀ ਜਾ ਰਹੀ ਹੈ। ਇਸ ਗੁਰਦੁਆਰੇ ਦਾ ਪ੍ਰਬੰਧਨ ਹਮਲੇ 'ਚ ਹਲਾਕ ਹੋਏ ਸਿੱਖ ਆਗੂ ਅਵਤਾਰ ਸਿੰਘ ਖ਼ਾਲਸਾ ਤੇ ਹੋਰ ਸਿੱਖ ਆਗੂ ਦੇਖ ਰਹੇ ਸਨ। ਗੁਰਦੁਆਰਾ ਪ੍ਰਬੰਧਕ ਕਮੇਟੀ ਦੀ ਯੋਜਨਾ ਇੱਥੇ ਸਿੱਖ ਬੱਚਿਆਂ ਲਈ ਸਕੂਲ ਸਥਾਪਿਤ ਕਰਨ ਦੀ ਸੀ। ਸਿੱਖ ਆਗੂ ਦੇ ਪੁੱਤਰ ਨਰਿੰਦਰ ਸਿੰਘ ਖ਼ਾਲਸਾ ਮੁਤਾਬਕ ਭੂ-ਮਾਫ਼ੀਆ ਨੇ ਵੀ ਇਸੇ ਜ਼ਮੀਨ ਦਾ ਕਬਜ਼ਾ ਲੈਣ ਲਈ ਅਧਿਕਾਰੀਆਂ ਨੂੰ 4 ਤੋਂ 5 ਲੱਖ ਡਾਲਰ ਤੱਕ ਦੀ ਰਿਸ਼ਵਤ ਦਿੱਤੀ ਸੀ। ਪਰ ਜਦੋਂ ਕਬਜ਼ਾ ਨਹੀਂ ਮਿਲਿਆ ਤਾਂ ਉਨ੍ਹਾਂ ਇਸ ਹਮਲੇ ਨੂੰ ਅੰਜਾਮ ਦਿੱਤਾ। ਉਨ੍ਹਾਂ ਕਿਹਾ ਕਿ ਤਾਲਿਬਾਨ ਤੇ ਦਾਇਸ਼ ਨੇ ਆਪਣੇ ਸੰਪਰਕਾਂ ਰਾਹੀਂ ਉਨ੍ਹਾਂ ਤੱਕ ਇਹ ਗੱਲ ਪੁੱਜਦੀ ਕੀਤੀ ਹੈ ਕਿ ਇਸ ਹਮਲੇ ਪਿੱਛੇ ਉਨ੍ਹਾਂ ਦਾ ਹੱਥ ਨਹੀਂ ਸੀ।

# ਭਾਰਤ 'ਚ ਵਿਆਹ ਦੇ ਭੰਗੜਿਆਂ ਦੌਰਾਨ ਫਾਇਰਿੰਗ ਕਾਰਨ ਮਾਰੇ ਜਾ ਰਹੇ ਨੇ ਅਣਗਿਣਤ ਲੋਕ

**ਜਲੰਧਰ/ਬਿਊਰੋ ਨਿਊਜ਼ :** ਵਿਆਹਾਂ, ਨਵੇਂ ਵਰ੍ਹੇ, ਤਿਉਹਾਰਾਂ ਅਤੇ ਖ਼ੁਸ਼ੀ ਦੇ ਹੋਰ ਮੌਕਿਆਂ 'ਤੇ ਭਲਾ ਕਿਸ ਦਾ ਮਨ ਨਹੀਂ ਮਚਲ ਉੱਠਦਾ। ਅਜਿਹੀ ਸਥਿਤੀ ਵਿਚ ਕਈ ਵਾਰ ਵਿਅਕਤੀ ਜ਼ਿਆਦਾ ਹੀ ਜੋਸ਼ ਵਿਚ ਆ ਕੇ ਕੁਝ ਅਜਿਹਾ ਕਰ ਬੈਠਦਾ ਹੈ, ਜਿਸ ਨਾਲ ਉਸ ਨੂੰ ਉਮਰ ਭਰ ਪਛਤਾਉਣਾ ਪੈਂਦਾ ਹੈ। ਨਤੀਜਾ ਸੋਚੇ ਬਿਨਾਂ ਨਸ਼ੇ ਵਿਚ ਗੋਲੀ ਚਲਾ ਕੇ ਖ਼ੁਸ਼ੀ ਜ਼ਾਹਿਰ ਕਰਨ ਦਾ ਅਜਿਹਾ ਹੀ ਇਕ ਰਿਵਾਜ ਅਫ਼ਗਾਨਿਸਤਾਨ, ਪਾਕਿਸਤਾਨ, ਉੱਤਰੀ ਭਾਰਤ ਅਤੇ ਅਮਰੀਕਾ ਦੇ ਪੋਰਟੋਰਿਕੋ ਆਦਿ ਵਿਚ ਪ੍ਰਚੱਲਿਤ ਹੈ। ਇਸ ਨਾਲ ਕਦੇ ਤਾਂ ਇਮਾਰਤਾਂ ਨੂੰ ਨੁਕਸਾਨ ਪਹੁੰਚਦਾ ਹੈ ਤਾਂ ਕਦੇ ਕਿਸੇ ਆਦਮੀ ਦੀ ਜਾਨ ਚਲੀ ਜਾਂਦੀ ਹੈ। ਪੰਜਾਬੀ ਗਾਇਕਾਂ ਨੇ ਹਥਿਆਰਾਂ ਦੇ ਗੀਤ ਗਾ ਕੇ ਸਮਾਜ ਦਾ ਬਹੁਤ ਨੁਕਸਾਨ ਕੀਤਾ ਹੈ, ਜਿਸ ਕਰਕੇ ਲੋਕ ਇਨ੍ਹਾਂ ਦੇ ਗੀਤਾਂ 'ਤੇ ਭੰਗੜੇ ਪਾ ਕੇ ਗੋਲੀਆਂ ਚਲਾਉਂਦੇ ਮੌਤ ਦੀ ਖੇਡ ਖੇਡ ਰਹੇ ਹਨ :



- 01 ਜਨਵਰੀ 2018 ਨੂੰ ਅਲੀਗੰਜ ਵਿਚ ਗ੍ਰਹਿ ਪ੍ਰਵੇਸ਼ ਤੇ ਨਵੇਂ ਵਰ੍ਹੇ ਦੇ ਸੰਦਰਭ ਵਿਚ ਖ਼ੁਸ਼ੀ ਨਾਲ ਕੀਤੀ ਫਾਇਰਿੰਗ ਵਿਚ ਇਕ ਨੌਜਵਾਨ ਦੀ ਮੌਤ ਹੋ ਗਈ ਅਤੇ ਇਕ ਹੋਰ ਜ਼ਖ਼ਮੀ ਹੋ ਗਿਆ।
- 07 ਜਨਵਰੀ ਨੂੰ ਤਰਨਤਾਰਨ ਦੇ ਇਕ ਰਿਜ਼ਾਰਟ ਵਿਚ ਇਕ ਸਮਾਗਮ ਦੌਰਾਨ ਗੋਲੀ ਲੱਗਣ ਨਾਲ ਇਕ ਨੌਜਵਾਨ ਦੀ ਮੌਤ ਹੋ ਗਈ।
- 18 ਜਨਵਰੀ ਨੂੰ ਮੱਧ ਪ੍ਰਦੇਸ਼ ਦੇ ਛਤਰਪੁਰ ਵਿਚ ਇਕ ਵਿਆਹ ਸਮਾਗਮ ਦੌਰਾਨ ਖ਼ੁਸ਼ੀ ਵਿਚ ਕੀਤੀ ਫਾਇਰਿੰਗ ਦੇ ਸਿੱਟੇ ਵਜੋਂ ਇਕ 45 ਸਾਲਾ ਔਰਤ ਦੀ ਮੌਤ ਹੋ ਗਈ।
- 05 ਫਰਵਰੀ ਨੂੰ ਪੰਜਾਬ ਦੀ ਰਾਮਪੁਰਾ ਫੂਲ ਸਬ-ਡਵੀਜ਼ਨ ਦੇ ਪਿੰਡ ਗੁੰਮਟੀ ਵਿਚ ਵਿਆਹ ਤੋਂ ਪਹਿਲਾਂ ਔਰਤਾਂ ਦੇ ਸੰਗੀਤ ਪ੍ਰੋਗਰਾਮ ਵਿਚ ਇਕ ਵਿਅਕਤੀ ਵਲੋਂ ਗੋਲੀ ਚਲਾ ਦੇਣ ਦੇ ਸਿੱਟੇ ਵਜੋਂ ਲਾੜੇ ਦੇ ਪਿਤਾ ਸਮੇਤ 2 ਵਿਅਕਤੀ ਜ਼ਖ਼ਮੀ ਹੋ ਗਏ।
- 06 ਫਰਵਰੀ ਨੂੰ ਹੀ ਮੁਰਾਦਾਬਾਦ ਬਿਲਾਰੀ ਥਾਣਾ ਖੇਤਰ ਦੇ ਪਿੰਡ ਝਕੜਾ ਵਿਚ ਖ਼ੁਸ਼ੀ ਨਾਲ ਕੀਤੀ ਫਾਇਰਿੰਗ ਦੌਰਾਨ ਇਕ ਨੌਜਵਾਨ ਦੀ ਮੌਤ ਹੋ ਗਈ।
- 06 ਫਰਵਰੀ ਨੂੰ ਹੀ ਪੁਰਕਾਜੀ ਵਿਚ ਲਾੜੇ ਦੇ ਘੋੜੀ ਚੜ੍ਹਨ ਦੌਰਾਨ ਖ਼ੁਸ਼ੀ ਨਾਲ ਕੀਤੀ ਫਾਇਰਿੰਗ ਵਿਚ ਦੇਸੀ ਪਿਸਤੌਲ ਦੀ ਨਾਲ਼ ਫਟ ਜਾਣ ਦੇ ਸਿੱਟੇ ਵਜੋਂ ਇਕ ਦਰਜਨ ਵਿਅਕਤੀ ਜ਼ਖ਼ਮੀ ਹੋ ਗਏ।
- 07 ਫਰਵਰੀ ਨੂੰ ਯੂ.ਪੀ. ਵਿਚ ਹਾਥਰਸ ਦੇ ਪਿੰਡ ਜਿਰੋਲੀ ਖ਼ੁਰਦ ਵਿਚ ਇਕ ਧਾਰਮਿਕ ਡੋਲਾ ਯਾਤਰਾ ਦੌਰਾਨ ਰਾਈਫਲ ਨਾਲ ਕੀਤੀ ਫਾਇਰਿੰਗ ਵਿਚ 2 ਸ਼ਰਧਾਲੂਆਂ ਨੂੰ ਗੋਲੀ ਲੱਗਣ ਨਾਲ ਇਕ ਵਿਅਕਤੀ ਦੀ ਮੌਕੇ 'ਤੇ ਹੀ ਮੌਤ ਹੋ ਗਈ, ਜਦਕਿ ਦੂਜਾ ਗੰਭੀਰ ਜ਼ਖ਼ਮੀ ਹੋ ਗਿਆ।
- 11 ਫਰਵਰੀ ਨੂੰ ਹੁਸ਼ਿਆਰਪੁਰ ਵਿਚ ਇਕ ਵਿਆਹ ਸਮਾਗਮ ਦੌਰਾਨ ਜਾਗੋ ਅਤੇ ਡੀ. ਜੇ. ਪਾਰਟੀ ਵਿਚ ਚੱਲੀ ਗੋਲੀ ਛੱਤ 'ਤੇ ਖੜ੍ਹੀ ਹੋ ਕੇ ਪ੍ਰੋਗਰਾਮ ਦੇਖ ਰਹੀ ਐੱਮ. ਬੀ. ਏ. ਦੀ 22 ਸਾਲਾ ਵਿਦਿਆਰਥਣ ਸਾਕਸ਼ੀ ਅਰੋੜਾ ਨੂੰ ਲੱਗਣ ਨਾਲ ਉਸ ਦੀ ਮੌਤ ਹੋ ਗਈ।
- 11 ਫਰਵਰੀ ਨੂੰ ਹੀ ਬਦਾਯੂੰ ਦੇ ਅਲਾਪੁਰ ਖੇਤਰ ਵਿਚ ਵਿਆਹ ਮੌਕੇ ਖ਼ੁਸ਼ੀ ਨਾਲ ਕੀਤੀ ਗਈ ਫਾਇਰਿੰਗ ਦੌਰਾਨ ਗੋਲੀ ਲੱਗਣ ਨਾਲ ਲਾੜਾ ਗੰਭੀਰ ਜ਼ਖ਼ਮੀ ਹੋ ਗਿਆ।
- 13 ਜੂਨ ਨੂੰ ਮੈਨਪੁਰੀ ਵਿਚ ਇਕ ਨਾਮਕਰਨ ਸਮਾਗਮ ਦੌਰਾਨ ਫਾਇਰਿੰਗ ਕਰਨ ਤੋਂ ਰੋਕਣ 'ਤੇ 4-5 ਅਣਪਛਾਤੇ ਵਿਅਕਤੀਆਂ ਨੇ ਪੁਲਸ ਪਾਰਟੀ 'ਤੇ ਹਮਲਾ ਕਰ ਦਿੱਤਾ ਤੇ ਉਨ੍ਹਾਂ ਨੂੰ ਦੌੜਾ-ਦੌੜਾ ਕੇ ਕੁੱਟਿਆ।
- 22 ਜੂਨ ਨੂੰ ਯੂ. ਪੀ. ਵਿਚ ਹਾਥਰਸ ਦੇ ਸਹਿਪਊ ਕੋਤਵਾਲੀ ਖੇਤਰ ਦੇ ਪਿੰਡ ਨਗਲਾ ਮਨੀ ਵਿਚ ਬਰਾਤ ਦੇ ਰਵਾਨਾ ਹੋਣ ਤੋਂ ਪਹਿਲਾਂ ਖ਼ੁਸ਼ੀ ਨਾਲ ਕੀਤੀ ਫਾਇਰਿੰਗ ਵਿਚ ਲੜਕੀ ਦੇ ਮਾਮੇ ਸਮੇਤ 2 ਵਿਅਕਤੀ ਜ਼ਖ਼ਮੀ ਹੋ ਗਏ।
- 27 ਜੂਨ ਨੂੰ ਬਿਹਾਰ ਦੇ ਮੁਜ਼ੱਫਰਪੁਰ ਵਿਚ ਇਕ ਵਿਆਹ ਸਮਾਗਮ ਦੌਰਾਨ ਹੋਈ ਫਾਇਰਿੰਗ ਵਿਚ ਇਕ ਵਿਅਕਤੀ ਦੀ ਮੌਤ ਤੋਂ ਬਾਅਦ ਭੜਕੀ ਭੀੜ ਨੇ ਲਾੜੀ, ਉਸ ਦੇ ਰਿਸ਼ਤੇਦਾਰਾਂ ਅਤੇ ਲਾੜੇ ਦੇ ਰਿਸ਼ਤੇਦਾਰਾਂ ਨਾਲ ਬੁਰੀ ਤਰ੍ਹਾਂ ਮਾਰਕੁਟਾਈ ਕਰਨ ਤੋਂ ਬਾਅਦ ਵਿਆਹ ਪਾਰਟੀ ਦੀਆਂ 14 ਗੱਡੀਆਂ ਨੂੰ ਅੱਗ ਲਾ ਦਿੱਤੀ।
- 29 ਜੂਨ ਨੂੰ ਯੂ. ਪੀ. ਦੇ ਬਰੇਲੀ ਵਿਚ ਜਨਮ ਦਿਨ ਸਮਾਗਮ ਦੌਰਾਨ ਖ਼ੁਸ਼ੀ ਵਿਚ ਕੀਤੀ ਫਾਇਰਿੰਗ ਦੇ ਸਿੱਟੇ ਵਜੋਂ 'ਅਪਨਾ ਦਲ' ਦੇ ਬਿਥਰੀ ਚੈਨਪੁਰ ਪ੍ਰਧਾਨ ਚੰਦਰਪਾਲ ਪਟੇਲ ਦੀ ਗੋਲੀ ਲੱਗਣ ਨਾਲ ਮੌਤ ਹੋ ਗਈ।

ਸੁਪਰੀਮ ਕੋਰਟ ਦੇ ਹੁਕਮਾਂ ਦੇ ਬਾਵਜੂਦ ਵਿਆਹ ਅਤੇ ਹੋਰ ਸਮਾਗਮਾਂ ਵਿਚ ਖ਼ੁਸ਼ੀ ਨਾਲ ਫਾਇਰਿੰਗ ਕਰਨ ਦਾ ਸਿਲਸਿਲਾ ਰੁਕਣ ਦਾ ਨਾਂ ਨਹੀਂ ਲੈ ਲਿਆ। ਇਸ ਪਿਛੋਕੜ ਵਿਚ ਜਿੱਥੇ ਵੱਖ-ਵੱਖ ਸਮਾਗਮਾਂ ਵਿਚ ਸ਼ਰਾਬ ਅਤੇ ਹਥਿਆਰਾਂ ਦੀ ਵਰਤੋਂ 'ਤੇ ਪਾਬੰਦੀ ਸਖਤੀ ਨਾਲ ਲਾਗੂ ਕਰਨ ਦੀ ਲੋੜ ਹੈ, ਉਥੇ ਹੀ ਵਿਆਹ ਅਤੇ ਹੋਰ ਸਮਾਗਮਾਂ ਵਿਚ ਖ਼ੁਸ਼ੀ ਨਾਲ ਫਾਇਰਿੰਗ ਕਰਨ ਵਾਲਿਆਂ ਉਤੇ ਭਾਰੀ ਜੁਰਮਾਨੇ ਤੇ ਗ੍ਰਿਫਤਾਰੀ ਦੀ ਵਿਵਸਥਾ ਵੀ ਹੋਣੀ ਚਾਹੀਦੀ ਹੈ। ਪਰ ਪ੍ਰਸ਼ਾਸ਼ਣ ਕਬੂਤਰ ਵਾਂਗ ਅੱਖਾਂ ਮੀਚ ਕੇ ਬੈਠਾ ਹੈ।

## ਸੁਪਰੀਮ ਕੋਰਟ ਦੀ ਤਾੜਨਾ ਗਊ ਰੱਖਿਆ ਦੇ ਨਾਂਅ 'ਤੇ ਹਿੰਸਾ ਬਰਦਾਸ਼ਤ ਨਹੀਂ

**ਨਵੀਂ ਦਿੱਲੀ/ਬਿਊਰੋ ਨਿਊਜ਼ :** ਗਊ ਰੱਖਿਆ ਦੇ ਨਾਂਅ 'ਤੇ ਹਿੰਸਾ ਕਰਨ ਵਾਲਿਆਂ 'ਤੇ ਰੋਕ ਲਗਾਉਣ ਦੀ ਜ਼ਿੰਮੇਵਾਰੀ ਸੂਬਿਆਂ 'ਤੇ ਪਾਉਂਦੇ ਹੋਏ ਸੁਪਰੀਮ ਕੋਰਟ ਨੇ ਇਸ ਤਰ੍ਹਾਂ ਦੀਆਂ ਹਿੰਸਕ ਘਟਨਾਵਾਂ 'ਤੇ ਰੋਕ ਲਗਾਉਣ ਲਈ ਦਿਸ਼ਾ ਨਿਰਦੇਸ਼ ਸਬੰਧੀ ਦਾਇਰ ਪਟੀਸ਼ਨਾਂ 'ਤੇ ਸੁਣਵਾਈ ਪੂਰੀ ਕਰਕੇ ਫ਼ੈਸਲਾ ਰਾਖਵਾਂ ਰੱਖ ਲਿਆ ਹੈ। ਅਦਾਲਤ ਵਲੋਂ ਇਸ ਮਾਮਲੇ ਵਿਚ ਪੀੜਤਾਂ ਨੂੰ ਮੁਆਵਜ਼ਾ, ਮਾਮਲਿਆਂ ਦੀ ਨਿਗਰਾਨੀ, ਜਵਾਬਦੇਹੀ ਤੈਅ ਕਰਨ ਸਬੰਧੀ ਵਿਸਥਾਰ ਨਾਲ ਆਦੇਸ਼ ਜਾਰੀ ਕੀਤਾ ਜਾਵੇਗਾ। ਚੀਫ਼ ਜਸਟਿਸ ਦੀਪਕ ਮਿਸ਼ਰਾ, ਜਸਟਿਸ ਏ. ਐਮ. ਖਾਨਵਿਲਕਰ ਅਤੇ ਜਸਟਿਸ ਡੀ. ਵਾਈ. ਚੰਦਰਚੂੜ ਦੀ ਬੈਂਚ ਨੇ ਸਖ਼ਤ ਸ਼ਬਦਾਂ ਵਿਚ ਕਿਹਾ ਕਿ ਗਊ ਰੱਖਿਆ ਦੇ ਨਾਂਅ 'ਤੇ ਹਿੰਸਾ ਬਰਦਾਸ਼ਤ ਨਹੀਂ, ਕੋਈ ਵੀ ਵਿਅਕਤੀ ਕਾਨੂੰਨ ਨੂੰ ਆਪਣੇ ਹੱਥਾਂ ਵਿਚ ਨਹੀਂ ਲੈ ਸਕਦਾ ਹੈ। ਬੈਂਚ ਨੇ ਕਿਹਾ ਕਿ ਕਾਨੂੰਨ ਵਿਵਸਥਾ ਸੂਬਿਆਂ ਦਾ ਵਿਸ਼ਾ ਹੈ ਅਤੇ ਇਸ ਲਈ ਹਰ ਸੂਬੇ ਦੀ ਸਰਕਾਰ ਜ਼ਿੰਮੇਵਾਰ ਹੋਵੇਗੀ।

## ਕਾਨੂੰਨ ਦੀ ਉਲੰਘਣਾ ਕਰ ਰਹੀ ਏ ਭਾਰਤ ਦੀ ਪੁਲੀਸ

**ਨਵੀਂ ਦਿੱਲੀ/ਬਿਊਰੋ ਨਿਊਜ਼ :** ਭਾਰਤ ਦੇ ਬਹੁਗਿਣਤੀ ਮੁਲਾਜ਼ਮ ਤੇ ਪੁਲੀਸ ਅਫ਼ਸਰ ਕਾਨੂੰਨ ਦੀ ਉਲੰਘਣਾ ਕਰ ਰਹੇ ਹਨ, ਜਿਸ ਕਾਰਨ ਸਮੁੱਚੇ ਪੁਲੀਸ ਵਿਭਾਗ ਦੀ ਬਦਨਾਮੀ ਹੋ ਰਹੀ ਹੈ, ਇਹੋ ਜਿਹੀਆਂ ਘਟਨਾਵਾਂ ਦਾ ਵੇਰਵਾ ਤੁਹਾਡੇ ਸਾਹਮਣੇ ਪੇਸ਼ ਕੀਤਾ ਜਾ ਰਿਹਾ ਹੈ :

- 18 ਜੂਨ ਨੂੰ ਗੋਆ ਦੇ 'ਪੋਂਡਾ' ਵਿਚ ਇਕ ਪੁਲਸ ਕਾਂਸਟੇਬਲ ਸਿਧਾਰਥ ਗੋਸਵਾਮੀ ਨੂੰ ਇਕ ਔਰਤ ਨਾਲ ਬਲਾਤਕਾਰ ਕਰਨ ਦੇ ਦੋਸ਼ ਵਿਚ ਗ੍ਰਿਫਤਾਰ ਕੀਤਾ ਗਿਆ।
- 26 ਜੂਨ ਨੂੰ ਨਸ਼ਾ ਫੜਨ ਲਈ ਬਣਾਈ ਗਈ ਸਪੈਸ਼ਲ ਟਾਸਕ ਫੋਰਸ ਦੇ ਇਕ ਜਵਾਨ ਰਮਨਦੀਪ ਨੂੰ ਬਠਿੰਡਾ ਦੇ ਨੇੜੇ ਰਾਮਾ ਪੁਲਸ ਨੇ ਨਸ਼ੇ ਦੀ ਹਾਲਤ ਵਿਚ ਫੜਿਆ, ਜੋ ਟੱਲੀ ਹੋਣ ਦੇ ਕਾਰਨ ਦੌੜ ਨਹੀਂ ਸਕਿਆ।
- 26 ਜੂਨ ਨੂੰ ਪਟਨਾ ਵਿਚ ਸਬਜ਼ੀ ਮੁਫਤ ਨਾ ਦੇਣ 'ਤੇ 14 ਸਾਲ ਦੇ ਲੜਕੇ ਨੂੰ ਝੂਠੇ ਮਾਮਲੇ ਵਿਚ ਫਸਾ ਕੇ ਜੇਲ ਵਿਚ ਸੁੱਟਣ 'ਤੇ 12 ਪੁਲਸ ਮੁਲਾਜ਼ਮਾਂ ਨੂੰ ਮੁਅੱਤਲ ਕੀਤਾ ਗਿਆ।
- 28 ਜੂਨ ਨੂੰ ਇਕ ਮਹਿਲਾ ਨੂੰ ਨਸ਼ੇ ਦੀ ਆਦਤ ਲਗਾ ਕੇ ਰੇਪ ਕਰਨ ਦੇ ਦੋਸ਼ ਵਿਚ ਪੰਜਾਬ ਪੁਲਸ ਨੇ ਫਿਰੋਜ਼ਪੁਰ ਦੇ ਡੀ. ਐੱਸ. ਦਲਜੀਤ ਸਿੰਘ ਢਿੱਲੋਂ ਨੂੰ ਮੁਅੱਤਲ ਕਰ ਦਿੱਤਾ।
- 03 ਜੁਲਾਈ ਨੂੰ ਹਰਿਆਣਾ ਦੇ ਕੈਥਲ ਵਿਚ ਇਕ ਸਬ-ਇੰਸਪੈਕਟਰ ਨੂੰ ਡਿਊਟੀ ਦੌਰਾਨ ਨਸ਼ੇ ਵਿਚ ਪਾਏ ਜਾਣ 'ਤੇ ਮੁਅੱਤਲ ਕੀਤਾ ਗਿਆ।
- 03 ਜੁਲਾਈ ਨੂੰ ਸਰਹੱਦ ਪਾਰ ਪਾਕਿਸਤਾਨ ਤੋਂ ਰਮਦਾਸ ਸੈਕਟਰ ਵਿਚ ਆਈ 74 ਕਰੋੜ ਰੁਪਏ ਦੀ 14.8 ਕਿਲੋ ਹੈਰੋਇਨ ਦੇ ਨਾਲ ਭਾਰਤੀ ਫੌਜ ਦੇ ਸਾਬਕਾ ਸਿਪਾਹੀ ਤਰਵਿੰਦਰ ਸਿੰਘ ਅਤੇ ਉਸ ਦੇ 3 ਸਾਥੀਆਂ ਨੂੰ ਗ੍ਰਿਫਤਾਰ ਕੀਤਾ ਗਿਆ।
- 03 ਜੁਲਾਈ ਨੂੰ ਜਲੰਧਰ ਵਿਚ ਪੰਜਾਬ ਪੁਲਸ ਦੇ ਇਕ ਕਾਂਸਟੇਬਲ ਵਿਰੁੱਧ ਇਕ ਕਾਲਜ ਵਿਦਿਆਰਥਣ ਨੂੰ ਤੰਗ ਕਰਨ ਦੇ ਦੋਸ਼ ਵਿਚ ਕੇਸ ਦਰਜ ਕੀਤਾ ਗਿਆ।
- 03 ਜੁਲਾਈ ਨੂੰ ਐੱਸ. ਪੀ. ਹੁਸ਼ਿਆਰਪੁਰ ਪ੍ਰਵੀਨ ਕੰਡਾ ਦੀ ਅਗਵਾਈ ਵਿਚ ਗਠਿਤ ਇਕ ਟੀਮ ਨੇ ਜਲੰਧਰ ਵਿਚ ਥਾਣਾ 3 ਦੇ ਏ. ਐੱਸ. ਆਈ. ਮਨਫੂਲ ਸਿੰਘ ਨੂੰ 10,000 ਰੁਪਏ ਰਿਸ਼ਵਤ ਲੈਂਦੇ ਹੋਏ ਰੰਗੇ ਹੱਥੀਂ ਗ੍ਰਿਫਤਾਰ ਕੀਤਾ।
- 04 ਜੁਲਾਈ ਨੂੰ ਬਠਿੰਡਾ ਜ਼ਿਲਾ ਪੁਲਸ ਨੇ ਇਕ ਐੱਸ. ਐੱਚ. ਓ. ਬਿੱਕਰ ਸਿੰਘ ਅਤੇ ਉਸ ਦੇ ਮੁਨਸ਼ੀ ਜਸਪਾਲ ਸਿੰਘ ਵਿਰੁੱਧ 50,000 ਰੁਪਏ ਰਿਸ਼ਵਤ ਦੇ ਬਦਲੇ ਇਕ ਨਸ਼ਾ ਸਮੱਗਲਿੰਗ ਦੇ ਕੇਸ ਦੇ ਦੋਸ਼ੀ ਨੂੰ ਛੱਡਣ ਦੇ ਦੋਸ਼ ਵਿਚ ਕੇਸ ਦਰਜ ਕੀਤਾ।
- 04 ਜੁਲਾਈ ਨੂੰ ਗੁਰਦਾਸਪੁਰ ਜ਼ਿਲਾ ਪੁਲਸ ਸੁਪਰਡੈਂਟ ਨੇ ਨਸ਼ਾ ਸਮੱਗਲਰਾਂ ਦੀ ਮਦਦ ਕਰਨ ਅਤੇ ਜਾਣਕਾਰੀ ਹੋਣ ਦੇ ਬਾਵਜੂਦ ਉਨ੍ਹਾਂ 'ਤੇ ਕਾਰਵਾਈ ਨਾ ਕਰਨ ਵਾਲੇ ਇਕ ਇੰਸਪੈਕਟਰ ਰੈਂਕ ਦੇ ਅਧਿਕਾਰੀ ਨੂੰ ਸਮੇਂ ਤੋਂ ਪਹਿਲਾਂ ਰਿਟਾਇਰ ਅਤੇ ਇਕ ਸਿਪਾਹੀ ਨੂੰ ਨੌਕਰੀ ਤੋਂ ਡਿਸਮਿਸ ਕਰ ਦਿੱਤਾ।
- 04 ਜੁਲਾਈ ਨੂੰ ਗੁਰਦਾਸਪੁਰ ਅਧੀਨ ਦੋਰਾਂਗਲਾ ਪੁਲਸ ਨੇ ਪੁਲਸ ਕਰਮਚਾਰੀ ਭੁਪਿੰਦਰ ਕੌਰ ਦੇ ਬੇਟੇ ਨੂੰ ਨਸ਼ੇ ਵਾਲੇ ਪਦਾਰਥ ਸਮੇਤ ਗ੍ਰਿਫਤਾਰ ਕੀਤਾ।
- 04 ਜੁਲਾਈ ਨੂੰ ਸੰਗਰੂਰ ਜ਼ਿਲਾ ਪੁਲਸ ਨੇ ਇਕ ਹੈੱਡ ਕਾਂਸਟੇਬਲ ਬਹਾਦਰ ਸਿੰਘ ਨੂੰ ਚੱਠਾ ਸੇਖਵਾਂ ਪਿੰਡ ਵਿਚ ਪੁਲਸ ਵਰਦੀ ਵਿਚ ਨਸ਼ੇ ਦੀ ਹਾਲਤ ਵਿਚ ਪਏ ਹੋਣ ਦਾ ਵੀਡੀਓ ਵਾਇਰਲ ਹੋਣ ਤੋਂ ਬਾਅਦ ਮੁਅੱਤਲ ਕਰ ਦਿੱਤਾ।
- 04 ਜੁਲਾਈ ਨੂੰ ਵਿਜੀਲੈਂਸ ਬਿਊਰੋ ਨੇ ਬਠਿੰਡਾ ਜ਼ਿਲੇ ਵਿਚ ਦਿਆਲਪੁਰਾ ਪੁਲਸ ਸਟੇਸ਼ਨ ਵਿਚ ਤਾਇਨਾਤ ਹੈੱਡਕਾਂਸਟੇਬਲ ਗੁਰਪਾਲ ਸਿੰਘ ਨੂੰ ਇਕ ਵਿਅਕਤੀ ਤੋਂ 5000 ਰੁਪਏ ਰਿਸ਼ਵਤ ਲੈਣ ਦੇ ਦੋਸ਼ ਵਿਚ ਫੜਿਆ।
- 05 ਜੁਲਾਈ ਨੂੰ ਮਾਰਕੁੱਟ ਦੇ ਇਕ ਮਾਮਲੇ ਵਿਚ ਕਾਰਵਾਈ ਕਰਨ ਦੇ ਬਦਲੇ ਸ਼ਿਕਾਇਤਕਰਤਾ ਤੋਂ 8000 ਰੁਪਏ ਰਿਸ਼ਵਤ ਲੈ ਰਹੇ ਬਠਿੰਡਾ ਦੇ ਨੇੜੇ ਰਾਮਾਂ ਵਿਚ ਤਾਇਨਾਤ ਏ. ਐੱਸ. ਆਈ. ਗੁਰਦੇਵ ਸਿੰਘ ਨੂੰ ਵਿਜੀਲੈਂਸ ਬਿਊਰੋ ਦੀ ਟੀਮ ਨੇ ਰੰਗੇ ਹੱਥੀਂ ਗ੍ਰਿਫਤਾਰ ਕੀਤਾ।
- 05 ਜੁਲਾਈ ਨੂੰ ਹਰਿਆਣਾ ਪੁਲਸ ਨੇ ਪਲਵਲ ਵਿਚ 4 ਟਰੈਫਿਕ ਕਾਂਸਟੇਬਲਾਂ ਦੀਨਦਿਆਲ, ਰਣਬੀਰ, ਨਵਲ ਕੁਮਾਰ ਅਤੇ ਮੁਹੰਮਦ ਰਸ਼ੀਦ ਵਿਰੁੱਧ ਵਾਹਨ ਚਾਲਕਾਂ ਤੋਂ ਫਰਜ਼ੀ ਰਸੀਦਾਂ 'ਤੇ ਭਾਰੀ ਜੁਰਮਾਨਾ ਵਸੂਲਣ ਅਤੇ ਰਕਮ ਖ਼ੁਦ ਹੜੱਪ ਕਰ ਜਾਣ ਦੇ ਦੋਸ਼ ਵਿਚ ਐੱਫ. ਆਈ. ਆਰ. ਦਰਜ ਕਰਕੇ ਉਨ੍ਹਾਂ ਨੂੰ ਮੁਅੱਤਲ ਕਰ ਦਿੱਤਾ।

ਜਿੱਥੋਂ ਤਕ ਨਸ਼ਿਆਂ ਵਿਚ ਪੁਲਸ ਮੁਲਾਜ਼ਮਾਂ ਦੀ ਸ਼ਮੂਲੀਅਤ ਦਾ ਸਬੰਧ ਹੈ, ਇਕ ਰਿਪੋਰਟ ਅਨੁਸਾਰ 2014 ਤੋਂ ਹੁਣ ਤਕ ਸਿਰਫ ਪੰਜਾਬ ਪੁਲਸ ਦੇ ਹੀ 100 ਤੋਂ ਵੱਧ ਅਧਿਕਾਰੀ/ਕਰਮਚਾਰੀ ਨਸ਼ੇ ਵਾਲੇ ਪਦਾਰਥਾਂ ਦੀ ਸਮੱਗਲਿੰਗ ਜਾਂ ਇਸ ਦੇ ਨਾਜਾਇਜ਼ ਵਪਾਰ ਵਿਚ ਸਹਿਯੋਗ ਕਰਨ ਦੇ ਦੋਸ਼ ਵਿਚ ਗ੍ਰਿਫਤਾਰ ਕੀਤੇ ਜਾ ਚੁੱਕੇ ਹਨ।

# ਖਾਲੀ ਖਜ਼ਾਨੇ ਵਾਲੇ ਪੰਜਾਬ ਦੇ ਲੀਡਰਾਂ ਨੂੰ ਮਿਲਣਗੀਆਂ ਹਾਈ ਕਲਾਸ ਕਾਰਾਂ

## ਪ੍ਰਕਾਸ਼ ਸਿੰਘ ਬਾਦਲ, ਸੁਖਬੀਰ ਸਿੰਘ ਬਾਦਲ, ਬਿਕਰਮ ਮਜੀਠੀਆ, ਵਿਜੈ ਕੁਮਾਰ ਸਾਂਪਲਾ, ਸ਼ਵੇਤ ਮਲਿਕ



**ਚੰਡੀਗੜ੍ਹ/ਬਿਊਰੋ ਨਿਊਜ਼ :** ਪੰਜਾਬ ਸਰਕਾਰ ਵੱਲੋਂ ਸੂਬੇ ਦੇ ਸਭ ਤੋਂ ਅਮੀਰ ਪਰਿਵਾਰਾਂ ਵਿਚ ਸ਼ੁਮਾਰ ਬਾਦਲ ਪਰਿਵਾਰ ਦੇ ਦੋ ਮੈਂਬਰਾਂ ਪ੍ਰਕਾਸ਼ ਸਿੰਘ ਬਾਦਲ, ਸੁਖਬੀਰ ਸਿੰਘ ਬਾਦਲ, ਧਾਰਮਿਕ ਆਗੂਆਂ, ਸ਼ਿਵ ਸੈਨਾਵਾਂ ਦੇ ਬਹੁਤ ਸਾਰੇ ਅਹੁਦੇਦਾਰਾਂ, ਸੇਵਾ ਮੁਕਤ ਪੁਲੀਸ ਅਫ਼ਸਰਾਂ ਅਤੇ ਹਾਕਮ ਪਾਰਟੀ ਨਾਲ ਸਬੰਧਤ ਸਿਆਸਤਦਾਨਾਂ ਨੂੰ ਮੁਹੱਈਆ ਕਰਵਾਈ ਗਈ 'ਸਰਕਾਰੀ ਕਾਰ ਸੇਵਾ' ਨੂੰ ਨਵਾਂ ਰੂਪ ਦਿੱਤਾ ਜਾ ਰਿਹਾ ਹੈ। ਉੱਚ ਪੱਧਰੀ ਸੂਤਰਾਂ ਦਾ ਦੱਸਣਾ ਹੈ ਕਿ ਬਾਦਲ ਪਰਿਵਾਰ ਲਈ ਨਵੀਆਂ 2 ਮੌਂਟੈਰੋ ਬੁਲੇਟ ਪਰੂਫ, 2 ਇਨੋਵਾ ਅਤੇ 6 ਜਿਪਸੀਆਂ ਖ਼ਰੀਦਣ ਸਬੰਧੀ ਪੁਲੀਸ ਵਿਭਾਗ ਵੱਲੋਂ ਪ੍ਰਸਤਾਵ ਤਿਆਰ ਕੀਤਾ ਗਿਆ ਹੈ। ਇਸੇ ਤਰ੍ਹਾਂ ਮਨਿੰਦਰਜੀਤ ਸਿੰਘ ਬਿੱਟਾ, ਮਰਹੂਮ ਪੁਲੀਸ ਅਧਿਕਾਰੀ ਕੇਪੀਐਸ. ਗਿੱਲ ਦੇ ਪਰਿਵਾਰ ਨੂੰ ਵੀ ਨਵੀਆਂ ਬੁਲੇਟ ਪਰੂਫ ਗੱਡੀਆਂ ਦੇਣ ਦੀ ਯੋਜਨਾ ਹੈ। ਇਕ ਸੀਨੀਅਰ ਪੁਲੀਸ ਅਧਿਕਾਰੀ ਦਾ ਦੱਸਣਾ ਹੈ ਕਿ ਪੰਜਾਬ ਪੁਲੀਸ ਵੱਲੋਂ ਨਵੀਆਂ ਕਾਰਾਂ ਦੀ ਖ਼ਰੀਦ ਸਬੰਧੀ ਪ੍ਰਸਤਾਵ ਵਿੱਤ ਵਿਭਾਗ ਨੂੰ ਭੇਜ ਦਿੱਤਾ ਗਿਆ ਹੈ। ਬਾਦਲਾਂ, ਸੇਵਾ ਮੁਕਤ ਪੁਲੀਸ ਅਫ਼ਸਰਾਂ ਅਤੇ ਧਾਰਮਿਕ ਆਗੂਆਂ ਨੂੰ ਦਿੱਤੀਆਂ ਗਈਆਂ ਗੱਡੀਆਂ ਦੀ ਹਾਲਤ ਖਸਤਾ ਮੰਨੀ ਜਾਂਦੀ ਹੈ। ਇਸ ਲਈ ਪੰਜਾਬ ਪੁਲੀਸ ਦੇ ਸੁਰੱਖਿਆ ਵਿੰਗ ਨੇ ਨਵੀਆਂ ਗੱਡੀਆਂ ਮੁਹੱਈਆ ਕਰਾਉਣ ਦਾ ਫ਼ੈਸਲਾ ਕੀਤਾ ਹੈ। ਪੁਲੀਸ ਦੀ ਇਸ ਸੂਚੀ ਤੋਂ ਕਈ ਨਵੇਂ ਧਾਰਮਿਕ ਚਿਹਰੇ ਵੀ ਸਾਹਮਣੇ ਆਏ ਹਨ ਜਿਨ੍ਹਾਂ ਨੂੰ ਸਰਕਾਰ ਨੇ ਕਾਰਾਂ ਅਤੇ ਤੇਲ ਦੇਣ ਦੀ ਖੁੱਲ੍ਹ ਦਿੱਤੀ ਹੋਈ ਹੈ। ਜਾਣਕਾਰੀ ਮੁਤਾਬਕ ਨਵੀਆਂ ਕਾਰਾਂ ਦੀ ਖ਼ਰੀਦ ਉਪਰ ਤਕਰੀਬਨ 9 ਕਰੋੜ ਰੁਪਏ ਖ਼ਰਚ ਆਉਣ ਦੀ ਸੰਭਾਵਨਾ ਹੈ।

ਪੰਜਾਬ ਸਰਕਾਰ ਵੱਲੋਂ ਭਾਜਪਾ ਦੇ ਸੂਬਾ ਪ੍ਰਧਾਨ ਸ਼ਵੇਤ ਮਲਿਕ ਲਈ ਵੀ ਇਸੇ ਸੂਚੀ ਵਿੱਚ ਨਵੀਂ ਬੁਲਿਟ ਪਰੂਫ ਕਾਰ ਖ਼ਰੀਦਣ ਦਾ ਪ੍ਰੋਗਰਾਮ ਹੈ ਜਦੋਂ ਕਿ ਭਾਜਪਾ ਦੇ ਸਾਬਕਾ ਸੂਬਾਈ ਪ੍ਰਧਾਨ ਤੇ ਕੇਂਦਰੀ ਮੰਤਰੀ ਵਿਜੈ ਕੁਮਾਰ ਸਾਂਪਲਾ ਨੂੰ ਵੀ ਕਾਰਾਂ ਦਿੱਤੀਆਂ ਹੋਈਆਂ ਹਨ। ਪੰਜਾਬ ਪੁਲੀਸ ਦੇ 9 ਪੰਨਿਆਂ ਦੇ ਪ੍ਰਸਤਾਵ ਮੁਤਾਬਕ ਜਿਨ੍ਹਾਂ ਵਿਸ਼ੇਸ਼ ਵਿਅਕਤੀਆਂ ਨੂੰ ਸਰਕਾਰੀ ਕਾਰ ਸੇਵਾ ਤਹਿਤ ਖ਼ਜ਼ਾਨੇ ਵਿੱਚੋਂ ਕਾਰਾਂ ਅਤੇ ਤੇਲ ਦੇਣ ਦੀ ਇਜਾਜ਼ਤ ਦਿੱਤੀ ਹੈ ਉਨ੍ਹਾਂ ਨੂੰ ਨਵੀਆਂ ਗੱਡੀਆਂ ਦਿੱਤੇ ਜਾਣ ਦੀ ਜ਼ਰੂਰਤ ਹੈ। ਪੰਜਾਬ ਅਜਿਹਾ ਸੂਬਾ ਬਣ ਕੇ ਸਾਹਮਣੇ ਆਇਆ ਹੈ ਜਿੱਥੇ ਸੱਤਾ ਤੋਂ ਲੱਥੇ ਸਿਆਸਤਦਾਨਾਂ, ਧਾਰਮਿਕ ਆਗੂਆਂ ਅਤੇ ਸੇਵਾ ਮੁਕਤ ਪੁਲੀਸ ਅਫ਼ਸਰਾਂ ਨੂੰ ਜਨਤਾ ਦੇ ਖ਼ਜ਼ਾਨੇ 'ਚੋਂ ਕਾਰਾਂ ਅਤੇ ਤੇਲ ਮੁਹੱਈਆ ਕਰਾਇਆ ਜਾਂਦਾ ਹੈ।

ਪੰਜਾਬ ਸਰਕਾਰ ਵੱਲੋਂ 17 ਬੁਲਿਟ ਪਰੂਫ ਗੱਡੀਆਂ ਖ਼ਰੀਦਣ ਸਬੰਧੀ ਪ੍ਰਸਤਾਵ ਤਿਆਰ ਕੀਤਾ ਗਿਆ ਹੈ। ਇਸ ਮੁਤਾਬਕ ਲੁਧਿਆਣਾ ਤੋਂ ਸੰਸਦ ਮੈਂਬਰ ਰਵਨੀਤ ਸਿੰਘ ਬਿੱਟੂ ਅਤੇ ਬਾਦਲ ਪਿਤਾ ਪੁੱਤਰ ਨੂੰ ਤਾਂ ਇੱਕ-ਇੱਕ ਮੌਂਟੈਰੋ ਖ਼ਰੀਦ ਕੇ ਦਿੱਤੀ ਜਾਣੀ ਹੈ। ਬੁਲਿਟ ਪਰੂਫ ਵਿਸ਼ੇਸ਼ ਸੁਰੱਖਿਆ ਵਾਹਨ ਹਾਸਲ ਕਰਨ ਵਾਲਿਆਂ ਵਿੱਚ ਕਾਂਗਰਸ ਨੇਤਾ ਅਤੇ ਡੇਰਾ ਸਿਰਸਾ ਦੇ ਮੁਖੀ ਗੁਰਮੀਤ ਰਾਮ ਰਹੀਮ ਸਿੰਘ ਦਾ ਕਰੀਬੀ ਰਿਸ਼ਤੇਦਾਰ ਹਰਮਿੰਦਰ ਸਿੰਘ ਜੱਸੀ ਵੀ ਸ਼ਾਮਲ ਹੈ। ਇਸੇ ਤਰ੍ਹਾਂ ਮਨਿੰਦਰਜੀਤ ਸਿੰਘ ਬਿੱਟਾ ਲਈ ਫਾਰਚਿਊਨਰ ਤੇ 2 ਜਿਪਸੀਆਂ, ਸਾਬਕਾ ਮੁੱਖ ਮੰਤਰੀ ਰਾਜਿੰਦਰ ਕੌਰ ਭੱਠਲ ਲਈ ਅੰਬੈਸਡਰ ਕਾਰ, 2 ਜਿਪਸੀਆਂ, ਬਿੱਟਾ ਦੀ ਪਤਨੀ ਮਨਜੋਤੀ ਬਿੱਟਾ ਦਾ ਨਾਮ ਇੱਕ ਜਿਪਸੀ ਦੀ ਖ਼ਰੀਦ ਵਾਲੀ ਸੂਚੀ ਵਿੱਚ ਸ਼ਾਮਲ ਕੀਤਾ ਗਿਆ ਹੈ। ਸਾਬਕਾ ਪੁਲੀਸ ਮੁਖੀ ਕੇ.ਪੀ. ਐਸ. ਗਿੱਲ ਦੇ ਪਰਿਵਾਰ ਲਈ ਜਿਹੜੀਆਂ 2 ਇਨੋਵਾ ਤੇ 3 ਜਿਪਸੀਆਂ ਦਿੱਤੀਆਂ ਹੋਈਆਂ

ਬਾਕੀ ਸਫ਼ਾ 28 'ਤੇ

## ਸਿਆਸਤਦਾਨਾਂ, ਸ਼ਿਵ ਸੈਨਿਕਾਂ ਤੇ 'ਬਾਬਿਆਂ' ਨੂੰ ਮਹਿੰਗੀਆਂ ਗੱਡੀਆਂ ਤੇ ਗੰਨਮੈਨ ਦੇਣ ਦਾ 'ਮਾਮਲਾ ਗੜਬੜ' ਹੈ

**ਚੰਡੀਗੜ੍ਹ/ਬਿਊਰੋ ਨਿਊਜ਼ :** ਪੰਜਾਬ ਦੇ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਵੱਲੋਂ ਸਿਆਸਤਦਾਨਾਂ, ਡੇਰੇਦਾਰਾਂ, ਸ਼ਿਵ ਸੈਨਾ ਨਾਲ ਸਬੰਧਤ ਵਿਅਕਤੀਆਂ, ਧਾਰਮਿਕ ਆਗੂਆਂ ਅਤੇ ਅਫ਼ਸਰਾਂ ਨੂੰ ਸਰਕਾਰੀ ਖ਼ਜ਼ਾਨੇ ਵਿਚੋਂ ਕਾਰਾਂ ਅਤੇ ਮੁਫ਼ਤ ਤੇਲ ਦੀ ਸਹੂਲਤ ਸਬੰਧੀ ਵਧੀਕ ਮੁੱਖ ਸਕੱਤਰ (ਗ੍ਰਹਿ) ਨਿਰਮਲਜੀਤ ਸਿੰਘ ਕਲਸੀ ਦੀ ਅਗਵਾਈ ਹੇਠ ਬਣਾਈ ਸਮੀਖਿਆ ਕਮੇਟੀ ਮਹਿਜ਼ ਖਾਨਾਪੂਰਤੀ ਜਾਪ ਰਹੀ ਹੈ। ਪੰਜਾਬ ਪੁਲੀਸ ਵੱਲੋਂ ਸਿਆਸਤਦਾਨਾਂ ਅਤੇ ਡੇਰੇਦਾਰਾਂ ਸਮੇਤ ਪੁਲੀਸ ਅਫ਼ਸਰਾਂ ਨੂੰ ਨਵੀਆਂ ਗੱਡੀਆਂ ਦੇਣ ਦੀ ਤਜਵੀਜ਼ ਨੇ ਵਿੱਤੀ ਸੰਕਟ 'ਚੋਂ ਲੰਘ ਰਹੇ ਪੰਜਾਬ ਦੇ ਖ਼ਜ਼ਾਨੇ ਨੂੰ ਨਿਰਦਈ ਤਰੀਕੇ ਨਾਲ ਉਡਾਉਣ ਦਾ ਨਵਾਂ ਰੂਪ ਸਾਹਮਣੇ ਲਿਆਂਦਾ ਹੈ। ਸੂਤਰਾਂ ਮੁਤਾਬਕ ਪੰਜਾਬ ਪੁਲੀਸ ਵੱਲੋਂ ਸੁਰੱਖਿਆ ਦੇ ਨਾਂ 'ਤੇ ਰਾਜਸੀ ਅਤੇ ਧਾਰਮਿਕ ਵਿਅਕਤੀਆਂ ਸਮੇਤ ਪੁਲੀਸ ਅਫਸਰਾਂ ਨੂੰ ਜਿਹੜੀਆਂ ਗੱਡੀਆਂ ਦਿੱਤੀਆਂ ਹੋਈਆਂ ਹਨ, ਉਨ੍ਹਾਂ ਦਾ ਸਿਰਫ਼ ਡਰਾਈਵਰਾਂ ਦੀਆਂ ਤਨਖਾਹਾਂ ਅਤੇ ਤੇਲ ਖ਼ਰਚ ਹੀ ਸਾਲਾਨਾ 12 ਕਰੋੜ ਰੁਪਏ ਦੇ ਕਰੀਬ ਹੈ। ਗੱਡੀਆਂ ਦੀ ਕੀਮਤ 50 ਕਰੋੜ ਰੁਪਏ ਦੇ ਕਰੀਬ ਬਣਦੀ ਹੈ। ਸੁਰੱਖਿਆ ਵਜੋਂ ਤਾਇਨਾਤ ਪੁਲੀਸ ਕਰਮਚਾਰੀਆਂ ਦੀਆਂ ਤਨਖਾਹਾਂ ਦਾ ਖ਼ਜ਼ਾਨੇ 'ਤੇ ਬੋਝ ਤਾਂ ਸਾਲਾਨਾ 100 ਕਰੋੜ ਰੁਪਏ ਦਾ ਅੰਕੜਾ ਪਾਰ ਕਰ ਜਾਂਦਾ ਹੈ।

ਬਾਕੀ ਸਫ਼ਾ 28 'ਤੇ

## ਗੁਰਬਾਣੀ
24 ਘੰਟੇ ਸੁਣਨ ਲਈ
Dial 832.551.5029 Ext. 4
www.GurbaniRadio.org

## ਪੰਜਾਬੀ ਗਾਣੇ
24 ਘੰਟੇ ਸੁਣਨ ਲਈ
Dial 832.551.5029 Ext. 3
www.NonStopPunjabi.com

ਪੰਜਾਬੀ ਰੇਡੀਓ ਯੂਐਸਏ
**Punjabi RADIO USA**
ON THE AIR
*Uniting Punjabi's All Over*
www.PunjabiRadioUSA.com
408-272-5200

DIAL TO LISTEN:
US: 832-551-5029 | 605-475-6868 | 712-432-5838 (METRO PCS)
UK: +44 203-519-0455
GERMANY: +511 80-90-40-41

**NEW PROGRAM: TODAY IN SIKH HISTORY | ਅੱਜ ਦਾ ਦਿਨ ਸਿੱਖ ਇਤਿਹਾਸ ਵਿੱਚ DAILY | ਰੋਜ਼ਾਨਾ 9AM | 12PM**

# KHALSA
## INSURANCE AGENCY, INC.

**Khalsa Insurance Agency is among TOP 50 agencies of Blue Cross in USA.**


Anthem BlueCross
2014 ACE INDIVIDUAL
CHAMPION LEVEL
In recognition and appreciation of your outstanding sales performance in 2013
KHALSA INSURANCE AGENCY
Colin Hewett, Vice President Individual Sales
Steve Stewart, Regional Vice President Individual Sales

- GUARANTEED COVERAGE
- NO ANNUAL LIMITS, NO DENIAL FOR PRE-EXISTING CONDITIONS
- RATES NOT BASED ON HEALTH STATUS
- AFFORDABLE COVERAGE – PUBLIC OR PRIVATE
- REQUIRED FOR INDIVIDUALS

COVERED CALIFORNIA™

OBAMACARE
IS
COVERED CALIFORNIA
IS THE
AFFORDABLE CARE ACT
IS THE
California Health Benefit Exchange
IS
*Your destination for affordable health care*

Call Now for the
Lowest Health Insurance
Premiums available
Some Households
qualify for
FREE HEALTHCARE

# 408-272-2500

Please Contact Harjot S Khalsa (Certified Covered CA Agent) | License # 0B03546 | 3750 McKee Rd. # A, San Jose, CA 95127
Tel. 408-272-2500 | coveredca@khalsainsurance.com

# ਕੈਪਟਨ ਸਰਕਾਰ ਦਾ ਡਰੱਗ ਰੋਕਣ ਬਾਰੇ ਸਖ਼ਤ ਸਟੈਂਡ ਤੇ ਪੰਜਾਬ ਲੋਕ ਅੰਦੋਲਨ ਦੇ ਰਾਹੇ

**ਕੁਝ ਪੰਥਕ ਹਲਕੇ ਸਮਝ ਰਹੇ ਹਨ ਕਿ ਇਹ ਸਰਕਾਰੀ ਅਪਰੇਸ਼ਨ ‘ਬਲਿਊ ਸਟਾਰ 84’ ਦਾ ਅਗਲਾ ਪੜ੍ਹਾਅ ਹੈ ਤਾਂ ਜੋ ਪੰਜਾਬੀਆਂ ਨੂੰ ਨਸ਼ਿਆਂ ਰਾਹੀਂ ਖਤਮ ਕਰ ਦਿੱਤਾ ਜਾਵੇ ਤੇ ਉਹ ਆਪਣੇ ਅਧਿਕਾਰ ਮੰਗਣ ਜੋਗੇ ਨਾ ਰਹਿਣ। ਸਾਜ਼ਿਸ਼ ਸਭ ਨੂੰ ਗੰਭੀਰ ਜਾਪਦੀ ਹੈ। ਪੰਜਾਬ ਦੀ ਬੇਰੁਜ਼ਗਾਰੀ ਪਿੱਛੇ ਕੇਂਦਰ ਦਾ ਹੀ ਹੱਥ ਹੈ। ਜੇਕਰ ਇੱਥੇ ਸਨਅਤ ਦੇ ਲਾਭ ਦਿੱਤੇ ਜਾਂਦੇ ਤਾਂ ਪੰਜਾਬ ਵਿਚ ਕਦੇ ਬੇਰੁਜ਼ਗਾਰੀ ਪੈਦਾ ਨਾ ਹੁੰਦੀ ਤੇ ਨਾ ਨਸ਼ੇ ਫੈਲਦੇ। ਜੇ ਪਾਕਿਸਤਾਨ ਦੀ ਸਰਹੱਦ ’ਤੇ ਲਾਹੌਰ ਏਨਾ ਵਿਕਸਤ ਹੋ ਸਕਦਾ ਹੈ ਤਾਂ ਅੰਮ੍ਰਿਤਸਰ ਤੇ ਪੰਜਾਬ ਦੇ ਇਲਾਕੇ ਕਿਉਂ ਨਹੀਂ? ਜੋ ਕੁਝ ਪੰਜਾਬ ਵਿਚ ਵਾਪਰ ਰਿਹਾ ਹੈ, ਉਹ ਹਰਿਆਣੇ, ਹਿਮਾਚਲ ਤੇ ਰਾਜਸਥਾਨ ਵਿਚ ਕਿਉਂ ਨਹੀਂ ਵਾਪਰ ਰਿਹਾ? ਇਸ ਦਾ ਸਾਫ਼ ਅਰਥ ਹੈ ਕਿ ਇਹ ਸਭ ਕੁਝ ਸਾਜ਼ਿਸ਼ ਤਹਿਤ ਕੀਤਾ ਜਾ ਰਿਹਾ ਹੈ।**



**ਰਜਿੰਦਰ ਸਿੰਘ ਪੁਰੇਵਾਲ**

ਕੈਪਟਨ ਸਰਕਾਰ ਨੇ ਪੰਜਾਬ ਵਜ਼ਾਰਤ ਨੇ ਸੂਬੇ ਵਿੱਚ ਨਸ਼ੀਲੇ ਪਦਾਰਥਾਂ ਨਾਲ ਨੌਜਵਾਨਾਂ ਦੀਆਂ ਹੋ ਰਹੀਆਂ ਮੌਤਾਂ ਕਾਰਨ ਸੂਬੇ ਵਿੱਚ ਪੈਦਾ ਹੋਏ ਰੋਹ ਕਾਰਨ ਨਸ਼ੀਲੇ ਪਦਾਰਥਾਂ ਦੇ ਧੰਦੇ ਨੂੰ ਬਹੁਤ ਵੱਡਾ ਅਪਰਾਧ ਮੰਨਦਿਆਂ ਇਸ ਨੂੰ ਰੋਕਣ ਵਾਸਤੇ ਸੌਦਾਗਰਾਂ ਅਤੇ ਸਮਗਲਰਾਂ ਨੂੰ ਮੌਤ ਦੀ ਸਜ਼ਾ ਦੇਣ ਲਈ ਕੇਂਦਰ ਸਰਕਾਰ ਨੂੰ ਸਿਫਾਰਿਸ਼ ਕਰਨ ਦਾ ਫ਼ੈਸਲਾ ਕੀਤਾ ਹੈ। ਇਸ ਦੇ ਨਾਲ ਹੀ ਵਜ਼ਾਰਤ ਨੇ ਨਸ਼ੀਲੇ ਪਦਾਰਥਾਂ ਦੀ ਬੇਰੋਕ-ਟੋਕ ਸਮਗਲਿੰਗ ਨੂੰ ਹਰ ਰੋਜ਼ ਚੈੱਕ ਕਰਨ ਵਾਸਤੇ ਵਧੀਕ ਮੁੱਖ ਸਕੱਤਰ (ਗ੍ਰਿਹਿ) ਐਨ ਐਸ ਕਲਸੀ ਦੀ ਅਗਵਾਈ ਹੇਠ ਵਿਸ਼ੇਸ਼ ਕਾਰਜ ਗਰੁੱਪ ਕਾਇਮ ਕਰਨ ਦਾ ਫ਼ੈਸਲਾ ਕੀਤਾ ਹੈ ਜੋ ਨਸ਼ਿਆਂ ’ਤੇ ਕਾਬੂ ਪਾਉਣ ਲਈ ਚੁੱਕੇ ਜਾਣ ਵਾਲੇ ਕਦਮਾਂ ਦੀ ਸਮੀਖਿਆ ਅਤੇ ਨਿਗਰਾਨੀ ਕਰੇਗਾ। ਇਹ ਵਿਸ਼ੇਸ਼ ਗਰੁੱਪ ਨਸ਼ਿਆਂ ਵਿਰੁੱਧ ਸਰਕਾਰੀ ਰਣਨੀਤੀ ਦਾ ਜਾਇਜ਼ਾ ਲੈ ਕੇ ਸਥਿਤੀ ਮੁਤਾਬਕ ਰਣਨੀਤੀ ਅਖ਼ਤਿਆਰ ਕਰੇਗਾ। ਇਸ ਗਰੁੱਪ ਵਿੱਚ ਵਧੀਕ ਮੁੱਖ ਸਕੱਤਰ (ਸਿਹਤ) ਸਤੀਸ਼ ਚੰਦਰਾ, ਡੀਜੀਪੀ (ਅਮਨ ਤੇ ਕਾਨੂੰਨ) ਈਸ਼ਵਰ ਸਿੰਘ, ਡੀਜੀਪੀ (ਇੰਟੈਲੀਜੈਂਸ) ਦਿਨਕਰ ਗੁਪਤਾ ਅਤੇ ਏਡੀਜੀਪੀ (ਵਿਸ਼ੇਸ਼ ਟਾਸਕ ਫੋਰਸ) ਹਰਪ੍ਰੀਤ ਸਿੰਘ ਸਿੱਧੂ ਸ਼ਾਮਲ ਕੀਤੇ ਗਏ ਹਨ। ਇਹ ਫ਼ੈਸਲਾ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਦੀ ਪ੍ਰਧਾਨਗੀ ਹੇਠ ਵਜ਼ਾਰਤ ਦੀ ਮੀਟਿੰਗ ਦੌਰਾਨ ਲਿਆ ਗਿਆ ਸੀ। ਇਸ ਮੀਟਿੰਗ ਵਿਚ ਕੁਝ ਮੰਤਰੀਆਂ ਨੇ ਮਾਮਲਾ ਉਠਾਇਆ ਸੀ ਕਿ ਜੋ ਪੁਲੀਸ ਅਫ਼ਸਰ ਡਰੱਗ ਸਮੱਗਲਰਾਂ ਨਾਲ ਰਲੇ ਹੋਏ ਹਨ, ਉਨ੍ਹਾਂ ਨੂੰ ਸਸਪੈਂਡ ਕੀਤਾ ਜਾਵੇ। ਇਸ ਦੇ ਨਤੀਜੇ ਵਜੋਂ ਵਿਵਾਦਤ ਡੀਐੱਸਪੀ ਦਲਜੀਤ ਸਿੰਘ ਢਿੱਲੋਂ, ਹੌਲਦਾਰ ਇੰਦਰਜੀਤ ਸਿੰਘ ਨੂੰ ਬਰਤਰਫ਼ ਕਰ ਦਿੱਤਾ ਗਿਆ ਹੈ ਅਤੇ ਮੋਗਾ ਦੇ ਵਿਵਾਦਤ ਐੱਸਐੱਸਪੀ ਰਾਜਜੀਤ ਸਿੰਘ ਹੁੰਦਲ ਦੀ ਬਦਲੀ ਕਰ ਦਿੱਤੀ ਗਈ ਹੈ। ਹੁੰਦਲ ਦੀ ਥਾਂ ਕਮਲਜੀਤ ਸਿੰਘ ਢਿੱਲੋਂ ਨੂੰ ਮੋਗਾ ਦਾ ਐਸਐਸਪੀ ਲਾਇਆ ਗਿਆ ਹੈ। ਇਸ ਦੇ ਨਾਲ ਦੋ ਦਰਜਨ ਤੋਂ ਵੱਧ ਦਾਗ਼ੀ ਪੁਲੀਸ ਅਧਿਕਾਰੀਆਂ ਵਿਰੁੱਧ ਵੀ ਸਖ਼ਤ ਕਾਰਵਾਈ ਕੀਤੀ ਜਾਵੇਗੀ। ਮੁੱਖ ਮੰਤਰੀ ਦੀ ਅਗਵਾਈ ਹੇਠ ਵੀ ਇਕ ਕੈਬਨਿਟ ਸਬ-ਕਮੇਟੀ ਦਾ ਗਠਨ ਕੀਤਾ ਗਿਆ ਹੈ ਅਤੇ ਵਿਸ਼ੇਸ਼ ਕਾਰਜ ਗਰੁੱਪ ਉਨ੍ਹਾਂ ਨੂੰ ਸਿੱਧੇ ਤੌਰ ’ਤੇ ਰਿਪੋਰਟ ਕਰੇਗਾ। ਸਿਹਤ ਤੇ ਪਰਿਵਾਰ ਭਲਾਈ ਮੰਤਰੀ ਅਤੇ ਸਮਾਜਿਕ ਸੁਰੱਖਿਆ ਮੰਤਰੀ ਇਸ ਸਬ-ਕਮੇਟੀ ਦੇ ਮੈਂਬਰ ਹੋਣਗੇ। ਇਹ ਕਮੇਟੀ ਹਫ਼ਤੇ ਵਿੱਚ ਇਕ ਵਾਰ ਮੀਟਿੰਗ ਕਰਕੇ ਸਰਕਾਰ ਦੀ ਨਸ਼ਾ ਵਿਰੋਧੀ ਮੁਹਿੰਮ ਦੀ ਪ੍ਰਗਤੀ ਅਤੇ ਸਥਿਤੀ ਦਾ ਜਾਇਜ਼ਾ ਲਿਆ ਕਰੇਗੀ। ਸਾਬਕਾ ਅਕਾਲੀ ਮੰਤਰੀ ਬਿਕਰਮ ਮਜੀਠੀਆ ਦੇ ਮਾਮਲੇ ’ਤੇ ਪੰਜਾਬ ਪ੍ਰਦੇਸ਼ ਕਾਂਗਰਸ ਦੇ ਪ੍ਰਧਾਨ ਸੁਨੀਲ ਜਾਖੜ ਨੇ ਸਖਤੀ ਨਾਲ ਸਟੈਂਡ ਲੈਂਦਿਆਂ ਕੈਪਟਨ ਸਰਕਾਰ ਨੂੰ ਅਪੀਲ ਕੀਤੀ ਕਿ ਜੇ ਸਰਕਾਰ ਨੇ ਉਸ ਵਿਰੁੱਧ ਕਾਰਵਾਈ ਨਹੀਂ ਕਰਨੀ ਹੈ ਤਾਂ ਸਾਰਿਆਂ ਨੂੰ ਚੂੜੀਆਂ ਪਾ ਲੈਣੀਆਂ ਚਾਹੀਦੀਆਂ ਹਨ। ਪੰਜਾਬ ਵਿਚ ਲੋਕ ਨਸ਼ਿਆਂ ਕਾਰਨ ਹੋ ਰਹੀਆਂ ਮੌਤਾਂ ਕਾਰਨ ਸੜਕਾਂ ’ਤੇ ਉਤਰ ਆਏ ਹਨ, ਜਿਸ ਕਰਕੇ ਕੈਪਟਨ ਸਰਕਾਰ ਨੂੰ ਨਸ਼ਿਆਂ ਕਾਰਨ ਸਖਤ ਹੋਣਾ ਪੈ ਰਿਹਾ ਹੈ।

ਪੰਜਾਬ ਇਸ ਸਮੇਂ ਸ਼ਰਾਬ, ਸਿੰਥੈਟਿਕ ਡਰੱਗ ‘ਚਿੱਟਾ’ ਅਤੇ ਮੈਡੀਕਲ ਨਸ਼ਿਆਂ ਦੇ ਚੱਕਰਵਿਊ ਵਿਚ ਫਸਿਆ ਹੋਇਆ ਹੈ। ਪੰਜਾਬ ਦੇ ਨੌਜਵਾਨ ਕੋਬਰਾ ਸੱਪਾਂ ਅਤੇ ਕੋਹੜ ਕਿਰਲੀਆਂ ਨੂੰ ਮਾਰ ਕੇ ਸਾੜਨ ਤੋਂ ਬਾਅਦ ਉਸ ਦੀ ਸਵਾਹ ਨੂੰ ਸਿਗਰੇਟ ਵਿਚ ਮਿਲਾ ਕੇ ਸੇਵਨ ਕਰਦੇ ਹਨ। ਕੁਝ ਹੀ ਸਕਿੰਟ ਵਿਚ ਪੀਣ ਵਾਲੇ ਦੇ ਬੁੱਲ ਤੇ ਨਹੁੰ ਨੀਲੇ ਹੋ ਜਾਂਦੇ ਹਨ ਤੇ ਗਲਾ ਪੂਰੀ ਤਰ੍ਹਾਂ ਸੁੱਕ ਜਾਂਦਾ ਹੈ। ਇਹ ਨਸ਼ਾ ਚਿੱਟੇ ਤੋਂ ਵੀ ਸੌ ਗੁਣਾਂ ਖਤਰਨਾਕ ਹੁੰਦਾ ਹੈ। ਇਥੋਂ ਤੱਕ ਪੰਜਾਬ ਵਿੱਚ ਨਸ਼ੇੜੀ ਨੌਜਵਾਨ ਜੋ ਡਰੱਗ ਕਾਰਨ ਮਰ ਰਹੇ ਹਨ, ਉਹ ਹਾਥੀ ਨੂੰ ਬੇਹੋਸ਼ ਕਰਨ ਵਾਲੀ ਦਵਾਈ ਦੀ ਵਰਤੋਂ ਕਰ ਰਹੇ ਹਨ, ਜਿਸ ਨਾਲ ਸਰੀਰ ਕਾਲਾ ਪੈ ਜਾਂਦਾ ਹੈ ਤੇ ਪਲਾਸਟਿਕ ਵਾਂਗ ਆਕੜ ਜਾਂਦਾ ਹੈ। ਜਦੋਂ ਮੌਤ ਹੋ ਜਾਂਦੀ ਹੈ ਤਾਂ ਉਹ ਪਲਾਸਟਿਕ ਬਣਿਆ ਸਰੀਰ ਅੱਗ ਨਾਲ ਵੀ ਨਹੀਂ ਸੜਦਾ। ਡਰੱਗ ਵਿਚ ਡੁੱਬੇ ਪੰਜਾਬ ਦਾ ਜ਼ਿੰਮੇਵਾਰ ਭ੍ਰਿਸ਼ਟ ਅਫਸਰਸ਼ਾਹੀ, ਸਿਆਸਤਦਾਨ ਤੇ ਤਸਕਰਾਂ ਦਾ ਗੱਠਜੋੜ ਤੇ ਪੰਜਾਬੀ ਯੂਥ ਦੀ ਬੇਰੁਜ਼ਗਾਰੀ ਹੈ। ਕੇਂਦਰ ਸਰਕਾਰ ਨੇ ਪੰਜਾਬ ਨੂੰ ਆਪਣੀ ਬਸਤੀ ਬਣਾਇਆ ਹੋਇਆ ਹੈ ਤੇ ਪੰਜਾਬ ਦੇ ਪਾਣੀ, ਖੇਤੀਬਾੜੀ, ਆਰਥਿਕਤਾ ਤੇ ਬਿਜਨੈਸ ਸਭ ਤਬਾਹ ਕਰ ਦਿੱਤਾ ਹੈ। ਗੁਰੂਆਂ ਦੀ ਧਰਤੀ ’ਤੇ ਬੈਠੇ ਪੰਜਾਬੀ ਨਸ਼ਿਆਂ ਅੱਗੇ ਹਥਿਆਰ ਸੁੱਟੀ ਬੈਠੇ ਹਨ। ਪੰਜਾਬ ਵਿਚ ਬੇਸ਼ੱਕ ਨਸ਼ਾ ਇਸ ਸਮੇਂ ਸਭ ਤੋਂ ਗਰਮ ਸਿਆਸੀ ਮੁੱਦਾ ਹੈ। ਪਰ ਸਿਆਸਤਦਾਨ ਸੱਤਾ ਦੀ ਖਾਤਰ ਸਿਆਸਤ ਖੇਡ ਰਹੇ ਹਨ। ਕੋਈ ਵੀ ਕੇਂਦਰ ਸਰਕਾਰ ਖਿਲਾਫ਼ ਡੱਟਣ ਨੂੰ ਤਿਆਰ ਨਹੀਂ ਕਿ ਉਸ ਨੇ ਪੰਜਾਬ ਦੀ ਧਰਤੀ ਦੇ ਵਸੀਲਿਆਂ ਉੱਪਰ ਡਾਕਾ ਕਿਉਂ ਮਾਰਿਆ ਹੈ। ਕੈਪਟਨ ਸਰਕਾਰ ਹੁਣ ਵੀ ਦਾਅਵਾ ਕਰ ਰਹੀ ਹੈ ਕਿ ਤਸਕਰੀ ਦੀ ਸਪਲਾਈ ਲਾਈਨ ਬੰਦ ਕਰ ਦਿੱਤੀ ਹੈ, ਜਿਸ ਕਰਕੇ ਨੌਜਵਾਨ ਮੈਡੀਕਲ ਨਸ਼ੇ ਕਰਕੇ ਮਰ ਰਹੇ ਹਨ। ਇਹ ਕਿਹੋ ਜਿਹਾ ਬਹਾਨਾ ਹੈ? ਕੀ ਇਹ ਪੰਜਾਬ ਦੀ ਸਮੱਸਿਆ ਦਾ ਹੱਲ ਹੈ? ਸਰਕਾਰ ਅਜਿਹੇ ਘਟੀਆ ਤਰਕ ਘੜ ਕੇ ਛੁਟਕਾਰਾ ਕਿਉਂ ਪਾਉਣਾ ਚਾਹੁੰਦੀ ਹੈ? ਜੋ ਕੁਝ ਬਾਦਲ ਅਕਾਲੀ ਦਲ ਦੇ ਰਾਜ ਦੌਰਾਨ ਵਾਪਰਿਆ, ਉਹੀ ਕੈਪਟਨ ਦੇ ਰਾਜ ਦੌਰਾਨ ਵਾਪਰ ਰਿਹਾ ਹੈ। ਕੋਈ ਵੀ ਵੱਖਰੀ ਗੱਲ ਨਹੀਂ ਹੋ ਰਹੀ।

ਕੁਝ ਪੰਥਕ ਹਲਕੇ ਸਮਝ ਰਹੇ ਹਨ ਕਿ ਇਹ ਸਰਕਾਰੀ ਅਪਰੇਸ਼ਨ ‘ਬਲਿਊ ਸਟਾਰ 84’ ਦਾ ਅਗਲਾ ਪੜ੍ਹਾਅ ਹੈ ਤਾਂ ਜੋ ਪੰਜਾਬੀਆਂ ਨੂੰ ਨਸ਼ਿਆਂ ਰਾਹੀਂ ਖਤਮ ਕਰ ਦਿੱਤਾ ਜਾਵੇ ਤੇ ਉਹ ਆਪਣੇ ਅਧਿਕਾਰ ਮੰਗਣ ਜੋਗੇ ਨਾ ਰਹਿਣ। ਸਾਜ਼ਿਸ਼ ਸਭ ਨੂੰ ਗੰਭੀਰ ਜਾਪਦੀ ਹੈ। ਪੰਜਾਬ ਦੀ ਬੇਰੁਜ਼ਗਾਰੀ ਪਿੱਛੇ ਕੇਂਦਰ ਦਾ ਹੀ ਹੱਥ ਹੈ। ਜੇਕਰ ਇੱਥੇ ਸਨਅਤ ਦੇ ਲਾਭ ਦਿੱਤੇ ਜਾਂਦੇ ਤਾਂ ਪੰਜਾਬ ਵਿਚ ਕਦੇ ਬੇਰੁਜ਼ਗਾਰੀ ਪੈਦਾ ਨਾ ਹੁੰਦੀ ਤੇ ਨਾ ਨਸ਼ੇ ਫੈਲਦੇ। ਜੇ ਪਾਕਿਸਤਾਨ ਦੀ ਸਰਹੱਦ ’ਤੇ ਲਾਹੌਰ ਏਨਾ ਵਿਕਸਤ ਹੋ ਸਕਦਾ ਹੈ ਤਾਂ ਅੰਮ੍ਰਿਤਸਰ ਤੇ ਪੰਜਾਬ ਦੇ ਇਲਾਕੇ ਕਿਉਂ ਨਹੀਂ? ਜੋ ਕੁਝ ਪੰਜਾਬ ਵਿਚ ਵਾਪਰ ਰਿਹਾ ਹੈ, ਉਹ ਹਰਿਆਣੇ, ਹਿਮਾਚਲ ਤੇ ਰਾਜਸਥਾਨ ਵਿਚ ਕਿਉਂ ਨਹੀਂ ਵਾਪਰ ਰਿਹਾ? ਇਸ ਦਾ ਸਾਫ਼ ਅਰਥ ਹੈ ਕਿ ਇਹ ਸਭ ਕੁਝ ਸਾਜ਼ਿਸ਼ ਤਹਿਤ ਕੀਤਾ ਜਾ ਰਿਹਾ ਹੈ।

ਸਰਕਾਰ ਨਸ਼ਾ ਤਸਕਰੀ ਵਿਚ ਸ਼ਾਮਲ ‘ਵੱਡੇ ਮਗਰਮੱਛਾਂ’ ’ਤੇ ਕਾਰਵਾਈ ਕਰਨ ਦੀ ਥਾਂ ਇਮਾਨਦਾਰ ਪੁਲੀਸ ਅਫ਼ਸਰਾਂ ਨੂੰ ਗੁੱਠੇ ਲਾਈਨ ਲਗਾਉਣ ਵਿਚ ਲੱਗੀ ਹੋਈ ਹੈ ਤੇ ਜਾਂ ਫਿਰ ਉਨ੍ਹਾਂ ਲੋਕਾਂ ਨੂੰ ਹੱਥ ਪਾਇਆ ਜਾ ਰਿਹਾ ਹੈ, ਜੋ ਨਸ਼ੇ ਸਮੱਗਲਿੰਗ ਨਹੀਂ ਕਰਦੇ, ਸਿਰਫ਼ ਨਸ਼ਿਆਂ ਦਾ ਸੇਵਨ ਕਰਦੇ ਹਨ ਜਾਂ ਨਸ਼ਿਆਂ ਦੇ ਛੋਟੇ ਸੌਦਾਗਰ ਹਨ। ਵੱਡੇ ਪੁਲੀਸ ਅਫ਼ਸਰਾਂ ਤੋਂ ਬਿਨਾਂ ਪੰਜਾਬ ਵਿਚ ਨਸ਼ੇ ਨਹੀਂ ਵਿਕ ਸਕਦੇ। ਕਿਹਾ ਇਹ ਵੀ ਜਾ ਰਿਹਾ ਹੈ ਕਿ ਬਾਦਲ ਦਲ ਤੇ ਕੈਪਟਨਕਿਆ ਦੀ ਆਪਸ ਵਿਚ ਆੜੀ ਹੈ। ਇਸੇ ਕਰਕੇ ਐਸਟੀਐਫ ਚੀਫ਼ ਨੂੰ ਮਜੀਠੀਆ ਵਿਰੁੱਧ ਰਿਪੋਰਟ ਦੇਣ ਤੋਂ ਬਾਅਦ ਉਸ ਦੀ ਤਾਕਤ ਘਟਾ ਦਿੱਤੀ ਗਈ ਹੈ। ਸੁਣਨ ਵਿਚ ਇਹੀ ਆ ਰਿਹਾ ਹੈ ਕਿ ਐਸਟੀਐਫ ਚੀਫ ਸਿੱਧੂ ਬਹੁਤ ਇਮਾਨਦਾਰ ਅਫ਼ਸਰ ਹਨ। ਇਸੇ ਕਰਕੇ ਉਨ੍ਹਾਂ ਦੀ ਤਾਕਤ ਘਟਾਈ ਗਈ ਹੈ।

ਜੇਕਰ ਅਸੀਂ ਚਾਹੁੰਦੇ ਹਾਂ ਕਿ ਗੁਰੂਆਂ ਦਾ ਪੰਜਾਬ ਫਿਰ ਤੋਂ ਹਾਕੀ, ਕਬੱਡੀ, ਕ੍ਰਿਕਟ ਅਤੇ ਹੋਰ ਖੇਡਾਂ ਦੇ ਖਿਡਾਰੀ ਪੈਦਾ ਕਰੇ, ਪੰਜਾਬ ਸਨਅਤੀ ਤੇ ਖੇਤੀ ਤੌਰ ’ਤੇ ਵਿਕਾਸ ਕਰੇ ਅਤੇ ਆਰਥਿਕ ਤੌਰ ’ਤੇ ਮਜ਼ਬੂਤ ਹੋਵੇ ਤਾਂ ਸਾਨੂੰ ਫੈਡਰਲ ਢਾਂਚੇ ’ਤੇ ਪਹਿਰਾ ਦੇਣਾ ਪਵੇਗਾ। ਅਸਾਮ, ਤਾਮਿਲਨਾਡੂ, ਝਾਰਖੰਡ, ਬੰਗਾਲ ਤੇ ਹੋਰ ਪ੍ਰਾਂਤਾਂ ਨਾਲ ਗੱਠਜੋੜ ਕਰਕੇ ਪੂਰੇ ਭਾਰਤ ਵਿਚ ਸਟੇਟਾਂ ਲਈ ਫੈਡਰਲ ਢਾਂਚੇ ਦੀ ਲਹਿਰ ਸਿਰਜਣੀ ਪਵੇਗੀ ਤਾਂ ਜੋ ਸਟੇਟਾਂ ਕੇਂਦਰ ਦੀ ਬਸਤੀ ਨਾ ਬਣ ਸਕਣ। ਇਹ ਝੂਠ ਬੋਲਿਆ ਜਾ ਰਿਹਾ ਹੈ ਕਿ ਨਸ਼ੇ ਅਫ਼ਗਾਨਿਸਤਾਨ ਤੋਂ ਪਾਕਿਸਤਾਨ ਵੱਲੋਂ ਦੀ ਹੋ ਕੇ ਆਉਂਦੇ ਹਨ। ਜੇਕਰ ਅਜਿਹਾ ਹੈ ਤਾਂ ਅਫਗਾਨਿਸਤਾਨ ਤੇ ਪਾਕਿਸਤਾਨ ਵਿਚ ਪੰਜਾਬ ਵਰਗੀ ਹਾਲਤ ਕਿਉਂ ਨਹੀਂ ਤੇ ਭਾਰਤ ਦੀਆਂ ਬਾਕੀ ਸਟੇਟਾਂ ਤੇ ਪੰਜਾਬ ਦੇ ਗੁਆਂਢੀ ਰਾਜਾਂ ਵਿਚ ਪੰਜਾਬ ਵਾਂਗ ਨਸ਼ੇ ਕਿਉਂ ਨਹੀਂ? ਜੇਕਰ ਪਾਕਿਸਤਾਨ ਤੋਂ ਨਸ਼ੇ ਆ ਰਹੇ ਹਨ ਤਾਂ ਮੋਦੀ ਸਰਕਾਰ ਕੀ ਕਰ ਰਹੀ ਹੈ, ਬੀਐਸਐਫ ਕੀ ਕਰ ਰਹੀ ਹੈ ਤੇ ਖੁਫੀਆ ਏਜੰਸੀਆਂ ਕੀ ਕਰ ਰਹੀਆਂ ਹਨ?



# ਪੰਜਾਬ ਦੇ ਨਸ਼ਾ ਸੈਂਟਰਾਂ ’ਚ ‘ਜੀਭ ਥੱਲੇ ਰੱਖਣ ਵਾਲੀ ਗੋਲੀ’ ਦੀ ਮੰਗ ਅਸਮਾਨੀ ਚੜ੍ਹੀ

**ਬਠਿੰਡਾ/ਬਿਊਰੋ ਨਿਊਜ਼ :** ਪੰਜਾਬ ਵਿਚ ‘ਚਿੱਟੇ’ ਦੇ ਭੰਨੇ ਨਸ਼ੇੜੀ ਹੁਣ ‘ਸਰਕਾਰੀ ਗੋਲੀ’ ‘ਤੇ ਗਿੱਝ ਗਏ ਹਨ ਤਾਂ ਹੀ ਇਕਦਮ ‘ਬਿਪਰੋਨੌਰਫਿਨ’ ਗੋਲੀ ਦੀ ਮੰਗ ਅਸਮਾਨੀ ਜਾ ਚੜ੍ਹੀ ਹੈ। ਗੱਠਜੋੜ ਸਰਕਾਰ ਸਮੇਂ ਨਸ਼ੇੜੀ ‘ਟਰੈਮਾਡੋਲ’ ਦੀ ਚਾਟ ‘ਤੇ ਲੱਗੇ ਸਨ। ਸਿਹਤ ਮਹਿਕਮੇ ਨੇ ਹੁਣ ਡਰੱਗ ਸਟੋਰਾਂ ‘ਚ ‘ਬਿਪਰੋਨੌਰਫਿਨ’ ਦੀ ਖੇਪ ਭੇਜ ਦਿੱਤੀ ਹੈ। ਆਮ ਬੋਲਚਾਲ ਦੀ ਭਾਸ਼ਾ ‘ਚ ਬਿਪਰੋਨੌਰਫਿਨ ਨੂੰ ‘ਜੀਭ ਥੱਲੇ ਰੱਖਣ ਵਾਲੀ ਗੋਲੀ’ ਆਖਦੇ ਹਨ, ਜਿਸ ਦੀ ਸਿਰਫ਼ ਸਰਕਾਰੀ ਸਪਲਾਈ ਹੈ।

ਸਿਹਤ ਵਿਭਾਗ ਦੇ ‘ਓਟ ਸੈਂਟਰਾਂ’ ‘ਚ ਇਹ ਸਰਕਾਰੀ ਗੋਲੀ ਮੁਫ਼ਤ ਖੁਆਈ ਜਾਂਦੀ ਹੈ। ਇਨ੍ਹਾਂ ਸੈਂਟਰਾਂ ਵਿਚ ਮੁਲਾਜ਼ਮ ਖ਼ੁਦ ਨਸ਼ੇੜੀਆਂ ਦੀ ਜੀਭ ਹੇਠਾਂ ਇਸ ਗੋਲੀ ਨੂੰ ਰੱਖਦੇ ਹਨ। ਮਾਝੇ ਵਿਚ ਹੁਣ ਟਰੈਮਾਡੋਲ ਤੇ ਬਿਪਰੋਨੌਰਫਿਨ ਦੀ ਮੰਗ ਕਾਫ਼ੀ ਵਧ ਗਈ ਹੈ। ਨਸ਼ਾ ਛੁਡਾਊ ਕੇਂਦਰ ਬਠਿੰਡਾ ਦੇ ਡਾ. ਅਰੁਣ ਬਾਂਸਲ ਦਾ ਕਹਿਣਾ ਸੀ ਕਿ ਬਠਿੰਡਾ ਦੇ ਓਟ ਸੈਂਟਰ ‘ਚ ਬਿਪਰੋਨੌਰਫਿਨ ਦੀਆਂ 300 ਗੋਲੀਆਂ ਦੀ ਰੋਜ਼ਾਨਾ ਦੀ ਲਾਗਤ ਹੈ ਜੋ ਨਸ਼ੇੜੀਆਂ ਦੀ ਤੋੜ ਭੰਨਦੀ ਹੈ। ਉਨ੍ਹਾਂ ਦੱਸਿਆ ਕਿ ਇਹ ਗੋਲੀ ਨਸ਼ੇੜੀ ਨੂੰ ਘਰ ਲਿਜਾਣ ਵਾਸਤੇ ਨਹੀਂ ਦਿੱਤੀ ਜਾਂਦੀ ਬਲਕਿ ਖ਼ੁਦ ਸਿਹਤ ਮੁਲਾਜ਼ਮ ਆਪਣੀ ਹਾਜ਼ਰੀ ਵਿੱਚ ਨਸ਼ੇੜੀ ਨੂੰ ਦਿੰਦੇ ਹਨ। ਬਠਿੰਡਾ ਜ਼ਿਲ੍ਹੇ ਦੇ ਓਟ ਸੈਂਟਰਾਂ ‘ਚ ਹੁਣ ਤੱਕ 196 ਨਸ਼ੇੜੀ ਰਜਿਸਟਰਡ ਹੋਏ ਹਨ। ਪੰਜਾਬ ‘ਚੋਂ ਸਭ ਤੋਂ ਉੱਪਰ ਤਰਨ ਤਾਰਨ ਤੇ ਅੰਮ੍ਰਿਤਸਰ ਜ਼ਿਲ੍ਹਾ ਹੈ, ਜਿੱਥੇ ਇਨ੍ਹਾਂ ਗੋਲੀਆਂ ਦੀ ਲਾਗਤ ਸਭ ਤੋਂ ਵੱਧ ਹੈ। ਕੈਪਟਨ ਹਕੂਮਤ ਵੱਲੋਂ ਨਸ਼ਿਆਂ ਖ਼ਿਲਾਫ਼ ਕੀਤੀ ਸਖ਼ਤੀ ਮਗਰੋਂ ਇਸ ਸਰਕਾਰੀ ਗੋਲੀ ਦੀ ਮੰਗ ਵਧੀ ਹੈ। ਸੂਤਰਾਂ ਅਨੁਸਾਰ ਤਰਨ ਤਾਰਨ ਜ਼ਿਲ੍ਹੇ ਦੇ ਓਟ ਸੈਂਟਰਾਂ ਵਿਚ ਰੋਜ਼ਾਨਾ 2500 ਅਤੇ ਅੰਮ੍ਰਿਤਸਰ ‘ਚ ਰੋਜ਼ਾਨਾ 2000 ਗੋਲੀ (ਬਿਪਰੋਨੌਰਫਿਨ) ਦੀ ਲਾਗਤ ਹੈ। ਅੰਮ੍ਰਿਤਸਰ (ਵੇਰਕਾ) ਦੇ ਡਰੱਗ ਵੇਅਰਹਾਊਸ ਨੂੰ ਐਮਰਜੈਂਸੀ ਤੌਰ ‘ਤੇ ਟਰੈਮਾਡੋਲ ਦੀ ਇੱਕ ਲੱਖ ਗੋਲੀ ਬਠਿੰਡਾ ਦੇ ਵੇਅਰਹਾਊਸ ਤੋਂ ਭੇਜੀ ਗਈ ਹੈ। ਸਿਹਤ ਵਿਭਾਗ ਨੇ ਅੰਮ੍ਰਿਤਸਰ ਦੇ ਡਰੱਗ ਵੇਅਰਹਾਊਸ ਨੂੰ ਚਾਰ ਦਿਨ ਪਹਿਲਾਂ ਹੀ ਢਾਈ ਲੱਖ ਬਿਪਰੋਨੌਰਫਿਨ ਗੋਲੀ ਭੇਜੀ ਹੈ, ਜਿਸ ਦੇ ਨਮੂਨੇ ਜਾਂਚ ਲਈ ਭੇਜੇ ਗਏ ਹਨ। ਇਸ ਤੋਂ ਪਹਿਲਾਂ ਇਹ ਗੋਲੀਆਂ ਪੰਜ ਮਹੀਨੇ ਪਹਿਲਾਂ ਦਿੱਤੀਆਂ ਗਈਆਂ ਸਨ। ਮਾਝੇ-ਦੁਆਬੇ ਦੇ ਕਰੀਬ ਅੱਠ ਜ਼ਿਲ੍ਹਿਆਂ ਨੂੰ ਇਸ ਡਰੱਗ ਵੇਅਰਹਾਊਸ ਤੋਂ ਸਪਲਾਈ ਹੁੰਦੀ ਹੈ। ਸਰਕਾਰੀ ਸੂਤਰ ਦੱਸਦੇ ਹਨ ਕਿ ਮਾਝੇ ਵਿੱਚ ਬਿਪਰੋਨੌਰਫਿਨ ਤੇ ਟਰੈਮਾਡੋਲ ਦੀ ਮੰਗ ਪੂਰੀ ਕਰਨੀ ਮੁਸ਼ਕਲ ਬਣ ਗਈ ਹੈ। ਸੂਤਰਾਂ ਅਨੁਸਾਰ ਖਰੜ ਦੇ ਡਰੱਗ ਵੇਅਰਹਾਊਸ ਨੂੰ ਵੀ ਬਿਪਰੋਨੌਰਫਿਨ ਦੀਆਂ ਇੱਕ ਲੱਖ ਤੋਂ ਜ਼ਿਆਦਾ ਗੋਲੀਆਂ ਦੀ ਸਪਲਾਈ ਦਿੱਤੀ ਗਈ ਹੈ। ਬਠਿੰਡਾ ਦੇ ਡਰੱਗ ਵੇਅਰਹਾਊਸ ‘ਚ 4 ਜੁਲਾਈ ਨੂੰ 1.20 ਲੱਖ ਬਿਪਰੋਨੌਰਫਿਨ ਗੋਲੀ ਪੁੱਜ ਗਈ ਹੈ, ਜਿਸ ਦੀ ਮੰਗ ਹੱਥੋਂ ਹੱਥੀਂ ਆ ਰਹੀ ਹੈ। ਹਾਲਾਂਕਿ ਪਿਛਲੇ ਮਹੀਨੇ ਹੀ ਇਸ ਡਰੱਗ ਵੇਅਰਹਾਊਸ ਨੂੰ 1.20 ਲੱਖ ਬਿਪਰੋਨੌਰਫਿਨ ਗੋਲੀ ਮਿਲੀ ਸੀ, ਜੋ ਖ਼ਤਮ ਹੋਣ ਕਿਨਾਰੇ ਹੈ। ਸੂਤਰ ਦੱਸਦੇ ਹਨ ਕਿ ਹਰ ਜ਼ਿਲ੍ਹੇ ਵੱਲੋਂ ਹੁਣ ਬਿਪਰੋਨੌਰਫਿਕ ਦੀ 25 ਤੋਂ 30 ਹਜ਼ਾਰ ਗੋਲੀ ਦੀ ਮੰਗ ਕੀਤੀ ਗਈ ਹੈ ਪਰ ਕਿਸੇ ਵੀ ਜ਼ਿਲ੍ਹੇ ਨੂੰ 10 ਹਜ਼ਾਰ ਗੋਲੀ ਤੋਂ ਵੱਧ ਨਹੀਂ ਦਿੱਤੀ ਜਾ ਰਹੀ। ਦੱਸਣਯੋਗ ਹੈ ਕਿ ਸਰਕਾਰ ਵੱਲੋਂ ਜ਼ਿਲ੍ਹਾ ਪੱਧਰ ‘ਤੇ ਸਬ ਡਿਵੀਜ਼ਨ ਪੱਧਰ ‘ਤੇ ‘ਓਟ ਸੈਂਟਰ’ ਖੋਲ੍ਹੇ ਜਾ ਰਹੇ ਹਨ, ਜਿੱਥੇ ਮਰੀਜ਼ਾਂ ਨੂੰ ਰੋਜ਼ਾਨਾ ਸਟਾਫ਼ ਦੀ ਹਾਜ਼ਰੀ ਵਿੱਚ ਨਸ਼ਾ ਛੱਡਣ ਵਾਸਤੇ ਦਵਾਈ ਦਿੱਤੀ ਜਾਂਦੀ ਹੈ। ਸੂਤਰ ਦੱਸਦੇ ਹਨ ਕਿ ਬਹੁਤੇ ਨਸ਼ੇੜੀ ਹੁਣ ਇਸ ਗੋਲੀ ‘ਤੇ ਲੱਗ ਗਏ ਹਨ। ਪਤਾ ਲੱਗਾ ਹੈ ਕਿ ਸਿਹਤ ਵਿਭਾਗ ਵੱਲੋਂ ਹੁਣ ਵੱਡੀ ਮਾਤਰਾ ਵਿਚ ਬਿਪਰੋਨੌਰਫਿਨ ਦੀ ਖ਼ਰੀਦ ਕੀਤੀ ਜਾ ਰਹੀ ਹੈ।



ਬਠਿੰਡਾ ਦੇ ਡਰੱਗ ਵੇਅਰਹਾਊਸ ਦੀ ਤਸਵੀਰ।

ਪੰਜਾਬ ਹੈਲਥ ਸਿਸਟਮ ਕਾਰਪੋਰੇਸ਼ਨ ਦੀ ਸਹਾਇਕ ਡਾਇਰੈਕਟਰ (ਖ਼ਰੀਦ) ਡਾ. ਜਸਕਿਰਨ ਕੌਰ ਦਾ ਕਹਿਣਾ ਸੀ ਕਿ ਹੁਣ ‘ਓਟ ਸੈਂਟਰਾਂ’ ਵਿੱਚ ਮਰੀਜ਼ਾਂ ਦੀ ਗਿਣਤੀ ਵਧੀ ਹੈ, ਜਿਸ ਕਰਕੇ ਦਵਾਈ ਦੀ ਮੰਗ ਦੇ ਹਿਸਾਬ ਨਾਲ ਰੈਗੂਲਰ ਸਪਲਾਈ ਦਿੱਤੀ ਜਾ ਰਹੀ ਹੈ। ਉਨ੍ਹਾਂ ਦੱਸਿਆ ਕਿ ਟਰੈਮਾਡੋਲ ਦੀ ਸਪਲਾਈ ਵੀ ਦਿੱਤੀ ਜਾ ਰਹੀ ਹੈ। ਕਿਸੇ ਦਵਾਈ ਦੀ ਜੋ ਮੰਗ ਆਉਂਦੀ ਹੈ, ਉਸ ਦੇ ਹਿਸਾਬ ਨਾਲ ਸਪਲਾਈ ਦੇ ਦਿੱਤੀ ਜਾਂਦੀ ਹੈ।

# ਆਰੀਆ ਲੋਕਾਂ ਨੇ ਮੂਲਨਿਵਾਸੀਆਂ ਨੂੰ ਕਿਵੇਂ ਗੁਲਾਮ ਬਣਾ ਕੇ ਜ਼ੁਲਮ ਕੀਤੇ

**ਡਾ. ਰਾਏ ਜਸਬੀਰ ਸਿੰਘ**
(ਲੇਖਕ ਪੰਜਾਬੀ ਯੂਨੀਵਰਸਿਟੀ ਪਟਿਆਲਾ ਦਾ ਇਤਿਹਾਸਕਾਰ ਹੈ।)

ਰਿਗ ਵੇਦ ਭਾਰਤੀ ਸਾਹਿਤ ਦਾ ਪਹਿਲਾ ਗਰੰਥ ਹੈ। ਇਸ ਦੇ 10 ਮੰਡਲ ਹੈ। ਇਨ੍ਹਾਂ ਵਿਚੋਂ 2-7 ਤੱਕ ਪ੍ਰਾਚੀਨ ਹਨ। ਇਨ੍ਹਾਂ ਦਾ ਲਿਖਣ ਸਮਾਂ ਤਕਰੀਬਨ 1500 ਬੀ. ਸੀ. ਹੈ। ਇਸ ਰਚਨਾ ਦੇ ਮੰਡਲ ਸੂਕਤਾਂ ਵਿਚ ਵੰਡੇ ਹੋਏ ਹਨ। ਇਹ ਰਿਚਾਵਾਂ ਹਨ ਜੋ ਵੱਖ-ਵੱਖ ਰਿਸ਼ੀਆਂ ਨੇ ਵੱਖ-ਵੱਖ ਦੇਵਤਿਆਂ ਦੀ ਉਸਤਤ ਵਿਚ ਉਚਾਰੀਆਂ। ਜ਼ਿਆਦਾਤਰ ਇਨ੍ਹਾਂ ਵਿਚ ਇੰਦਰ, ਅਗਨੀ, ਬ੍ਰਹਸਪਤੀ, ਮਿੱਤਰ ਵਰੁਣ, ਵਿਸ਼ਣੂ ਦੇਵਤੇ ਹਨ। ਇੰਦਰ ਪ੍ਰਮੁੱਖ ਹੈ, ਇਸ ਨਾਲ ਜ਼ਿਆਦਾ ਸੂਕਤ ਸੰਬੰਧਿਤ ਹਨ। ਵਧੇਰੇ ਕਰਕੇ ਦੂਜਾ ਮੰਡਲ ਗਤਸਮਦ, ਤੀਜਾ ਵਿਸ਼ਵਾਮਿਤਰ, ਚੌਥਾ ਵਾਮਦੇਵ, ਪੰਜਵਾਂ ਅਤਰੀ, ਛੇਵਾਂ ਭਾਰਦਵਾਜ ਅਤੇ ਸੱਤਵਾਂ ਵਿਸ਼ਿਸ਼ਟ ਰਿਸ਼ੀ ਨੇ ਰਚਿਆ। ਅੰਦਰੂਨੀ ਗਵਾਹੀਆਂ ਤੋਂ ਪਤਾ ਲੱਗਦਾ ਹੈ ਕਿ ਇਸ ਰਚਨਾ ਦਾ ਇਹ ਭਾਗ ਜ਼ਿਆਦਾਤਰ ਪੰਜਾਬ ਵਿਚ ਰਚਿਆ ਗਿਆ ਅਤੇ ਇਸ ਵਿਚੋਂ ਮਲੂਮ ਹੁੰਦਾ ਹੈ ਕਿ ਆਰੀਆ ਲੋਕਾਂ ਨੇ ਮੂਲਨਿਵਾਸੀਆਂ, ਦਸਯੂ, ਰਾਕਸ਼, ਅਸੁਰ ਲੋਕਾਂ ਦਾ ਘਾਣ ਕਿਵੇਂ ਕੀਤਾ ਤੇ ਉਨ੍ਹਾਂ ਨੂੰ ਗੁਲਾਮ ਕਿਵੇਂ ਬਣਾਇਆ।

ਇਹ ਪਤਾ ਲੱਗਦਾ ਹੈ ਕਿ ਆਰੀਆ ਪੰਜਾਬ ਵਿਚ ਆਏ ਅਤੇ ਫਿਰ ਏਥੋਂ ਮੱਧ ਭਾਰਤ ਦੇ ਇਲਾਕਿਆਂ ਵਿਚ ਜਾ ਕੇ ਵਸੇ। ਪੰਜਾਬ ਦੇ ਸੱਤ ਦਰਿਆਵਾਂ ਦਾ ਉਲੇਖ ਇਨ੍ਹਾਂ ਵਿਚ ਮਿਲਦਾ ਹੈ। ਸਰਯੂ (ਯੂ. ਪੀ.) ਦਰਿਆ ਤੇ ਵਿੰਧਿਆ ਪਰਬਤ ਦੇ ਹਵਾਲੇ ਵੀ ਪ੍ਰਾਪਤ ਹਨ।

ਇਹ ਮੰਗ ਕੀਤੀ ਗਈ ਹੈ ਕਿ ਦੇਵਤਾ ਅਗਨੀ ਸ਼ਤਰੂ ਦੇ ਪੱਖ ਲੈ ਕੇ ਸਾਨੂੰ ਨਾ ਹਰਾਵੇ। ਇਹ ਵੀ ਆਖਿਆ ਗਿਆ ਹੈ ਕਿ ਰੁਦਰ ਦਾ ਕਰੋਧ ਸਾਡੇ ਉਪਰ ਨਾ ਡਿੱਗੇ ਅਤੇ ਉਸ ਦੇ ਸ਼ਸਤਰ ਅਸਤਰ ਸਾਡੇ ਤੋਂ ਪਾਸੇ ਰਹਿਣ। ਇਸ ਤੋਂ ਪਤਾ ਲੱਗਦਾ ਹੈ ਕਿ ਰੁਦਰ ਅਗਨੀ ਪਹਿਲਾਂ ਮੂਲਨਿਵਾਸੀਆਂ ਦਾ ਆਗੂ ਸੀ। ਪਰ ਆਪਣੀ ਜਾਨ ਬਚਾਉਣ ਲਈ ਆਰੀਅਨ ਨਾਲ ਰਲ ਗਿਆ। ਇਸ ਤੋਂ ਇਹ ਪਤਾ ਲੱਗਦਾ ਹੈ ਕਿ ਆਰੀਆ ਅਤੇ ਉਨ੍ਹਾਂ ਦੇ ਸ਼ਤਰੂ ਮੂਲਨਿਵਾਸੀ ਦੋ ਵੱਖਰੀਆਂ ਕੌਮਾਂ ਸਨ।

ਆਰੀਆ ਲੋਕਾਂ ਦੇ ਜਰਨੈਲਾਂ ਦੇਵਤਿਆਂ ਵਲੋਂ ਮੂਲਨਿਵਾਸੀਆਂ ਦੇ ਸ਼ਹਿਰਾਂ ਨੂੰ ਤਬਾਹ ਕਰਨ ਦੇ ਬਹੁਤ ਹਵਾਲੇ ਮਿਲਦੇ ਹਨ। ਗਊਆਂ ਤੇ ਹੋਰ ਧਨ ਵੀ ਲੁੱਟ ਲਿਆ ਜਾਂਦਾ ਸੀ।



1. ਇੰਦਰ ਨੇ ਸ਼ੰਬਰ ਦੇ ਪੱਥਰ ਦੇ ਨਗਰ ਤਬਾਹ ਕੀਤੇ (214.5-6)
2. ਇੰਦਰ ਨੇ ਸ਼ੰਬਰ ਦੇ 99 ਨਗਰ ਤੋੜੇ (2.196)
3. ਅਸ਼ਨ ਦੇ ਨਗਰਾਂ ਦਾ ਇੰਦਰ ਨੇ ਨਾਸ਼ ਕੀਤਾ (2.205)
4. ਅਸੁਰਾਂ ਨੇ 90 ਨਗਰਾਂ ਨੂੰ ਇਕੋ ਵਾਰ ਕੰਬਾ ਦਿੱਤਾ (3.126)
5. ਸੁਸ਼ਣ ਦੇ ਨਗਰ ਤਬਾਹ ਕੀਤੇ ਅਤੇ ਧਨ ਲੁੱਟਿਆ (4.2013)
6. ਸਰਦਾਸੁਰ ਦੀਆਂ 7 ਪੁਰੀਆ ਤਬਾਹ ਕੀਤੀਆਂ (6.2010)

ਇਉਂ, ਆਰੀਆ ਦੇ ਹੱਥੋਂ ਸਿੰਧੂ ਘਾਟੀ ਸੱਭਿਅਤਾ ਦਾ ਨਾਸ਼ ਹੋਇਆ। ਇਹ ਪਤਾ ਲੱਗਦਾ ਹੈ ਕਿ ਇਸ ਸੱਭਿਅਤਾ ਦੇ ਨਸ਼ਟ ਹੋਣ ਦੇ ਕਾਰਨਾਂ ਵਿਚ ਆਰੀਆ ਲੋਕਾਂ ਦਾ ਹਮਲਾ ਵੀ ਸੀ।

ਆਰੀਆ ਨੇ ਮੂਲਨਿਵਾਸੀਆਂ ਨੂੰ ਛਲ- ਕਪਟ ਦੇ ਨਾਲ ਹੀ ਜਿੱਤਿਆ ਜਾਪਦਾ ਹੈ। ਇੰਦਰ ਨੇ ਛੁਪੇ ਹੋਏ ਸ਼ੰਬਰ ਦੇ ਸੁੱਤੇ ਹੋਏ ਅਹਿ ਨੂੰ ਮਾਰਿਆ। ਉਸ ਨੇ ਮੂਰਤਾਂ ਦੀ ਸਹਾਇਤਾ ਨਾਲ ਵਿਰਤਾਸੁਰ ਦਾ ਭੇਦ ਜਾਣ ਲਿਆ ਅਤੇ ਉਸ ਇੰਦਰ ਨੇ ਆਪਣੀ ਭੇਦ ਨੀਤੀ ਰਾਹੀਂ ਮਾਰਿਆ। ਪਤਾ ਲੱਗਦਾ ਹੈ ਕਿ ਮੂਲਨਿਵਾਸੀ ਲੋਕ ਵੀ ਸ਼ਕਤੀਸ਼ਾਲੀ ਸਨ। ਆਰੀਆ ਨੂੰ ਇਨ੍ਹਾਂ ਲੋਕਾਂ ਨੂੰ ਹਰਾਉਣ, ਲੁੱਟਣ ਤੇ ਤਬਾਹ ਕਰਨ ਲਈ ਧੋਖੇ ਦੀ ਨੀਤੀ ਵਰਤਣ ਦੀ ਲੋੜ ਪਈ ਸੀ। ਆਰੀਆ ਲੋਕਾਂ ਨੇ ਮੂਲਨਿਵਾਸੀਆਂ ਦੀ ਧਨ ਖਾਸ ਕਰਕੇ ਗਊਆਂ ਦੀ ਲੁੱਟ ਕੀਤੀ।

ਇੰਦਰ ਨੇ ਰਾਕਸ਼ਾਂ ਤੋਂ ਗਊਆਂ ਛੁਡਾਈਆਂ। ਸ਼ਤਰੂਆਂ ਦੇ ਨਗਰਾਂ ਨੂੰ ਧਨ ਸਹਿਤ ਜਿੱਤ ਲਿਆ। ਵਿਸ਼ਵਾਮਿੱਤਰ ਰਿਸ਼ੀ ਨੇ ਇੰਦਰ ਦੇਵਤੇ ਤੋਂ ਮੰਗ ਕੀਤੀ ਕਿ ਉਹ ਕੀਕਟ ਮੂਲਨਿਵਾਸੀਆਂ ਦੀਆਂ ਗਊਆਂ ਖੋਹ ਲੈਣ। ਸੁਸ਼ਣ ਦੇ ਨਗਰ ਤਬਾਹ ਕੀਤੇ ਗਏ ਅਤੇ ਧਨ ਲੁੱਟਿਆ ਗਿਆ। ਨਮੂਚੀ ਦੀ ਇਸਤਰੀ ਸੈਨਾ ਉਪਰ ਹਮਲਾ ਕੀਤਾ ਗਿਆ ਅਤੇ ਉਸ ਦੀਆਂ ਗਊਆਂ ਖੋਹ ਲਈਆਂ ਗਈਆਂ। ਇੰਦਰ ਨੇ ਸੁਸ਼ਣ ਦੀ ਮਾਇਆ ਖਤਮ ਕਰਕੇ ਉਸ ਦਾ ਸਾਰਾ ਧਨ ਖੋਹ ਲਿਆ। ਰਾਜਾ ਚਾਯਮਾਨ ਦੇ ਪੁੱਤਰ ਅਭਯਵਤੀ ਨੂੰ ਧਨ ਦੁਆਉਣ ਲਈ ਵਰਸ਼ਿਖ ਦੇ ਪੁੱਤਰਾਂ ਦਾ ਸੰਘਾਰ ਕੀਤਾ ਗਿਆ। ਸੰਬਰ ਦੇ ਨਗਰ ਤਬਾਹ ਕਰਕੇ ਸੋਮ ਦੇਣ ਵਾਲੇ ਰਾਜਾ ਦਿਵੋਦਾਸ ਤੇ ਸਤੁਤੀ ਕਰਨ ਵਾਲੇ ਭਾਰਦਵਾਜ ਨੂੰ ਧਨ ਦਿੱਤਾ ਗਿਆ। ਇਉਂ ਆਰੀਆ ਰਾਹੀਂ ਮੂਲਨਿਵਾਸੀਆਂ ਦੀ ਕੀਤੀ ਗਈ ਲੁੱਟ ਖਸੁੱਟ ਦਾ ਪਤਾ ਲੱਗਦਾ ਹੈ।

**ਮੂਲਨਿਵਾਸੀਆਂ ਦੀ ਨਸਲਕੁਸ਼ੀ :** ਆਰੀਆ ਲੋਕਾਂ ਨੇ ਹਜ਼ਾਰਾਂ ਦੀ ਗਿਣਤੀ ਵਿਚ ਮੂਲਨਿਵਾਸੀਆਂ ਦੀਆਂ ਹੱਤਿਆ ਕੀਤੀ। ਕੁਝ ਵਿਸ਼ੇਸ਼ ਅਨਾਰੀਆ ਨੇਤਾਵਾਂ ਦੇ ਨਾਂ ਦਿੱਤੇ ਗਏ ਹਨ, ਜਿਨ੍ਹਾਂ ਨੂੰ ਮਾਰਿਆ ਗਿਆ ਜਿਵੇਂ ਵਿਰਭ, (2.11.9-10) ਅਰਬੁਦ (2.11.20), ਸ਼ੰਬਰ ਤੇ ਅਹਿ (2.12.11), ਉਸ਼ਣ (2.14.47), ਸੁਸ਼ਣ, ਪਿਥਰ, ਨਮੂਚਿ, ਸਧਿਕਤਾ (2.14.506) ਚੁੰਦਰ ਤੇ ਧੁਨਿ (2.15.97), ਬਾਲ (4.50.5) ਆਦਿ। ਇਨ੍ਹਾਂ ਤੋਂ ਇਲਾਵਾ ਹਜ਼ਾਰਾਂ ਦੀ ਗਿਣਤੀ ਵਿਚ ਆਮ ਸੈਨਾਵਾਂ ਦਾ ਸੰਘਾਰ ਕੀਤਾ ਗਿਆ। ਬਰਚੀ ਦੇ ਇਕ ਲੱਖ ਅਨੁਆਈ ਮਾਰੇ (2.14.5-6)। 50 ਹਜ਼ਾਰ ਕਾਲੇ ਰੰਗ ਦੇ ਦੈਤਾਂ ਦਾ ਨਾਸ਼ ਕੀਤਾ ਗਿਆ। (4.16.13)। ਵ੍ਰਚੀ ਦੇ 500 ਹਜ਼ਾਰ ਦਾਸ ਮਾਰਨ ਦਾ ਉਲੇਖ ਚੌਥੇ ਮੰਡਲ ਵਿਚ ਹੈ (4.30.5)। ਸਰਯੂ ਨਦੀ ਪਾਰ ਦੇ ਰਾਜੇ ਮਾਰਨ ਤੇ ਚਿਤਰਰਥ ਵੀ ਮਾਰ ਦਿੱਤੇ ਗਏ (4.30.18) ਦਸੂਆਂ ਦੀ 300 ਹਜ਼ਾਰ ਸੈਨਾ ਮਾਰਨ ਦਾ ਜ਼ਿਕਰ ਵੀ ਮਿਲਦਾ ਹੈ (4.30.12)। ਇੰਦਰ ਨੇ ਸੰਭਰ ਦੀਆਂ ਸੌ ਸੌ ਹਜ਼ਾਰ ਸੈਨਾਵਾਂ ਨੂੰ ਚੀਰ ਸੁੱਟਿਆ (6.20.5) ਆਦਿ। ਇਉਂ, ਬਹੁਤ ਸਾਰੇ ਮੂਲਨਿਵਾਸੀ ਲੋਕਾਂ ਦੇ ਮਾਰੇ ਜਾਣ ਦਾ ਉਲੇਖ ਮਿਲਦਾ ਹੈ। ਇਹ ਆਰੀਆ ਲੋਕਾਂ ਦਾ ਆਪਣਾ ਇਕਬਾਲ ਹੈ, ਇਸ ਲਈ ਬਹੁਤ ਸਾਰੇ ਮੂਲਨਿਵਾਸੀ ਲੋਕਾਂ ਦੀ ਤਬਾਹੀ ਹੋਈ ਮੰਨੀ ਜਾ ਸਕਦੀ ਹੈ। ਇਥੋਂ ਤੱਕ ਕਿ ਮੂਲਨਿਵਾਸੀ ਔਰਤਾਂ ਨੂੰ ਵੀ ਨਹੀਂ ਬਖਸ਼ਿਆ ਗਿਆ। ਇੰਦਰ ਨੇ ਸੋਮ ਦੇ ਨਸ਼ੇ ਵਿਚ ਊਸ਼ਾ ਦਾ ਰੱਥ ਤੋੜ ਦਿੱਤਾ। ਇਹ ਬਿਆਸ ਨਦੀ ਦੇ ਕੰਢੇ ਜਾ ਡਿੱਗਾ। ਕੁਤਸ਼ ਰਾਕਸ਼ੀ ਦਾ ਸੰਘਾਰ ਕੀਤਾ ਗਿਆ। ਦੱਸਿਆ ਗਿਆ ਹੈ ਕਿ ਇਹ ਇੰਦਰ ਨੂੰ ਮਾਰ ਦੇਣਾ ਚਾਹੁੰਦੀ ਸੀ ਅਤੇ ਇੰਦਰ ਨੇ ਬਚਪਨ ਵਿਚ ਹੀ ਇਸ ਦਾ ਸੰਘਾਰ ਕਰ ਦਿੱਤਾ। ਕਮੂਚੀ ਦੀ ਇਸਤਰੀ ਫ਼ੌਜ ਉਪਰ ਵੀ ਹਮਲਾ ਕਰ ਦਿੱਤਾ ਗਿਆ ਅਤੇ ਦੋ ਔਰਤਾਂ ਨੂੰ ਬੰਦੀ ਬਣਾ ਲਿਆ ਗਿਆ। ਸੁਸ਼ਣ ਦੀ ਜਵਾਨ ਔਰਤ ਨੂੰ ਵੀ ਬੰਦੀ ਬਣਾ ਲਿਆ ਗਿਆ। ਇਹ ਪਤਾ ਲੱਗਦਾ ਹੈ ਕਿ ਮੂਲਨਿਵਾਸੀ ਔਰਤਾਂ ਵੀ ਲੜਾਈ ਵਿਚ ਭਾਗ ਲੈਂਦੀਆਂ ਰਹੀਆਂ ਹਨ ਅਤੇ ਇਨ੍ਹਾਂ ਨੂੰ ਵੀ ਆਰੀਆ ਨੇਤਾਵਾਂ ਹੱਥੋਂ ਤਸੀਹੇ ਮਿਲਦੇ ਰਹੇ ਹਨ ਤੇ ਬਲਾਤਕਾਰ ਹੁੰਦੇ ਰਹੇ ਹਨ।

ਮੂਲਨਿਵਾਸੀਆਂ ਦੇ ਸੰਘਾਰ ਦੇ ਵਿਚਾਰਧਾਰਕ ਆਧਾਰ ਵੀ ਦੱਸੇ ਗਏ ਹਨ। ਇਕ ਤਾਂ ਇੰਦਰ ਨੇ ਸੋਮ ਪੀਣ ਦੀ ਇੱਛਾ ਦੀ ਪੂਰਤੀ ਲਈ ਅਜਿਹਾ ਕੀਤਾ ਜਿਵੇਂ ਸੰਬਰ ਦੀ ਹੱਤਿਆ ਦਿਵੋਦਾਸ ਤੇ ਸੋਮ ਪੀਣ ਵਾਸਤੇ ਕੀਤੀ ਗਈ। ਸੋਮ ਦੇ ਨਸ਼ੇ ਵਿਚ ਅਜਿਹਾ ਕੀਤਾ ਗਿਆ। ਵਿਰਤ ਦੀ ਹੱਤਿਆ ਨਸ਼ੇ ਵਿਚ ਕੀਤੀ ਗਈ ਸੀ। ਇਸ ਹਾਲਤ ਵਿਚ ਹੀ ਊਸ਼ਾ ਦਾ ਰਥ ਤੋੜ ਦਿੱਤਾ ਗਿਆ ਸੀ। ਰਾਕਸ਼ਾਂ ਦੇ ਨਗਰ ਵੀ ਸੋਮ ਦੇ ਨਸ਼ੇ ਵਿਚ ਇੰਦਰ ਨੇ ਤਬਾਹ ਕੀਤੇ।

ਵਾਮਦੇਵ ਇਹ ਮੰਗ ਕਰਦਾ ਹੈ ਕਿ ਜੋ ਦੁਸ਼ਟ, ਹੇ ਅਗਨੀ, ਤੇਰੀ ਉਸਤਤ ਨਹੀਂ ਕਰਦੇ ਉਨ੍ਹਾਂ ਦਾ ਸੰਘਾਰ ਕਰ ਦਿਉ। ਇਸ ਤੋਂ ਇਲਾਵਾ ਜੱਗਾਂ ਵਿਚ ਰੁਕਾਵਟ ਪਾਉਣ ਵਾਲੇ ਰਾਕਸ਼ਾਂ ਦਾ ਨਾਸ਼ ਕਰ ਦਿੱਤਾ ਗਿਆ। ਹਿੰਸਕ ਜੱਗ ਵਿਰੋਧੀ, ਇੰਦਰ ਵਿਰੋਧੀ ਪੁਰਖਾਂ ਦੀ ਵੀ ਸੁਦਾਸ ਵਾਸਤੇ ਇੰਦਰ ਨੇ ਹੱਤਿਆ ਕੀਤੀ। ਵਸ਼ਿਸ਼ਟ ਰਿਸ਼ੀ ਨਾਸਤਕਾਂ ਵਿਰੁੱਧ ਕਾਰਵਾਈ ਕਰਨ ਲਈ ਇੰਦਰ ਨੂੰ ਆਖਦਾ ਹੈ।

ਇਸ ਤੋਂ ਇਲਾਵਾ ਇੰਦਰ ਨੇ ਨਾਸਤਕ ਦੀ ਯੁੱਧ ਵਿਚ ਹੱਤਿਆ ਵੀ ਕੀਤੀ। ਬ੍ਰਾਹਮਣਾਂ ਦੇ ਵੈਰੀ, ਮਾਸਾਹਾਰੀ, ਕਟੂ ਭਾਖੀ, ਟੇਡੀ ਨਜ਼ਰ ਵਾਲੇ ਰਾਕਸ਼ਾਂ ਨਾਲ ਸਦੀਵੀਂ ਵੈਰ ਰੱਖਣ ਵਾਸਤੇ ਇੰਦਰ ਸੋਮ ਦੇਵਤਿਆਂ ਤੋਂ ਮੰਗ ਕੀਤੀ ਗਈ ਹੈ। ਇਸ ਤੋਂ ਪਤਾ ਲੱਗਦਾ ਹੈ ਕਿ ਆਰੀਆ ਲੋਕਾਂ ਵਿਚ ਵਿਚਾਰਧਾਰਕ ਤੇ ਫਿਰਕੂ ਕੱਟੜਤਾ ਵੀ ਸੀ ਅਤੇ ਇਸ ਕਰਕੇ ਵੀ ਮੂਲਨਿਵਾਸੀ ਦੀ ਤਬਾਹੀ ਕੀਤੀ ਗਈ।

ਇਹ ਆਖਿਆ ਜਾ ਸਕਦਾ ਹੈ ਕਿ ਆਰੀਆ ਲੋਕ ਬਾਹਰੋਂ ਆਏ ਅਤੇ ਇਹ ਰਿਗਵੇਦ ਦੀ ਸਿਰਜਣਾ ਦੇ ਮੁੱਢਲੇ ਸਮੇਂ ਵਿਚ ਪੰਜਾਬ ਵਿਚ ਆ ਵੱਸੇ ਅਤੇ ਫੇਰ ਉਹ ਮੱਧ ਭਾਰਤ ਵਿਚ ਫੈਲ ਗਏ। ਉਨ੍ਹਾਂ ਨੇ ਮੂਲਨਿਵਾਸੀਆਂ ਨੂੰ ਲੁੱਟਿਆ, ਮਾਰਿਆ ਅਤੇ ਉਨ੍ਹਾਂ ਦੇ ਸ਼ਹਿਰ ਤਬਾਹ ਕੀਤੇ। ਮੂਲਨਿਵਾਸੀ ਜੋ ਉਨ੍ਹਾਂ ਦੇ ਵਿਰੋਧੀ ਸਨ, ਨਾਸਤਕ, ਬ੍ਰਾਹਮਣਾਂ ਤੇ ਆਰੀਆ ਦੇਵਤਿਆਂ ਦੇ ਵੈਰੀ ਅਖਵਾਏ। ਦੋਹਾਂ ਕੌਮਾਂ ਵਿਚਲੇ ਸੰਘਰਸ਼ ਵਿਚ ਆਰੀਆ ਜੇਤੂ ਹੋ ਨਿਬੜੇ। ਕੁਝ ਮੂਲਨਿਵਾਸੀ ਮਾਰੇ ਗਏ ਅਤੇ ਕੁਝ ਦੱਖਣ ਭਾਰਤ ਵਲ ਧੱਕ ਦਿੱਤੇ ਗਏ।

# ਵਿਸ਼ਵੀਕਰਨ ਵੀ ਏ ਬਲਾਤਕਾਰਾਂ ਦਾ ਜ਼ਿੰਮੇਵਾਰ

**ਪ੍ਰੋ. ਬਲਵਿੰਦਰਪਾਲ ਸਿੰਘ,**
**ਮੋਬਾਇਲ : 98157-00916**

ਵਿਸ਼ਵੀਕਰਨ ਦੇ ਪਸਾਰ ਦੇ ਨਾਲ ਮਰਦ ਪ੍ਰਧਾਨ ਸਮਾਜ ਦੀਆਂ ਪੁਰਾਣੀ ਧਾਰਨਾਵਾਂ ਟੁੱਟਣੀਆਂ ਚਾਹੀਦੀਆਂ ਸਨ, ਪਰ ਦੁੱਖ ਦੀ ਗੱਲ ਇਹ ਹੈ ਕਿ ਦੱਖਣੀ ਏਸ਼ੀਆ ਖਾਸ ਕਰਕੇ ਭਾਰਤ 'ਚ ਵਿਸ਼ਵੀਕਰਨ ਗਲੀਆਂ ਸੜੀਆਂ ਮਰਿਆਦਾਵਾਂ ਦੀ ਜਕੜ ਨੂੰ ਤੋੜਨ 'ਚ ਅਸਫਲ ਰਿਹਾ।

ਵਿਸ਼ਵੀਕਰਨ ਦੇ ਦੌਰ ਦੌਰਾਨ ਭਾਰਤ 'ਚ ਮਰਦ ਪ੍ਰਧਾਨ ਸਮਾਜ ਦਾ ਬੋਲਬਾਲਾ ਹੈ। ਇੱਥੇ ਮਰਦ ਪ੍ਰਧਾਨ ਸਮਾਜ ਦੀਆਂ ਸਨਾਤਨੀ ਪਾਬੰਦੀਆਂ ਦੇ ਜਾਲ ਤੋਂ ਬਾਹਰ ਆਉਣ ਲਈ ਤੇ ਆਪਣੀ ਇੱਜ਼ਤ ਬਚਾਉਣ ਲਈ ਭਾਰਤੀ ਨਾਰੀ ਨੂੰ ਸੰਘਰਸ਼ ਕਰਨਾ ਪੈ ਰਿਹਾ ਹੈ। ਭਾਰਤ ਵਿੱਚ ਹੋ ਰਹੇ ਭਿਅੰਕਰ ਬਲਾਤਕਾਰਾਂ ਤੋਂ ਇੰਝ ਜਾਪਦਾ ਹੈ ਕਿ ਜਿਵੇਂ ਭਾਰਤ ਵਹਿਸ਼ੀ ਮਰਦਾਂ ਦਾ ਦੇਸ਼ ਹੈ। ਇੰਗਲੈਂਡ, ਅਮਰੀਕਾ, ਕੈਨੇਡਾ ਤੇ ਚੀਨ ਪਹਿਲਾਂ ਹੀ ਆਪਣੀਆਂ ਔਰਤ ਨਾਗਰਿਕਾਂ ਨੂੰ ਚੇਤਾਵਨੀ ਦੇ ਚੁੱਕੇ ਹਨ ਕਿ ਉਹ ਭਾਰਤ ਜਾਣ ਤੋਂ ਗੁਰੇਜ਼ ਕਰਨ। ਭਾਰਤ ਵਿੱਚ ਵਿਸ਼ਵੀਕਰਨ ਨੇ ਇਸਤਰੀ ਨੂੰ ਅਜ਼ਾਦੀ ਦੇਣ 'ਚ ਭੂਮਿਕਾ ਨਿਭਾਉਣ ਦੀ ਥਾਂ ਉਸ ਨੂੰ ਹੋਰ ਜ਼ਿਆਦਾ ਨਵੇਂ ਬੰਧਨਾਂ 'ਚ ਫਸਾ ਦਿੱਤਾ ਹੈ। ਵਿਸ਼ਵੀਕਰਨ ਦੇ ਯੁੱਗ 'ਚ ਭਾਰਤੀ ਇਸਤਰੀ ਹਰੇਕ ਤਰ੍ਹਾਂ ਦੇ ਸ਼ੋਸ਼ਣ ਦਾ ਸ਼ਿਕਾਰ ਹੋ ਰਹੀ ਹੈ। ਪਰੰਪਰਿਕ ਸਮੇਂ 'ਚ ਪਰਦੇ 'ਚ ਜਕੜੀ ਇਸਤਰੀ ਮਰਦ ਪ੍ਰਧਾਨ ਸਮਾਜ ਦੇ ਅਧੀਨ ਸੀ, ਪਰ ਵਿਸ਼ਵੀਕਰਨ ਨੇ ਉਸ ਨੂੰ ਪਦਾਰਥ ਦਾ ਰੂਪ ਦੇ ਕੇ ਆਪਣੀ ਜਕੜ 'ਚ ਲੈ ਕੇ ਉਸ ਦਾ ਸ਼ੋਸ਼ਣ ਕੀਤਾ। ਵਿਸ਼ਵੀਕਰਨ ਦੇ ਯੁੱਗ ਵਿੱਚ ਆਜ਼ਾਦੀ ਦੇ ਨਾਂ 'ਤੇ ਸਿਰਫ਼ ਦਿਖਾਵਾ ਹੋ ਰਿਹਾ ਹੈ। ਔਰਤ ਨੂੰ ਨੰਗੇਜ਼ ਵਲ ਧਕੇਲਿਆ ਜਾ ਰਿਹਾ ਹੈ ਤੇ ਉਸ ਨੂੰ ਅਸ਼ਲੀਲ ਪ੍ਰੋਡਕਟ ਦੇ ਨਾਮ 'ਤੇ ਪੇਸ਼ ਕੀਤਾ ਜਾ ਰਿਹਾ ਹੈ। ਕਹਿਣ ਤੋਂ ਭਾਵ ਵਿਸ਼ਵੀਕਰਨ ਦੇ ਬਾਜ਼ਾਰ ਨੇ ਔਰਤ ਨੂੰ ਅਜ਼ਾਦੀ ਨਹੀਂ, ਨਵੀਂ ਗੁਲਾਮੀ 'ਚ ਫਸਾ ਦਿੱਤਾ ਹੈ। ਇਸ ਯੁੱਗ 'ਚ ਉਸ ਦੀ ਅਜ਼ਾਦੀ ਸੁੰਦਰਤਾ ਤੇ ਅੱਧਨੰਗੇ ਕੱਪੜਿਆਂ ਤੱਕ ਸੀਮਤ ਹੈ। ਇਹ ਵਿਸ਼ਵੀਕਰਨ ਦੀ ਅਖੌਤੀ ਅਜ਼ਾਦੀ ਮਰਦ ਪ੍ਰਧਾਨ ਸੱਤਾ ਦੇ ਅਧੀਨ ਬਾਜ਼ਾਰ ਲਈ ਮੁਨਾਫ਼ੇ ਦਾ ਰਾਹ ਖੋਲ੍ਹਦੀ ਹੈ। ਇਹ ਸਭ ਕੁਝ ਤੁਸੀਂ ਟੀਵੀ ਚੈਨਲਾਂ ਦੀਆਂ ਮਸ਼ਹੂਰੀਆਂ 'ਚ ਦੇਖ ਸਕਦੇ ਹੋ ਕਿ ਹਰੇਕ ਪ੍ਰੋਡਕਟ 'ਚ ਉਸ ਨੂੰ ਸੈਕਸ ਸਿੰਬਲ ਬਣਾ ਕੇ ਕਿਵੇਂ ਵਰਤੋਂ ਕੀਤੀ ਜਾ ਰਹੀ ਹੈ ਤੇ ਦੂਜੇ ਪਾਸੇ ਬਾਜ਼ਾਰ ਵਲੋਂ ਤਿਆਰ ਕੀਤੇ ਸੁੰਦਰਤਾ ਦੇ ਨਵੇਂ ਪੈਮਾਨਿਆਂ 'ਚ ਇਸਤਰੀ ਦਾ ਬਨਾਵਟੀ ਰੂਪ ਵਿਖਾਇਆ ਜਾ ਰਿਹਾ ਹੈ।

ਭਾਰਤ ਦੇ ਪਿੰਡਾਂ 'ਚ ਸਕੂਲ, ਸਿਹਤ ਕੇਂਦਰ ਨਜ਼ਰ ਆਉਣ ਜਾਂ ਨਾ, ਪਰ ਬਿਊਟੀ ਪਾਰਲਰ ਕਿੰਨੇ ਹੀ ਖੁੱਲ੍ਹੇ ਮਿਲ ਜਾਣਗੇ। ਸੁੰਦਰਤਾ ਉਦਯੋਗ ਦਾ ਖ਼ਿਆਲ ਹੈ ਕਿ ਜੇਕਰ ਔਰਤਾਂ 'ਚ ਆਪਣੇ ਸਰੀਰ, ਚਮੜੀ ਤੇ ਸੁੰਦਰਤਾ ਪ੍ਰਤੀ ਲਾਲਸਾ ਪੈਦਾ ਕੀਤੀ ਜਾਵੇ, ਤਾਂ ਉਸ ਨੂੰ ਵੱਡੀ ਪੱਧਰ 'ਤੇ ਲਾਭ ਮਿਲਣਗੇ। ਪਰੰਪਰਾਗਤ ਸਮਾਜਾਂ 'ਚ ਸੁੰਦਰਤਾ ਦੇ ਪੈਮਾਨੇ ਪੁਰਸ਼ ਵਲੋਂ ਤੈਅ ਕੀਤੇ ਜਾ ਰਹੇ ਸਨ, ਪਰ ਵਰਤਮਾਨ ਸਮੇਂ ਦੌਰਾਨ ਇਨ੍ਹਾਂ ਪੈਮਾਨਿਆਂ ਨੂੰ ਬਾਜ਼ਾਰ ਤੈਅ ਕਰ ਰਿਹਾ ਹੈ, ਪਰ ਇਹ ਦੋਵੇਂ ਮਰਦ ਪ੍ਰਧਾਨ ਪ੍ਰਬੰਧ ਦੇ ਆਲੇ-ਦੁਆਲੇ ਹੀ ਆਪਣੀਆਂ ਧਾਰਨਾਵਾਂ ਬਣਾ ਰਹੇ ਹਨ, ਪਰ ਇਸਤਰੀ ਅਜ਼ਾਦੀ ਦਾ ਸੁਪਨਾ ਨਾ ਸਨਾਤਨੀ ਮਰਦ ਪ੍ਰਧਾਨ ਵਿਵਸਥਾ ਪੂਰਾ ਕਰ ਸਕੀ ਹੈ ਤੇ ਨਾ ਹੀ ਵਿਸ਼ਵੀਕਰਨ ਦਾ ਅਜੋਕਾ ਬਾਜ਼ਾਰ। ਇਹ ਤਾਂ ਗੁਰੂਆਂ ਦੀ ਵਿਚਾਰਧਾਰਾ ਤੋਂ ਹੀ ਇਸਤਰੀ ਦੀ ਅਜ਼ਾਦੀ ਦਾ ਰੂਪ ਤੇ ਸਰੂਪ ਤੇ ਸਿਧਾਂਤ ਪ੍ਰਗਟ ਹੋ ਸਕਦਾ ਹੈ। ਗੁਰੂ ਗ੍ਰੰਥ ਸਾਹਿਬ ਵਿੱਚ ਇਸਤਰੀ ਦੀ ਅਜ਼ਾਦੀ ਸੰਬੰਧੀ ਅਵਾਜ਼ ਬੁਲੰਦ ਕੀਤੀ ਗਈ ਹੈ ਤੇ ਸੇਧਾਂ ਵੀ ਦਿੱਤੀਆਂ ਗਈਆਂ ਹਨ। ਗੁਰੂ ਆਸ਼ੇ ਅਨੁਸਾਰ ਅਕਾਲ ਪੁਰਖ ਪਰਮਾਤਮਾ ਤੋਂ ਬਿਨਾਂ ਸਭ ਨੂੰ ਜਨਮ ਦੇਣ ਵਾਲੀ 'ਜਨਮ ਦਾਤੀ ਇਸਤਰੀ' ਦੀ ਨਿੰਦਿਆ ਕਰਨੀ ਯੋਗ ਨਹੀਂ। ਹਰ ਹੀਲੇ ਇਸਤਰੀ ਨੂੰ ਉਸ ਦਾ ਸਹੀ ਸਨਮਾਨ ਦਿੱਤਾ ਜਾਣਾ ਚਾਹੀਦਾ ਹੈ। ਇਸ ਦੇ ਨਾਲ ਹੀ ਸਮਾਜ ਦੇ ਹਰ ਖਿੱਤੇ ਵਿੱਚ ਇਸਤਰੀ ਨੂੰ ਮਰਦ ਦੀ ਭਾਈਵਾਲ ਬਣਾਂਦਿਆਂ ਉਸ ਨੂੰ ਬਰਾਬਰੀ ਦੇ ਅਧਿਕਾਰ ਤੇ ਯੋਗ ਸਥਾਨ ਦਿੱਤਾ ਜਾਣਾ ਚਾਹੀਦਾ ਹੈ। ਭਰੂਣ ਹੱਤਿਆ ਤੇ ਦਾਜ ਵਰਗੀਆਂ ਕੁਰੀਤੀਆਂ ਨੂੰ ਖਤਮ ਕਰਨ ਦੇ ਲਈ ਸੰਘਰਸ਼ਸ਼ੀਲ ਹੋਣਾ ਚਾਹੀਦਾ ਹੈ। ਪਰ ਭਾਰਤੀ ਸਮਾਜ ਇਸ ਨੂੰ ਲਾਗੂ ਨਹੀਂ ਕਰ ਰਿਹਾ। ਇਹੀ ਕਾਰਨ ਹੈ ਕਿ ਭਾਰਤੀ ਸਮਾਜ ਵਿੱਚ ਇਸਤਰੀ ਆਪਣੀ ਅਜ਼ਾਦੀ ਤੇ ਇੱਜ਼ਤ ਲਈ ਜੂਝ ਰਹੀ ਹੈ। ਸਮਾਜ ਤੇ ਬਾਜ਼ਾਰ ਦੋਵਾਂ ਤੋਂ ਮੁਕਤੀ ਲਈ ਉਸ ਨੂੰ ਸੰਘਰਸ਼ ਕਰਨਾ ਪੈ ਰਿਹਾ ਹੈ। ਉਹ ਹਰੇਕ ਤਰ੍ਹਾਂ ਦੇ ਬੰਧਨਾਂ 'ਚ ਘਿਰੀ ਹੋਈ ਹੈ। ਕਿਤੇ ਵੀ ਉਸ ਨੂੰ ਇਨਸਾਫ਼ ਨਹੀਂ ਮਿਲ ਰਿਹਾ। ਮੰਤਰੀ, ਪ੍ਰਸ਼ਾਸਨ, ਪੁਲੀਸ ਅਫ਼ਸਰਸ਼ਾਹੀ ਉਸ ਨੂੰ ਇਨਸਾਫ਼ ਦੇਣ ਦੀ ਥਾਂ ਉਸ ਦਾ ਮਾਖੌਲ ਉਡਾ ਰਹੀ ਹੈ। ਭਾਰਤ ਦੇ ਸਿਆਸਤਦਾਨਾਂ ਤੇ ਧਾਰਮਿਕ ਨੇਤਾਵਾਂ ਦੇ ਇਸਤਰੀ ਦੀ ਇੱਜ਼ਤ ਬਚਾਉਣ ਲਈ ਘੜੇ ਬਿਆਨ ਇਸ ਗੱਲ ਦੀ ਪੁਸ਼ਟੀ ਕਰਦੇ ਹਨ ਕਿ ਇਹ ਲੋਕ ਇਸਤਰੀ ਦੀ ਅਜ਼ਾਦੀ, ਇਸਤਰੀ ਦੀ ਇੱਜ਼ਤ ਲਈ ਸੁਹਿਰਦ ਨਹੀਂ। ਇਹ ਉਲਟਾ ਇਸਤਰੀ ਨੂੰ ਹੀ ਦੋਸ਼ੀ ਮੰਨ ਰਹੇ ਹਨ ਤੇ ਮਰਦ ਪ੍ਰਧਾਨ ਸਮਾਜ ਵਿੱਚ ਕਿਸੇ ਵੀ ਤਰ੍ਹਾਂ ਦਾ ਨੁਕਸ ਨਹੀਂ ਕੱਢ ਰਹੇ।

ਵਿਸ਼ਵੀਕਰਨ ਦੇ ਯੁੱਗ ਵਿੱਚ ਭਾਰਤੀ ਇਸਤਰੀ ਨੂੰ ਇਹ ਦੱਸਿਆ ਜਾ ਰਿਹਾ ਹੈ ਕਿ ਭਾਰਤ ਵਿੱਚ ਜੰਗਲ ਦਾ ਰਾਜ ਹੈ ਤੇ ਇਥੋਂ ਦੇ ਮਰਦ ਹੈਵਾਨ ਹੋਈ ਬੈਠੇ ਨੇ। ਜੇਕਰ ਤੂੰ ਉਸ ਤੋਂ ਬਚਣਾ ਹੈ ਤਾਂ ਜੂਡੋ ਕਰਾਟੇ ਸਿੱਖ ਤੇ ਮਲਟੀਨੈਸ਼ਨਲ ਕੰਪਨੀ ਵੱਲੋਂ ਤਿਆਰ ਕੀਤੇ ਲਾਲ ਮਿਰਚ ਪਾਊਡਰ ਪੈਕਟ, ਕਰੰਟ ਵਾਲੀਆਂ ਪਿਸਤੌਲਾਂ ਆਪਣੇ ਕੋਲ ਰੱਖ। ਕਿਸ ਤਰ੍ਹਾਂ ਸੁਰੱਖਿਆ ਦੇ ਨਾਮ 'ਤੇ ਇਸਤਰੀ ਜਗਤ ਦੇ ਮਨ ਵਿੱਚ ਦਹਿਸ਼ਤ ਮਚਾਈ ਜਾ ਰਹੀ ਹੈ। ਅਸਲ ਵਿੱਚ ਮਲਟੀਨੈਸ਼ਨਲ ਕੰਪਨੀਆਂ ਇਸ ਮੁੱਦੇ ਨੂੰ ਆਧਾਰ ਬਣਾ ਕੇ ਆਪਣਾ ਪ੍ਰੋਡੈਕਟ, ਕਰੰਟ ਵਾਲੀਆਂ ਪਿਸਤੌਲਾਂ, ਅਨੇਕਾਂ ਕਿਸਮ ਦੇ ਚਾਕੂ ਤੇ ਹੋਰ ਪਦਾਰਥ ਵੇਚ ਰਹੀਆਂ ਹਨ। ਅਸੀਂ ਕਿਵੇਂ ਸੋਚ ਸਕਦੇ ਹਾਂ ਕਿ ਇਸ ਧਾਰਨਾ ਨਾਲ ਇਸਤਰੀ ਦੀ ਅਜ਼ਾਦੀ ਤੇ ਇੱਜ਼ਤ ਬਰਕਰਾਰ ਰਹਿ ਸਕਦੀ ਹੈ। ਜੇਕਰ ਉਹ ਇਹੋ ਜਿਹੇ ਵਹਿਸ਼ੀ ਸਮਾਜ 'ਚ ਵਿਚਰ ਰਹੀ ਹੋਵੇ। ਭਾਰਤ ਦੇ ਸਿਆਸਤਦਾਨਾਂ ਨੂੰ ਸੁਆਲ ਕਰਨਾ ਬਣਦਾ ਹੈ ਕਿ ਕਾਨੂੰਨ ਕਿੱਥੇ ਹਨ ਤੇ ਭਾਰਤ ਵਿੱਚ ਇਸਤਰੀ ਦੀ ਅਜ਼ਾਦੀ ਕਿਉਂ ਗਾਇਬ ਹੈ? ਸਾਡਾ ਭਾਰਤੀ ਸਮਾਜ ਜਿੱਥੇ ਰਿਸ਼ੀਆਂ ਮੁਨੀਆਂ, ਗੁਰੂਆਂ ਨੇ ਜਨਮ ਲਿਆ, ਉਹ ਵਹਿਸ਼ੀਆਂ ਦਾ ਸਮਾਜ ਕਿਵੇਂ ਬਣ ਸਕਦਾ ਹੈ?



ਕਈ ਚਿੰਤਕ ਇਹ ਮਸ਼ਵਰਾ ਦੇ ਰਹੇ ਹਨ ਕਿ ਜੇਕਰ ਇਸਤਰੀ ਨੂੰ ਬਲਾਤਕਾਰਾਂ ਤੋਂ ਬਚਾਉਣਾ ਹੈ ਤਾਂ ਕਾਨੂੰਨ ਸਖ਼ਤ ਕਰਨੇ ਪੈਣਗੇ। ਇਸ ਨਾਲ ਕੀ ਹੋਵੇਗਾ? ਜੇਕਰ ਭਾਰਤ ਦਾ ਢਾਂਚਾ ਭ੍ਰਿਸ਼ਟ ਹੈ, ਕਾਨੂੰਨ ਲਾਗੂ ਨਹੀਂ ਹੋ ਰਹੇ, ਦੋਸ਼ੀਆਂ ਨੂੰ ਸਮੇਂ ਸਿਰ ਸਜ਼ਾ ਨਹੀਂ ਮਿਲ ਰਹੀ। ਅਦਾਲਤਾਂ ਵਿੱਚ ਕੇਸ ਲਟਕ ਰਹੇ ਹਨ ਤੇ ਦੋਸ਼ੀ ਅਜ਼ਾਦ ਘੁੰਮ ਰਹੇ ਹਨ। ਇਸ ਦਾ ਜ਼ਿੰਮੇਵਾਰ ਕੌਣ ਹੈ? ਜੇਕਰ ਦੋਸ਼ੀਆਂ ਨੂੰ ਸਮੇਂ ਸਿਰ ਸਖ਼ਤ ਸਜ਼ਾ ਮਿਲੇ ਤਾਂ ਇਹੋ ਜਿਹੇ ਅਪਰਾਧ ਨਾ ਵਾਪਰਨ। ਅਪਰਾਧਾਂ 'ਚ ਸੁਧਾਰ ਤਾਂ ਉਦੋਂ ਹੀ ਹੋ ਸਕਦਾ ਹੈ, ਜਦੋਂ ਲੋਕਾਂ 'ਚੋਂ ਅਪਰਾਧ ਦਾ ਪੂਰੀ ਤਰ੍ਹਾਂ ਅੰਤ ਹੋਵੇ ਅਤੇ ਇਹ ਕੰਮ ਸਾਮਾਜਿਕ ਤਬਦੀਲੀ ਨਾਲ ਹੀ ਸੰਭਵ ਹੈ। ਕਾਨੂੰਨ ਦੇ ਅਮਲ ਦੇ ਨਾਲ-ਨਾਲ ਸਾਮਾਜਿਕ ਜਾਗ੍ਰਿਤੀ ਦੀ ਵੀ ਲੋੜ ਹੈ। ਅਸੀਂ ਇਸ ਗੱਲ ਦੇ ਪੂਰੇ ਹਾਮੀ ਹਾਂ ਕਿ ਵਿਸ਼ਵੀਕਰਨ ਨੇ ਇਸਤਰੀ ਨੂੰ ਕੋਈ ਅਜ਼ਾਦੀ ਨਹੀਂ ਦੇਣੀ, ਕਿਉਂਕਿ ਵਿਸ਼ਵੀਕਰਨ ਦਾ ਸੱਭਿਆਚਾਰ ਮੁਨਾਫਾਖੋਰੀ ਹੈ। ਮੁਨਾਫਾਖੋਰੀ ਦੇ ਤਹਿਤ ਮਨੁੱਖੀ ਅਧਿਕਾਰ ਸੁਰੱਖਿਅਤ ਨਹੀਂ ਰਹਿ ਸਕਦੇ। ਜਿੱਥੇ ਮੁਨਾਫਾਖੋਰੀ ਹੋਵੇ, ਉੱਥੇ ਮਨੁੱਖਤਾ, ਮਨੁੱਖੀ ਹੱਕ, ਮਨੁੱਖੀ ਅਜ਼ਾਦੀ ਬਰਕਰਾਰ ਨਹੀਂ ਰਹਿ ਸਕਦੀ। ਲੋੜ ਹੈ ਇਸ ਸੰਬੰਧ ਵਿੱਚ ਸਿਆਸਤਦਾਨ ਅਹਿਮ ਭੂਮਿਕਾ ਨਿਭਾਉਣ ਤੇ ਇਸਤਰੀ ਜਗਤ ਨੂੰ ਵੀ ਆਪਣੇ ਅਧਿਕਾਰਾਂ ਪ੍ਰਤੀ ਜਾਗ੍ਰਿਤ ਹੋਣ ਦੀ ਲੋੜ ਹੈ।



Sir Speedy Tustin
Printers to the Community
SUBWAY eat fresh.
OPEN 24 HOURS
7 ELEVEN
DRY CLEANER
LIQUOR
PIZZA
Outdoor 3'x11' Promo Flag
Only $29/-
Pole & Spike $55/-
GURU NANAK SIKH TEMPLE
FAIRFIELD
Visit Our Website:
www.FairfieldGurudwara.com
Outdoor 3'x6' Durable Banner
All weather, durable to sunlight, rain and wear & tear. Text only.
Only $69/-
ਬਾਲਟੀਮੋਰ ਸਿੱਖ ਸੁਸਾਇਟੀ
Baltimore Sikh Society Inc.
Receipt Books
Customized with your information and design. 2 part carbonless with numbering and perforation.
Call for Price
Love
Cartier
Retractable 33"x 80" Banner
Includes stand and carry bag. Hi-res imaging, durable and Brilliant colors!
Only $225/-
7 ELEVEN
OPEN 24 HOURS
OPEN HOUSE!
Welcome
Century 21
Call Toll Free: 855 360-HOME
All Weather 18"x24" Yard Signs
Includes H-stakes. Single sided, durable to sunlight and rain. Reusable!
$49/- for 4
ਲੱਖ ਲੱਖ ਵਧਾਈ
11" Printed Balloons
Printed with your logo and info. One color, one location. Min. qty 1000
19¢ each
YOUR LOGO OR MESSAGE PRINTED HERE
White T-Shirts, 1 color screen printing in 1 position. Min Qty. 100
Your Printed T-Shirts
Only $4.99
YOUR LOGO HERE
1 color in 1 position. Min Qty. 100
Your Printed Caps
Only $4.99
DAILY TRIP ENVELOPE
Trip Envelopes Qty 1000
Only $199/-
What we can do for you today?
• Printing & Copying
• Creative Services
• Mailing Services
• Mailing List Aquisition
• Signs Posters & Banners
• Promotional Producst
• Website design and development
1045 East Main Street, Tustin, CA 92780
Call 562-881-7430
Fax: 714-731-8931
E-mail: sirspeedy_tustin@yahoo.com
www.sirspeedy.com/tustin
Jagjit Singh Bains
CUSTOMIZED SWEET BOXES
Thank You
South Asian Wedding Cards
CALL NOW

# ਅਫ਼ਗਾਨਿਸਤਾਨ ਨੂੰ ਸਿੱਖਾਂ ਦੀ ਜ਼ਰੂਰਤ ਹੈ



**ਸਾਅਦ ਮੋਹਸਿਨੀ**
**(ਲੇਖਕ ਅਫ਼ਗਾਨਿਸਤਾਨ ਦੀ ਸਭ ਤੋਂ ਵੱਡੀ ਮੀਡੀਆ ਕੰਪਨੀ ਮੋਬੀ ਗਰੁੱਪ ਦਾ ਚੇਅਰਮੈਨ ਹੈ।)**

ਅਫਗਾਨਿਸਤਾਨ 'ਚ ਸਿੱਖਾਂ ਉਤੇ ਦਹਿਸ਼ਤੀ ਹਮਲੇ ਨੇ ਹਰ ਅਫ਼ਗਾਨ ਨੂੰ ਝੰਜੋੜ ਸੁੱਟਿਆ ਹੈ। ਇਸ ਕਾਲੇ ਦਿਹਾੜੇ ਬਾਬਤ ਜਿਸ ਕਿਸੇ ਨਾਲ ਵੀ ਗੱਲ ਹੋਈ, ਹਰ ਕੋਈ ਸੋਗ ਵਿਚ ਸੁੰਨ ਸੀ। ਇਸ ਕਾਰੇ ਵਿਚ ਹੋਰਾਂ ਸਮੇਤ ਸਿੱਖ ਭਾਈਚਾਰੇ ਦੇ ਦੋ ਪਿਆਰੇ ਪੁੱਤਰ ਵੀ ਜਾਂਦੇ ਲੱਗੇ। ਇਨ੍ਹਾਂ ਵਿਚੋਂ ਇੱਕ ਅਵਤਾਰ ਸਿੰਘ ਖ਼ਾਲਸਾ ਨੇ ਅਕਤੂਬਰ ਵਿਚ ਆ ਰਹੀ ਸੰਸਦੀ ਚੋਣ ਲੜਨੀ ਸੀ ਅਤੇ ਰਵੇਲ ਸਿੰਘ ਸਮਾਜ ਨੂੰ ਹੋਰ ਸੱਭਿਆ ਤੇ ਨਿਮਰ ਬਣਾਉਣ ਲਈ ਜੂਝ ਰਿਹਾ ਸੀ।

ਮੇਰੇ ਜ਼ਿਹਨ ਅੰਦਰ 70ਵਿਆਂ ਦੌਰਾਨ ਕਾਬੁਲ ਦੇ ਪ੍ਰਾਇਮਰੀ ਸਕੂਲ ਵਾਲੇ ਜਮਾਤੀ ਹਰੰਦਰ ਸਿੰਘ ਤੇ ਅਮਰਜੀਤ ਸਿੰਘ ਘੁੰਮ ਗਏ। ਇਹ ਚਚੇਰੇ ਭਾਈ ਸਮਝੋ ਦੋ ਜਿਸਮ ਇਕ ਜਾਨ ਸਨ; ਗੱਪਾਂ ਮਾਰਦੇ, ਹਸਦੇ-ਖੇਡਦੇ ਅਤੇ ਫਰਲ ਫਰਲ ਫ਼ਾਰਸੀ ਤੇ ਪੰਜਾਬੀ ਅਲਫ਼ਾਜ਼ ਉਚਾਰਦੇ ਕਦੀ ਨਾ ਉੱਕਦੇ। ਇਨ੍ਹਾਂ ਵਿੱਚੋਂ ਇਕ ਲੰਮਾ-ਝੰਮਾ ਤੇ ਪਤਲੂ ਸੀ ਅਤੇ ਦੂਜਾ ਮਧਰਾ, ਕਾਲੂ ਤੇ ਗੋਭਲਾ ਜਿਹਾ ਸੀ। ਹੋਰ ਸਿੱਖਾਂ ਵਾਂਗ ਇਨ੍ਹਾਂ ਦੇ ਮਾਪਿਆਂ ਦਾ ਕੱਪੜੇ ਦਾ ਕਾਰੋਬਾਰ ਸੀ। ਅਨਿਲ ਕੁਮਾਰ ਸਾਡਾ ਇਕਲੌਤਾ ਹਿੰਦੂ ਜਮਾਤੀ ਸੀ ਜਿਸ ਦੇ ਰਸੂਖ਼ਵਾਨ ਪਰਿਵਾਰ ਦਾ ਕਾਬੁਲ ਵਿਚ ਸਿਨਮਾ ਚੱਲਦਾ ਸੀ। ਬੱਸ ਤੋਂ ਉੱਤਰ ਕੇ ਮੈਂ ਇਨ੍ਹਾਂ ਸਿੱਖ ਮੁੰਡਿਆਂ ਨਾਲ ਮੀਲ ਭਰ ਤੁਰ ਕੇ ਸਕੂਲ ਪੁੱਜਦਾ। ਅਸੀਂ ਫਲਾਵਰ ਸਟ੍ਰੀਟ ਨਾਲ ਪੈਂਦੇ ਈਸਾਈਆਂ ਦੇ ਘਰਾਂ ਕੋਲੋਂ ਲੰਘਦੇ। ਉਦੋਂ ਕਾਬੁਲ ਵਿਚ ਭਾਰਤੀ ਭਾਈਚਾਰਾ ਅਮਨ-ਅਮਾਨ ਨਾਲ ਵਸ ਰਿਹਾ ਸੀ। ਇਹੀ ਹਾਲ ਗ਼ਜ਼ਨੀ, ਕੰਧਾਰ, ਜਲਾਲਾਬਾਦ ਅਤੇ ਹੋਰ ਸ਼ਹਿਰਾਂ ਦਾ ਸੀ।

ਮੈਨੂੰ ਇਹ ਮੁੰਡੇ ਖ਼ੁਸ਼ਕਿਸਮਤ ਜਾਪਦੇ ਕਿਉਂਕਿ ਇਨ੍ਹਾਂ ਨੂੰ ਸਕੂਲ ਵਿਚ ਮਜ਼ਹਬੀ ਤਾਲੀਮ ਨਹੀਂ ਸੀ ਲੈਣੀ ਪੈਂਦੀ। ਇਨ੍ਹਾਂ ਮੁੰਡਿਆਂ ਦੀਆਂ ਨਿਆਰੀਆਂ ਤੇ ਨਿਰਾਲੀਆਂ ਪਗੜੀਆਂ ਅਤੇ ਇਨ੍ਹਾਂ ਦੀ ਮਜ਼ਹਬੀ ਤਾਲੀਮ ਵਾਲੇ ਪੀਰੀਅਡ ਤੋਂ ਗ਼ੈਰਹਾਜ਼ਰੀ ਤੋਂ ਇਲਾਵਾ ਹੋਰ ਕੁਝ ਵੀ ਵੱਖਰਾ ਨਹੀਂ ਸੀ। ਹਰੰਦਰ, ਅਮਰਜੀਤ ਤੇ ਅਨਿਲ ਹੋਰ ਨਿਆਣਿਆਂ ਵਾਂਗ ਓਨੇ ਹੀ ਭੋਲੇ-ਭਾਲੇ ਸਨ।

ਪੰਜ ਲੱਖ ਸਿੱਖਾਂ-ਹਿੰਦੂਆਂ ਦਾ ਭਾਈਚਾਰਾ ਵਪਾਰ, ਬੈਂਕਿੰਗ, ਕੱਪੜਾ ਕਾਰੋਬਾਰ, ਖ਼ੁਰਾਕ ਤੇ ਹੋਰ ਨਿੱਕੇ-ਵੱਡੇ ਕਾਰੋਬਾਰਾਂ ਵਿਚ ਵਾਹਵਾ ਮਜ਼ਬੂਤ ਸੀ। ਪੂਰੇ ਸ਼ਹਿਰ ਅੰਦਰ ਇਨ੍ਹਾਂ ਦਾ ਆਪਣਾ ਮੁਕਾਮ ਸੀ ਜੋ ਦਰਸਾਉਂਦਾ ਸੀ ਕਿ ਅਫ਼ਗਾਨਿਸਤਾਨ ਕਿਸੇ ਵਕਤ ਮੱਧ ਪੂਰਬ ਅਤੇ ਦੱਖਣੀ ਏਸ਼ੀਆ ਵਿਚਕਾਰ ਪੱਕਾ ਲਾਂਘਾ ਸੀ। ਕਾਬੁਲ ਦੇ ਕਰਤੇ ਪਰਵਾਨ ਖਿੱਤੇ ਵਿਚ ਇਕ ਹਿੰਦੂ ਦੁਕਾਨਦਾਰ ਦੀਆਂ ਜਲੇਬੀਆਂ ਮੈਂ ਕਦੀ ਨਹੀਂ ਭੁੱਲ ਸਕਦਾ। ਪੰਜਾਬੀ ਮੌਸਿਕੀ ਅਤੇ ਮਸਾਲਿਆਂ ਵਾਲੀਆਂ ਦੁਕਾਨਾਂ ਦੀਆਂ ਕਤਾਰਾਂ ਵੀ ਚੇਤੇ ਵਿਚੋਂ ਕਦੀ ਮਨਫ਼ੀ ਨਹੀਂ ਹੋਣੀਆਂ। ਉਂਜ, ਇਨ੍ਹਾਂ ਬਾਬਤ ਜਿਹੜੀ ਗੱਲ ਵਧੇਰੇ ਧਿਆਨ ਖਿੱਚਦੀ ਸੀ, ਉਹ ਸੀ, ਕਿ ਅਫ਼ਗਾਨਿਸਤਾਨ ਇਨ੍ਹਾਂ ਦਾ ਆਪਣਾ ਮੁਲਕ ਸੀ। ਉਨ੍ਹਾਂ ਇਸ ਮੁਲਕ ਵਿਚ ਆਪਣੀ ਨਸਲੀ ਸ਼ਨਾਖ਼ਤ ਕਮਾ ਲਈ ਸੀ ਅਤੇ ਸੰਸਾਰ ਦੀ ਇਸ ਧਰਤ ਨਾਲ ਜੁੜ ਕੇ ਉਹ ਮਾਣ ਮਹਿਸੂਸ ਕਰਦੇ ਸਨ।

ਅਫ਼ਗਾਨ ਤਾਰੀਖ਼ਦਾਨਾਂ ਦਾ ਇਹ ਯਕੀਨ ਹੈ ਕਿ 'ਆਧੁਨਿਕ' ਹਿੰਦੂਆਂ ਦਾ ਪਹਿਲਾ ਪੂਰ ਹਜ਼ਾਰ ਸਾਲ ਪਹਿਲਾਂ ਮਹਿਮੂਦ ਗ਼ਜ਼ਨੀ ਦੇ ਸ਼ਾਸਨ ਵੇਲੇ ਆਇਆ। ਇਹ ਵੀ ਨੋਟ ਕਰਨਾ ਬਣਦਾ ਹੈ ਕਿ 7ਵੀਂ ਤੇ 8ਵੀਂ ਸਦੀ ਦੌਰਾਨ ਇਸਲਾਮ ਦੀ ਆਮਦ ਤੋਂ ਪਹਿਲਾਂ ਅਫ਼ਗਾਨਿਸਤਾਨ ਵਿਚ ਵੱਡੀ ਪੱਧਰ 'ਤੇ ਹਿੰਦੂਆਂ ਦੇ ਪੂਰ ਹੀ ਆਏ ਸਨ। ਮੁਲਕ ਵਿਚ ਸੋਵੀਅਤ ਦਖ਼ਲ ਅਤੇ ਫਿਰ ਘਰੋਗੀ ਜੰਗ ਲੱਖਾਂ ਅਫ਼ਗਾਨਾਂ (ਮੁਸਲਮਾਨ, ਹਿੰਦੂ, ਸਿੱਖ, ਈਸਾਈ) ਉੱਤੇ ਆਫ਼ਤ ਬਣ ਕੇ ਟੁੱਟੀ। ਭਾਈਚਾਰੇ ਦੇ ਕਈ ਮੈਂਬਰਾਂ ਨੂੰ ਮੁਲਕ ਬਦਰ ਹੋਣਾ ਪਿਆ, ਫਿਰ ਵੀ ਕੁਝ ਕੁ ਟਿਕੇ ਰਹੇ। ਸੋਵੀਅਤ ਘਰੋਗੀ ਜੰਗ, ਜਿਸ ਨੇ ਕਾਬੁਲ ਨੂੰ ਤਬਾਹ ਕਰਕੇ ਰੱਖ ਦਿੱਤਾ ਤੇ ਹਰ ਪਾਸੇ ਲਾਕਾਨੂੰਨੀ ਫੈਲ ਗਈ, ਤੋਂ ਬਾਅਦ ਸਮਾਜਿਕ, ਨੈਤਿਕ ਤੇ ਆਰਥਿਕ ਤਾਣਾ ਵੀ ਤਬਾਹ ਹੋ ਗਿਆ ਜਿਸ ਕਾਰਨ ਹਿੰਦੂਆਂ ਅਤੇ ਸਿੱਖਾਂ ਨੂੰ ਮੁਲਕ ਛੱਡਣਾ ਪਿਆ। ਇਕ ਵਾਰ ਫਿਰ, ਕੁਝ ਕੁ ਜਣੇ ਟਿਕੇ ਰਹੇ।

ਫਿਰ ਤਾਲਿਬਾਨ ਦੀ ਆਮਦ ਨੇ ਵੱਧ ਬਦਨਸੀਬੀ ਵਰਤਾਈ। ਪਹਿਲਾਂ-ਪਹਿਲ ਹਿੰਦੂਆਂ ਤੇ ਸਿੱਖਾਂ ਨੂੰ ਪੀਲੇ ਲਿਬਾਸ ਤੇ ਪਗੜੀਆਂ ਪਹਿਨਣ ਦੇ ਹੁਕਮ ਹੋਏ; ਘਰਾਂ ਉੱਤੇ ਪੀਲੇ ਝੰਡੇ ਵੀ ਲਾਉਣੇ ਪਏ। ਉਦੋਂ ਬਹੁਤਿਆਂ ਨੇ ਸੋਚਿਆ ਕਿ ਇੱਥੋਂ ਚਾਲੇ ਪਾਉਣ ਦਾ ਵਕਤ ਆਣ ਪੁੱਜਾ ਹੈ ਪਰ ਅਸਹਿਣਸ਼ੀਲ ਤੇ ਹਿੰਸਕ ਮਾਹੌਲ ਦੇ ਬਾਵਜੂਦ ਕੁਝ ਲੋਕ ਟਿਕੇ ਰਹੇ। ਤਾਲਿਬਾਨ ਦੀ ਹਾਰ ਅਤੇ ਕਾਬੁਲ ਵਿਚ ਨਵੀਂ ਸਰਕਾਰ ਨੇ ਕੁਝ ਉਮੀਦ ਜਗਾਈ। ਬਹੁਤਿਆਂ ਨੂੰ ਲੱਗਿਆ ਕਿ ਹੁਣ ਮੁਲਕ ਦਾ ਨਵਾਂ ਅਧਿਆਏ ਆਰੰਭ ਹੋ ਗਿਆ ਹੈ। 2003 ਵਿਚ ਇਕ ਜੁਰਅਤਮੰਦ ਸਿੱਖ ਸੱਜਣ ਇਸਲਾਮੀ ਕਮਾਂਡਰਾਂ, ਸਿਆਸਤਦਾਨਾਂ ਤੇ ਮੁਲਾਣਿਆਂ ਦੀ 'ਲੋਇਆ ਜਿਰਗਾ' ਅੱਗੇ ਜਾ ਖਲੋਇਆ ਅਤੇ ਕੂਕਿਆ: 'ਤੁਸੀਂ ਮੁਸਲਮਾਨਾਂ ਨੇ ਮੇਰਾ ਅਫ਼ਗਾਨਿਸਤਾਨ ਤਬਾਹ ਕਰ ਦਿੱਤਾ ਹੈ'। ਸਾਰੇ ਉਸ ਦੇ ਹੱਕ ਵਿਚ ਖਲੋਏ ਕਿਉਂਕਿ ਅਸੀਂ ਜਾਣਦੇ ਸਾਂ ਕਿ ਉਹ ਦਰੁਸਤ ਸੀ।

ਕਰਜ਼ਈ ਸ਼ਾਸਨ ਤੋਂ ਬਾਅਦ ਕਾਨੂੰਨ ਵਿਵਸਥਾ ਦਾ ਹਾਲ ਹਕੀਕਤ ਨਾਲੋਂ ਮਿੱਥ ਬਹੁਤਾ ਹੈ। ਬਹੁਤਿਆਂ ਦੀਆਂ ਜਾਇਦਾਦਾਂ ਕਮਾਂਡਰਾਂ ਜਾਂ ਹੋਰ ਰਸੂਖ਼ਵਾਨਾਂ ਨੇ ਹਥਿਆ ਲਈਆਂ। ਇਹ ਭਾਈਚਾਰਾ ਅਮਨ-ਅਮਾਨ ਨਾਲ ਹਜ਼ਾਰ ਸਾਲ ਤੋਂ ਬਚਿਆ ਚਲਿਆ ਆ ਰਿਹਾ ਸੀ ਪਰ ਹੁਣ ਉਨ੍ਹਾਂ ਨੂੰ ਬਚਾਉਣ ਵਾਲਾ ਕੋਈ ਕਮਾਂਡਰ ਨਹੀਂ ਸੀ। ਇਨ੍ਹਾਂ ਵਿੱਚੋਂ ਬਹੁਤਿਆਂ ਨੇ ਇਕ ਵਾਰ ਫਿਰ ਮੁਲਕ ਛੱਡਣ ਦਾ ਫ਼ੈਸਲਾ ਕੀਤਾ; ਕੁਝ ਕੁ ਜਣੇ ਫਿਰ ਟਿਕੇ ਰਹੇ। ਆਸ ਅਜੇ ਬਾਕੀ ਸੀ। ਅਫ਼ਗਾਨ ਰਾਸ਼ਟਰਪਤੀ ਹਾਮਿਦ ਕਰਜ਼ਈ ਨੇ ਅਫ਼ਗਾਨ ਹਿੰਦੂ ਸ਼ਾਮ ਲਾਲ ਭਤੀਜਾ ਭਾਟੀਆ ਨੂੰ ਕੈਨੇਡਾ ਵਿਚ ਸਫ਼ੀਰ ਲਾਇਆ। ਮੁਲਕ ਦੇ ਇਤਿਹਾਸ ਵਿਚ ਅਜਿਹਾ ਪਹਿਲੀ ਵਾਰ ਹੋਇਆ ਹਾਲਾਂਕਿ ਭਾਟੀਆ ਦਾ ਪਰਿਵਾਰ 350 ਸਾਲਾਂ ਤੋਂ ਕੰਧਾਰ ਵਿਚ ਰਹਿ ਰਿਹਾ ਸੀ।

ਹਰੰਦਰ, ਅਮਰਜੀਤ ਅਤੇ ਅਨਿਲ ਨਾਲ ਸਾਂਝੀ ਜਮਾਤ ਵਿਚ ਪੜ੍ਹਨ ਤੋਂ ਚਾਲੀ ਸਾਲ ਬਾਅਦ ਇਨ੍ਹਾਂ ਦਾ ਭਾਈਚਾਰਾ ਹੁਣ ਪੰਜ ਲੱਖ ਤੋਂ ਮਹਿਜ਼ 1300 ਤਕ ਸੁੰਗੜ ਗਿਆ ਹੈ। ਜਿਹੜੇ ਲੋਕ ਸਦੀਆਂ ਤੋਂ ਇੱਥੇ ਵਸ ਰਹੇ ਸਨ, ਹੁਣ ਖ਼ਤਮ ਹੋਣ ਕੰਢੇ ਪੁੱਜ ਗਏ ਹਨ। ਮੈਂ ਨਹੀਂ ਜਾਣਦਾ ਕਿ ਇਹ ਭਾਈਚਾਰਾ ਹੁਣ ਹੋਰ ਤਕਲੀਫ਼ਾਂ ਝੱਲ ਸਕਦਾ ਹੈ ਪਰ ਅਸੀਂ ਨਹੀਂ ਚਾਹੁੰਦੇ ਕਿ ਉਹ ਅਫ਼ਗਾਨ ਤਵਾਰੀਖ਼ ਦੇ ਹਜ਼ਾਰ ਵਰ੍ਹਿਆਂ ਦੀ ਵਿਰਾਸਤ ਨੂੰ ਭੁੱਲ ਜਾਣ। ਹੁਣ ਅਫ਼ਗਾਨਿਸਤਾਨ ਨੂੰ ਇਨ੍ਹਾਂ ਦੀ ਲੋੜ ਪਹਿਲਾਂ ਨਾਲੋਂ ਵੀ ਵਧੇਰੇ ਹੈ।

# ਆਲਮੀ ਫੁੱਟਬਾਲ ਕੱਪ ਦੇ ਸਬਕ ਸੁਨੇਹੇ

**ਗੁਰਪ੍ਰੀਤ ਸਿੰਘ ਤੂਰ**
ਸੰਪਰਕ: 98158-00405)

ਕਲਾ, ਕੈਮਰੇ, ਖੇਡਾਂ, ਸਾਹਿਤ ਅਤੇ ਸੰਗੀਤ ਨੇ ਪੂਰੇ ਸੰਸਾਰ ਨੂੰ ਬੁੱਕਲ ਵਿਚ ਲੈਣ ਦਾ ਯਤਨ ਕੀਤਾ ਹੈ। ਖੇਡਾਂ ਦੀ ਚਾਦਰ ਵੱਡੀ, ਰੰਗੀਨ ਤੇ ਨਿੱਘੀ ਹੈ, ਰੂਸ ਵਿਚ ਚੱਲ ਰਹੇ ਆਲਮੀ ਫੁੱਟਬਾਲ ਕੱਪ ਨੇ ਇਸ ਦਾ ਪ੍ਰਤੱਖ ਪ੍ਰਮਾਣ ਪੇਸ਼ ਕੀਤਾ ਹੈ। ਸੰਸਾਰ ਦੀਆਂ ਚੋਟੀ ਦੀਆਂ 32 ਟੀਮਾਂ ਨੇ ਇਸ ਖੇਡ ਮੇਲੇ ਵਿਚ ਹਿੱਸਾ ਲਿਆ। ਚਾਰ ਚਾਰ ਟੀਮਾਂ ਨੂੰ ਏ.ਬੀ. ਸੀ.ਡੀ.ਈ.ਐੱਫ.ਜੀ. ਤੇ ਐੱਚ., ਅੱਠ ਗਰੁੱਪਾਂ ਵਿਚ ਵੰਡਿਆ ਗਿਆ। ਇਸ ਖੇਡ ਮੇਲੇ ਦੇ ਪਹਿਲੇ ਪੜਾਅ ਵਿਚ ਹਰ ਟੀਮ ਆਪਣੇ ਗਰੁੱਪ ਦੀਆਂ ਤਿੰਨੋਂ ਟੀਮਾਂ ਨਾਲ ਖੇਡੀ ਅਤੇ ਪਹਿਲੀਆਂ ਦੋ ਟੀਮਾਂ ਨੂੰ ਦੂਸਰੇ ਪੜਾਅ ਵਿਚ ਦਾਖਲਾ ਮਿਲਿਆ। ਮੁੱਢਲੇ ਗੇੜ ਦੇ ਮੈਚਾਂ ਨੇ ਹੀ ਮੁਕਾਬਲੇ ਦੌਰਾਨ ਪਲ ਦੋ ਪਲ ਦੀ ਮਹੱਤਤਾ ਅਤੇ ਖੁੰਝੇ ਛਿਣਾਂ ਦੇ ਹਾਰ-ਜਿੱਤ ਦੇ ਪ੍ਰਭਾਵ ਦਰਸ਼ਕਾਂ ਦੀ ਝੋਲੀ ਪਾਏ। ਇਨ੍ਹਾਂ ਗਰੁੱਪਾਂ ਵਿੱਚ ਸ਼ਾਮਲ ਹਰ ਟੀਮ ਦੇ ਆਖ਼ਰੀ ਮੈਚ, ਇੱਕ ਦਿਨ ਵਿਚ ਦੋ-ਦੋ ਗਰੁੱਪਾਂ ਦੇ ਕੁੱਲ ਚਾਰ ਚਾਰ ਮੈਚ, ਇਹ ਚਾਰ ਦਿਨ ਪੱਚੀ ਤੋਂ ਅਠਾਈ ਜੂਨ ਇਸ ਖੇਡ ਮੇਲੇ ਦੀ ਰੌਣਕ ਦਾ ਸਿਖ਼ਰ ਸੀ। ਪੂਲ ਦੇ ਇਨ੍ਹਾਂ ਆਖ਼ਰੀ ਮੈਚਾਂ ਵਿਚ ਫਾਈਨਲ ਮੈਚ ਵਰਗੀ ਭਾਅ ਵਿਖਾਈ ਦੇਣ ਲੱਗ ਪਈ ਸੀ। ਇਹ ਲੇਖ ਪਹਿਲੇ ਪੜਾਅ ਤਕ ਦੇ ਮੈਚਾਂ ਦੀ ਝਲਕ ਹੈ।

ਸੰਸਾਰ ਕੱਪ ਦਾ 'ਬੀ' ਗਰੁੱਪ ਜਿਸ ਵਿੱਚ ਸਪੇਨ, ਪੁਰਤਗਾਲ, ਮੋਰੱਕੋ ਤੇ ਇਰਾਨ ਸ਼ਾਮਲ ਸਨ, ਇਸ ਗਰੁੱਪ ਦੇ ਦੋਵੇਂ ਆਖ਼ਰੀ ਮੈਚਾਂ ਦਾ ਜ਼ਿਕਰ ਹੈ। ਸਪੇਨ ਅਤੇ ਪੁਰਤਗਾਲ ਨੂੰ ਸੰਸਾਰ ਕੱਪ ਦੇ ਸੰਭਾਵੀ ਜੇਤੂ ਅਤੇ ਮੋਰੱਕੋ ਅਤੇ ਇਰਾਨ ਨੂੰ ਮੁਕਾਬਲਤਨ ਕਮਜ਼ੋਰ ਟੀਮਾਂ ਮੰਨਿਆ ਜਾ ਰਿਹਾ ਸੀ। ਗਰੁੱਪ ਦੇ ਆਖ਼ਰੀ ਮੈਚ ਸਪੇਨ ਤੇ ਮੋਰੱਕੋ ਅਤੇ ਪੁਰਤਗਾਲ ਤੇ ਇਰਾਨ ਵਿੱਚ ਖੇਡੇ ਗਏ। ਸਪੇਨ 2010 ਸੰਸਾਰ ਕੱਪ ਦਾ ਜੇਤੂ ਹੈ, ਲੇਕਿਨ ਇਸ ਮੈਚ ਵਿੱਚ ਮੋਰੱਕੋ ਦੇ ਖਿਡਾਰੀਆਂ ਨੇ ਸਿਰ-ਧੜ ਦੀ ਬਾਜ਼ੀ ਲਾ ਦਿੱਤੀ। ਸਪੇਨ ਦੇ ਖਿਡਾਰੀਆਂ ਨੇ ਪਹਿਲੇ ਮਿੰਟ ਤੋਂ ਹੀ ਹਮਲੇ ਕਰਨੇ ਸ਼ੁਰੂ ਕਰ ਦਿੱਤੇ, ਇੱਕ ਤੋਂ ਬਾਅਦ ਇੱਕ, ਉਨ੍ਹਾਂ ਦੇ ਤੇਜ਼-ਤਰਾਰ ਫਾਰਵਰਡ ਖਿਡਾਰੀ ਲੜਾਕੂ ਜਹਾਜ਼ਾਂ ਵਾਂਗ ਮੋਰੱਕੋ ਦੇ ਗੋਲਾਂ ਵੱਲ ਵਧ ਰਹੇ ਸਨ। ਦਸ ਕੁ ਮਿੰਟਾਂ ਬਾਅਦ ਸਪੇਨ ਦੇ ਖਿਡਾਰੀਆਂ ਤੋਂ ਛੋਟੀ ਜਿਹੀ ਗ਼ਲਤੀ ਹੋਈ ਤੇ ਮੋਰੱਕੋ ਦਾ ਖਿਡਾਰੀ ਫੁੱਟਬਾਲ ਲੈ ਕੇ ਅਥਲੀਟਾਂ ਵਾਂਗ ਦੌੜਿਆ, 60-65 ਮੀਟਰ ਦਾ ਫ਼ਾਸਲਾ ਤੈਅ ਕਰਕੇ ਉਸ ਨੇ ਭੱਜੇ ਆਉਂਦੇ ਸਪੇਨ ਦੇ ਗੋਲਕੀਪਰ ਦੇ ਕੋਲ ਦੀ ਫੁੱਟਬਾਲ ਕੱਢ ਕੇ ਨੈੱਟ ਵਿੱਚ ਟੰਗ ਦਿੱਤੀ। ਸਪੇਨ ਦੇ ਖਿਡਾਰੀ ਅਚੰਭਿਤ ਰਹਿ ਗਏ। ਸਟੇਡੀਅਮ ਵਿੱਚ ਮੌਜੂਦ ਰਾਸ਼ਟਰੀ ਝੰਡਾ ਲਹਿਰਾਉਂਦੇ ਦਰਸ਼ਕਾਂ ਨੇ ਝੰਡਿਆਂ ਨੂੰ ਬੁੱਕਲ ਮਾਰਨ ਵਾਂਗ ਆਪਣੇ ਆਸੇ-ਪਾਸੇ ਵਲੇਟ ਲਿਆ। ਲੇਕਿਨ ਸਪੇਨ ਨੇ ਪਹਿਲੇ ਹਾਫ਼ ਵਿੱਚ ਬਰਾਬਰੀ ਕਰ ਲਈ ਸੀ। ਦੂਜੇ ਹਾਫ਼ ਵਿੱਚ ਮੋਰੱਕੋ ਦੇ ਬਦਲ ਦੇ ਰੂਪ ਵਿੱਚ ਪਾਏ ਇੱਕ ਗਭਰੀਟ ਖਿਡਾਰੀ ਨੇ ਹੈੱਡ ਮਾਰ ਕੇ ਸ਼ਾਨਦਾਰ ਗੋਲ ਕੀਤਾ। ਹੁਣ ਸਮਾਂ ਘਟਣ ਲੱਗਾ; ਸਪੇਨ ਦੀ ਟੀਮ ਤਣਾਓ ਵਿੱਚ ਆਉਣ ਲੱਗੀ। ਖ਼ੂਹ ਦੀ ਮੌਣ 'ਤੇ ਖਲੋ ਜਾਣ ਵਾਂਗ ਉਨ੍ਹਾਂ ਦੇ ਕੋਚ ਨੇ ਕੁਰਸੀ ਛੱਡੀ ਤੇ ਗਰਾਊਂਡ ਦੇ ਕਿਨਾਰੇ ਆ ਖੜ੍ਹਾ ਹੋਇਆ। ਆਖ਼ਰੀ ਮਿੰਟ ਵਿੱਚ ਸਪੇਨ ਦੇ ਖਿਡਾਰੀ ਨੇ ਫੁੱਟਬਾਲ ਗੋਲ ਵਿੱਚ ਸੁੱਟ ਦਿੱਤੀ, ਲੇਕਿਨ ਲਾਈਨਮੈਨ ਨੇ ਗੋਲ ਕਰਨ ਵਾਲੇ ਖਿਡਾਰੀ ਨੂੰ ਹਾਫ਼ ਸਾਈਡ ਕਰਾਰ ਦੇ ਦਿੱਤਾ। ਸਪੇਨ ਦੇ ਖਿਡਾਰੀਆਂ ਦੇ ਵਿਰੋਧ ਕਰਨ ਤੇ ਵੀਡੀਓ ਰੈਫਰੀ ਦੀ ਮਦਦ ਲਈ ਗਈ। ਬਹੁਤ ਕਰੀਬੀ ਮਸਲਾ ਹੋਣ ਦੇ ਬਾਵਜੂਦ ਇਸ ਨੂੰ ਗੋਲ ਮੰਨ ਲਿਆ ਗਿਆ। ਆਖ਼ਰੀ ਮਿੰਟ ਤੇ ਵੀਡੀਓ ਰੈਫਰੀ ਨੇ ਮੋਰੱਕੋ ਦਾ ਸੁਪਨਾ ਤੋੜਿਆ। ਪੰਜਾਬ ਦੀ ਜਵਾਨੀ ਨੂੰ ਜਿਹੜਾ ਪੱਖ ਗੰਭੀਰਤਾ ਨਾਲ ਮਹਿਸੂਸ ਕਰਨਾ ਚਾਹੀਦਾ ਹੈ, ਉਹ ਇਹ ਕਿ ਗ਼ਰੀਬ ਤੇ ਛੋਟੇ ਜਿਹੇ ਮੁਲਕ ਦੇ ਖਿਡਾਰੀਆਂ ਨੇ ਜੱਦੋ-ਜਹਿਦ ਤੇ ਸਿਰੜ ਦੀ ਭਾਵਨਾ ਜੋ ਇਸ ਮੈਚ ਵਿੱਚ ਵਿਖਾਈ, ਉਹ ਕਮਾਲ ਦੀ ਸੀ।

ਇਸੇ ਗਰੁੱਪ ਦਾ ਇਰਾਨ ਤੇ ਪੁਰਤਗਾਲ ਵਿਚਕਾਰ ਖੇਡਿਆ ਗਿਆ ਮੈਚ, ਇਸ ਤੋਂ ਵੀ ਵੱਧ ਰੌਚਿਕ ਸੀ। ਇਕ ਗੋਲ ਤੇ ਪੱਛੜ ਰਹੀ ਇਰਾਨ ਦੀ ਟੀਮ ਨੇ ਅੰਤ ਤੱਕ ਹੌਸਲਾ ਨਾ ਹਾਰਿਆ। ਆਖਰੀ ਮਿੰਟ ਵਿਚ ਗੋਲ ਵਿਚ ਪੁਰਤਗਾਲ ਦੇ ਖਿਡਾਰੀ ਦੀ ਫੁੱਟਬਾਲ ਨੂੰ ਬਾਂਹ ਲੱਗਣ ਕਾਰਨ ਇਰਾਨ ਨੂੰ ਪੈਨਲਟੀ ਮਿਲੀ ਤੇ ਉਸ ਨੇ ਬਰਾਬਰੀ ਕਰ ਲਈ। ਵਾਧੂ ਸਮੇਂ ਦੇ ਤਿੰਨਾਂ ਮਿੰਟਾਂ ਦੇ ਆਖਰੀ ਛਿਣਾਂ ਵਿੱਚ ਇਰਾਨ ਦੇ ਖਿਡਾਰੀਆਂ ਨੂੰ ਫਿਰ ਗੋਲ ਕਰਨ ਦਾ ਆਸਾਨ ਤੇ ਸ਼ਾਨਦਾਰ ਮੌਕਾ ਮਿਲਿਆ, ਲੇਕਿਨ ਇਰਾਨ ਦਾ ਖਿਡਾਰੀ ਨਿਸ਼ਾਨਾ ਖੁੰਝ ਗਿਆ। ਜੇ ਇਹ ਗੋਲ ਹੋ ਜਾਂਦਾ ਤਾਂ ਰੋਨਾਲਡੋ ਦੀ ਟੀਮ ਸੰਸਾਰ ਕੱਪ ਤੋਂ ਬਾਹਰ ਹੋ ਜਾਣੀ ਸੀ ਪਰ ਮੈਚ ਖਤਮ ਹੋਣ ਦੀ ਵਿਸਲ ਵੱਜਣ ਸਾਰ ਚਿੱਟੀ ਵਰਦੀ ਵਿਚ ਇਰਾਨ ਦੇ ਖਿਡਾਰੀ ਕਫਣਾਂ ਨਾਲ ਢਕੀਆਂ ਲਾਸ਼ਾਂ ਵਾਂਗ ਮੈਦਾਨ ਵਿਚ ਖਿਲਰੇ ਡਿੱਗੇ ਪਏ ਸਨ। ਤਖਤ ਜਾਂ ਤਖਤਾ। ਜ਼ਿੰਦਗੀ ਦਾ ਇਕ ਇਕ ਛਿਣ ਜੇ ਇੱਡੇ ਵੱਡੇ ਵੱਡੇ ਫੈਸਲੇ ਕਰ ਜਾਂਦਾ ਹੈ ਤਾਂ ਅਸੀ ਸ਼ਰਾਬ ਅਤੇ ਨਸ਼ਿਆਂ ਵਿਚ ਅਥਾਹ ਸਮਾਂ, ਸਿਹਤ ਤੇ ਸੰਪਤੀ ਕਿਉਂ ਬਰਬਾਦ ਕਰਦੇ ਹਾਂ?



ਗਰੁੱਪ 'ਐੱਚ' ਵਿੱਚ ਕੋਲੰਬੀਆ, ਪੋਲੈਂਡ, ਜਪਾਨ ਤੇ ਸੇਨੇਗਲ ਦੀਆਂ ਟੀਮਾਂ ਸਨ। ਟੂਰਨਾਮੈਂਟ ਤੋਂ ਪਹਿਲਾਂ ਕੋਲੰਬੀਆ ਤੇ ਪੋਲੈਂਡ ਨੂੰ ਤਾਕਤਵਰ ਟੀਮਾਂ ਅਤੇ ਜਪਾਨ ਤੇ ਸੇਨੇਗਲ ਦੀਆਂ ਟੀਮਾਂ ਨੂੰ ਸੰਘਰਸ਼ਸ਼ੀਲ ਟੀਮਾਂ ਮੰਨਿਆ ਜਾ ਰਿਹਾ ਸੀ। ਗਰੁੱਪ ਦੇ ਪਹਿਲੇ ਦੋਵੇਂ ਮੈਚਾਂ ਵਿੱਚ ਹੀ ਉਲਟ ਫੇਰ ਹੋਇਆ, ਜਪਾਨ ਨੇ ਕੋਲੰਬੀਆ ਅਤੇ ਸੇਨੇਗਲ ਨੇ ਪੋਲੈਂਡ ਨੂੰ ਮਾਤ ਦਿੱਤੀ। ਜਪਾਨ ਤੇ ਸੇਨੇਗਲ ਅਗਲਾ ਮੈਚ ਆਪਸ ਵਿੱਚ ਦੋ ਦੋ ਗੋਲਾਂ ਦੀ ਬਰਾਬਰੀ ਤੇ ਖੇਡੇ। ਆਖਰੀ ਪੂਲ ਮੈਚ ਦੋਵੇਂ ਕ੍ਰਮਵਾਰ ਪੋਲੈਂਡ ਤੇ ਕੋਲੰਬੀਆ ਤੋਂ ਹਾਰ ਗਏ। ਕੋਲੰਬੀਆ ਛੇ ਅੰਕਾਂ ਨਾਲ ਪੂਲ ਦੇ ਸਿਖ਼ਰ ਤੇ ਰਹੀ ਅਤੇ ਚਾਰ ਚਾਰ ਅੰਕਾਂ ਵਾਲੀਆਂ ਜਪਾਨ ਤੇ ਸੇਨੇਗਲ ਦੀਆਂ ਟੀਮਾਂ ਵਿੱਚੋਂ ਇੱਕ ਨੇ ਅੱਗੇ ਜਾਣਾ ਸੀ। ਨਿਯਮਾਂ ਮੁਤਾਬਕ ਗੋਲ ਕੀਤੇ ਅਤੇ ਆਪ ਸਰ ਗੋਲ ਹੋਏ, ਅਜਿਹੇ ਵੱਧ ਫਾਸਲੇ ਵਾਲੀ ਟੀਮ ਅੱਗੇ ਲੰਘ ਜਾਂਦੀ। ਲੇਕਿਨ ਦੋਵਾਂ ਦੇ ਅੰਕੜੇ ਸਿਫ਼ਰ- ਸਿਫ਼ਰ ਸਨ। ਦੂਸਰਾ ਪੈਮਾਨਾ ਵੱਧ ਗੋਲ ਕਿਸ ਨੇ ਕੀਤੇ, ਇੱਥੇ ਵੀ ਬਰਾਬਰੀ ਸੀ; ਦੋਵੇਂ ਟੀਮਾਂ ਨੇ ਚਾਰ ਚਾਰ ਗੋਲ ਕੀਤੇ ਅਤੇ ਏਨੇ ਹੀ ਉਨ੍ਹਾਂ ਵਿਰੁੱਧ ਹੋਏ ਸਨ। ਫੇਅਰਪਲੇਅ ਅਗਲਾ ਪੈਮਾਨਾ ਸੀ; ਪੀਲੇ ਕਾਰਡ ਦਾ ਮਨਫ਼ੀ ਇੱਕ ਪੁਆਇੰਟ। ਅਸਿੱਧੇ ਲਾਲ ਦੇ ਤਿੰਨ ਅਤੇ ਸਿੱਧੇ ਲਾਲ ਕਾਰਡ ਦੇ ਮਨਫ਼ੀ ਚਾਰ ਪੁਆਇੰਟ ਹੁੰਦੇ ਹਨ। ਇੱਥੋਂ ਸੇਨੇਗਲ ਮਾਤ ਖਾ ਗਿਆ। ਉਸ ਦੇ ਮਨਫ਼ੀ ਛੇ ਪੁਆਇੰਟ ਸਨ ਤੇ ਜਾਪਾਨ ਦੇ ਮਨਫ਼ੀ ਚਾਰ। ਦੋਵੇਂ ਮੈਚ ਇੱਕੋ ਸਮੇਂ ਸਮਾਪਤ ਹੋਏ। ਜਿਉਂ ਹੀ 'ਐੱਚ' ਗਰੁੱਪ ਦੀਆਂ ਟੀਮਾਂ ਦਾ ਚਾਰਟ ਸਕਰੀਨ 'ਤੇ ਆਇਆ ਤਾਂ ਤਰਥੱਲੀ ਮੱਚ ਗਈ। ਜਪਾਨ ਦੇ ਖਿਡਾਰੀ ਮੈਦਾਨ ਦਾ ਚੱਕਰ ਲਾ ਕੇ ਦਰਸ਼ਕਾਂ ਤੋਂ ਮੁਬਾਰਕਾਂ ਕਬੂਲਣ ਲੱਗੇ ਤੇ ਸੇਨੇਗਲ ਦੀ ਟੀਮ ਗਹਿਰੇ ਮਾਤਮ ਵਿੱਚ ਡੁੱਬ ਗਈ। ਉਸ ਦਿਨ ਕੈਮਰੇ ਤੋਂ ਉਨ੍ਹਾਂ ਖਿਡਾਰੀਆਂ ਤੇ ਸੈਨੇਗਲ ਦੇ ਦਰਸ਼ਕਾਂ ਦਾ ਦੁੱਖ ਝੱਲਿਆ ਨਹੀਂ ਜਾਂਦਾ ਸੀ। ਜ਼ਿੰਦਗੀ ਜੇ ਇਵੇਂ ਪੈਮਾਨੇ ਲਾ ਲਾ ਕੇ ਵੇਖਦੀ ਹੈ, ਫਿਰ ਅਸੀਂ ਵਿਆਹਾਂ 'ਤੇ ਅਥਾਹ ਖਰਚੇ, ਸ਼ਰਾਬ ਤੇ ਮਹਿੰਗੇ ਖਾਣੇ ਕਿਵੇਂ ਸਹਿਣ ਕਰਦੇ ਹਾਂ।

ਜਦ ਗੋਲ ਹੁੰਦਾ ਤਾਂ ਫੁੱਟਬਾਲ ਗੋਲ ਪੋਸਟ ਪਿੱਛੇ ਲੱਗੇ ਜਾਲ਼ ਨਾਲ ਜਾ ਟਕਰਾਉਂਦੀ ਤੇ ਜਾਲ਼ ਵਿੱਚ ਤੇਜ਼ੀ ਨਾਲ ਹਿੱਲ-ਜੁਲ ਹੁੰਦੀ। ਇਹੋ ਗਤੀ ਗੋਲ ਕਰਨ ਵਾਲੇ ਖਿਡਾਰੀ ਦੇ ਐਕਸ਼ਨਾਂ ਵਿੱਚ ਦਾਖ਼ਲ ਹੁੰਦੀ ਤੇ ਉਹ ਕਈ ਤਰ੍ਹਾਂ ਦੇ ਐਕਸ਼ਨ ਕਰਨ ਲੱਗਦਾ। ਪੁਰਤਗਾਲ ਦੇ ਰੋਨਾਲਡੋ ਦੇ ਜਦੋਂ ਸਪੇਨ ਸਿਰ ਦੂਜਾ ਗੋਲ ਕੀਤਾ ਤਾਂ ਉਹ ਕੁਝ ਝਾੜਨ ਵਾਂਗ ਆਪਣੀ ਠੋਡੀ 'ਤੇ ਵਾਰ-ਵਾਰ ਹੱਥ ਮਾਰਨ ਲੱਗਾ। ਅਫ਼ਰੀਕੀ ਖਿਡਾਰੀ ਗੋਲ ਕਰਨ ਤੋਂ ਬਾਅਦ ਹੱਥਾਂ ਦੇ ਜ਼ੋਰ 'ਤੇ ਟਪੂਸੀਆਂ ਮਾਰਦੇ ਤੇ ਆਪਣੇ ਕਮਾਏ ਹੋਏ ਸਰੀਰਾਂ ਦੇ ਜੌਹਰ ਵਿਖਾਉਂਦੇ। ਬਹੁਤੇ ਖਿਡਾਰੀ ਗੋਲ ਕਰਕੇ ਮੈਦਾਨ ਦੇ ਖੂੰਜੇ ਵੱਲ ਨੂੰ ਭੱਜਦੇ ਤੇ ਬਾਕੀ ਖਿਡਾਰੀ ਉਸ ਦੇ ਮਗਰ-ਮਗਰ ਉਸ ਉੱਪਰ ਟਪੂਸੀਆਂ ਮਾਰ-ਮਾਰ ਡਿੱਗਣ ਲੱਗਦੇ ਤੇ ਇੰਜ ਸਰੀਰਾਂ ਦਾ ਢੇਰ ਜਿਹਾ ਲੱਗ ਜਾਂਦਾ। ਅਨਾਊਂਸਰਾਂ ਦੇ ਬੋਲਾਂ ਵਿੱਚ ਤੇਜ਼ੀ ਆਉਂਦੀ ਅਤੇ ਐਕਸ਼ਨ ਤੇ ਆਵਾਜ਼ ਰਲ਼ ਕੇ ਦਰਸ਼ਕਾਂ ਲਈ ਖ਼ੁਸ਼ੀਆਂ ਦਾ ਸਿਖ਼ਰ ਪੇਸ਼ ਕਰਦੇ। ਜਿੱਤਣ ਦੀ ਖ਼ੁਸ਼ੀ ਜੇ ਵਿਅਕਤੀ ਨੂੰ ਮਦਹੋਸ਼ ਕਰਨ ਦੀ ਸਮਰੱਥਾ ਰੱਖਦੀ ਹੈ ਤਾਂ ਹਾਰ ਦਾ ਗ਼ਮ ਉਸ ਨੂੰ ਡੂੰਘੇ ਸਦਮੇ ਵਿਚ ਲੈ ਜਾਂਦਾ ਹੈ। ਮੈਕਸਿਕੋ ਨੇ ਗਰੁੱਪ 'ਜੀ' ਦੇ ਪਹਿਲੇ ਹੀ ਮੈਚ ਵਿੱਚ 2014 ਦੇ ਸੰਸਾਰ ਕੱਪ ਜੇਤੂ ਜਰਮਨੀ ਟੀਮ ਨੂੰ ਹਰਾ ਕੇ ਵੱਡਾ ਧਮਾਕਾ ਕੀਤਾ ਸੀ। ਅਗਲੇ ਦਿਨ ਸੰਸਾਰ ਦੀਆਂ ਅਖ਼ਬਾਰਾਂ ਇਸ ਵੱਡੀ ਖ਼ਬਰ ਨਾਲ ਭਰੀਆਂ ਪਈਆਂ ਸਨ। ਜਰਮਨ ਖਿਡਾਰੀ ਇਸ ਸਦਮੇ ਵਿੱਚੋਂ ਹਾਲੇ ਨਿਕਲੇ ਵੀ ਨਹੀਂ ਸਨ ਕਿ ਉਨ੍ਹਾਂ ਦਾ ਸਵੀਡਨ ਨਾਲ ਅਗਲਾ ਮੈਚ ਸੀ। ਇਹ ਮੈਚ ਉਹ ਟੋਨੀ ਕਰੂਜ਼ ਦੇ ਆਖ਼ਰੀ ਛਿਣਾਂ ਵਿੱਚ ਕੀਤੇ ਗੋਲ ਨਾਲ ਜਿੱਤ ਗਏ, ਲੇਕਿਨ ਪੂਲ ਦਾ ਆਖ਼ਰੀ ਮੈਚ ਕੋਰੀਆ ਹੱਥੋਂ ਹਾਰ ਕੇ ਇਸ ਟੂਰਨਾਮੈਂਟ ਤੋਂ ਬਾਹਰ ਹੋ ਗਏ। ਜਦ ਕੋਰੀਆ ਵਾਲਾ ਮੈਚ ਸਮਾਪਤ ਹੋਇਆ ਤਾਂ ਜਰਮਨ ਦਰਸ਼ਕ ਮੁਟਿਆਰ ਦੇ ਅੱਖਾਂ ਵਿੱਚ ਦੋ ਹੰਝੂ ਟਪਕੇ ਤੇ ਦਰਿਆ ਦੇ ਸਮੁੰਦਰ ਵਿੱਚ ਸਮੋ ਜਾਣ ਵਾਂਗ ਉਸ ਦੇ ਚਿਹਰੇ 'ਤੇ ਬਣੇ ਜਰਮਨੀ ਦੇ ਝੰਡਿਆਂ ਵਿੱਚ ਸਮੋ ਗਏ। ਜਰਮਨੀ ਦਾ ਪਹਿਲੇ ਹੀ ਗੇੜ ਵਿੱਚ ਸੰਸਾਰ ਕੱਪ ਤੋਂ ਬਾਹਰ ਹੋ ਜਾਣਾ ਇਸ ਟੂਰਨਾਮੈਂਟ ਦਾ ਸਭ ਤੋਂ ਵੱਡਾ ਉਲਟ ਫੇਰ ਹੈ। ਇਸ ਸਦਮੇ ਕਾਰਨ ਜਰਮਨ ਦੇਸ਼ ਗਹਿਰੇ ਸਦਮੇ ਵਿੱਚ ਡੁੱਬ ਗਿਆ ਸੀ। ਖੇਡਾਂ ਨੇ ਜਵਾਨੀ ਦੀ ਊਰਜਾ ਨੂੰ ਸਮੋ ਕੇ ਉਸ ਨੂੰ ਸਾਰਥਿਕ ਸੇਧ ਦਿੱਤੀ। ਲੜਦੇ-ਝਗੜਦੇ ਮਨੁੱਖਾਂ ਅਤੇ ਦੇਸ਼ਾਂ ਨੂੰ ਜ਼ਿੰਦਗੀ ਦੀ ਰੌਚਕਿਤਾ ਵੱਲ ਮੋੜਿਆ ਹੈ। ਸੁਲ੍ਹਾ-ਸਫਾਈ ਤੇ ਸਨੇਹ-ਪਿਆਰ ਦੇ ਵੱਡੇ-ਵੱਡੇ ਪਲੇਟਫਾਰਮ ਮੁਹੱਈਆ ਕੀਤੇ ਹਨ। ਖੇਡ ਮੇਲਿਆਂ ਤੇ ਸੰਸਾਰ ਮੁਕਾਬਲਿਆਂ ਨੇ ਮਨੁੱਖਤਾ ਦੀ ਝੋਲੀ ਅਥਾਹ ਖ਼ੁਸ਼ੀਆਂ ਪਾਈਆਂ ਹਨ। ਖੇਡਾਂ ਦੇ ਸਿੱਧੇ-ਅਸਿੱਧੇ ਪ੍ਰਭਾਵਾਂ ਨੇ ਮਨੁੱਖਤਾ ਨੂੰ ਤਾਜ਼ਗੀ ਤੇ ਖ਼ੁਸ਼ੀਆਂ ਨਾਲ ਨਿਵਾਜਿਆ ਹੈ। ਖੇਡਾਂ ਨੇ ਔਰਤ ਨੂੰ ਮਾਣ ਬਖਸ਼ਿਆ ਹੈ। ਸੰਸਾਰ ਫੁੱਟਬਾਲ ਕੱਪ ਦੀ ਤਿਆਰੀ ਦੇ ਦਿਨਾਂ ਦੌਰਾਨ ਇਰਾਨ ਨੇ ਔਰਤਾਂ ਲਈ ਖੇਡ ਸਟੇਡੀਅਮ ਦੇ ਦਰਵਾਜੇ ਖੋਲ੍ਹ ਦਿੱਤੇ; ਸਾਊਦੀ ਅਰਬ ਨੇ ਆਪਣੀਆਂ ਸੁਆਣੀਆਂ ਨੂੰ ਆਪਣੀ ਜ਼ਿੰਦਗੀ ਦੀ ਕਾਰ ਆਪ ਚਲਾ ਸਕਣ ਦਾ ਤੋਹਫ਼ਾ ਦਿੱਤਾ। ਫੁੱਟਬਾਲ ਸੰਸਾਰ ਕੱਪ ਕੇਵਲ ਫੁੱਟਬਾਲ ਖੇਡ ਤੇ ਇੱਕ ਮਹੀਨੇ ਤੱਕ ਹੀ ਸੀਮਤ ਨਹੀਂ, ਸਾਡਾ ਜੀਵਨ ਵੀ ਇਸੇ ਸੰਸਾਰ ਕੱਪ ਵਾਂਗ ਰੰਗ-ਬਿਰੰਗਾ ਤੇ ਗਤੀਸ਼ੀਲ ਹੈ। ਖਿਡਾਰੀਆਂ ਦੀ ਜ਼ਿੰਦਗੀ ਵਾਂਗ ਏਨੀ ਹੀ ਮਿਹਨਤ ਮੰਗਦਾ ਹੈ ਅਤੇ ਜਿੱਤਣ ਤੇ ਹਾਰਨ ਦੇ ਅਨੁਭਵਾਂ ਨਾਲ ਭਰਪੂਰ ਹੈ। ਪੰਜਾਬੀਆਂ ਅਤੇ ਪੰਜਾਬ ਦੀ ਜਵਾਨੀ ਨੂੰ ਆਲਮੀ ਫੁੱਟਬਾਲ ਕੱਪ ਤੋਂ ਵੱਡੇ ਸਬਕ ਸਿੱਖਣੇ ਚਾਹੀਦੇ ਹਨ।

# ਸੂਫ਼ੀ ਗਾਇਕੀ ਦਾ ਅਲੰਬਰਦਾਰ



*ਮੈਂ ਇਸ ਗੱਲ ਨਾਲ ਸਹਿਮਤ ਹਾਂ,' ਪੰਜਾਬ ਦੇ ਲੋਕਾਂ ਨੇ ਇਸ ਫ਼ਿਲਮ ਨੂੰ ਓਨਾ ਹੁੰਗਾਰਾ ਨਹੀਂ ਦਿੱਤਾ ਜਿੰਨਾ ਵਿਦੇਸ਼ਾਂ ਵਿਚ ਬੈਠੇ ਪੰਜਾਬੀਆਂ ਨੇ ਦਿੱਤਾ। ਇਸ ਫ਼ਿਲਮ ਨੂੰ ਲੈ ਕੇ ਸਾਡੀ ਲੁਧਿਆਣਾ ਵਿਚ ਪ੍ਰੈਸ ਕਾਨਫਰੰਸ ਸੀ ਤੇ ਮੇਰੇ ਨਾਲ ਸ਼ਬਾਨਾ ਆਜ਼ਮੀ ਵੀ ਸਨ ਜੋ ਕਿ ਇਸ ਫ਼ਿਲਮ ਵਿਚ ਮੇਰੇ ਮਾਤਾ ਜੀ ਦਾ ਕਿਰਦਾਰ ਨਿਭਾਅ ਰਹੇ ਸਨ। ਉਨ੍ਹਾਂ ਨੇ ਮੈਨੂੰ ਕਿਹਾ ਕਿ ਸਰਤਾਜ ਤੁਹਾਨੂੰ ਕੀ ਲਗਦਾ ਹੈ ਕਿ ਇਹ ਫ਼ਿਲਮ ਲੋਕ ਦੇਖਣਗੇ ਤਾਂ ਮੇਰਾ ਇੱਕੋ ਜਵਾਬ ਸੀ 'ਨਹੀਂ' ਤਾਂ ਉਨ੍ਹਾਂ ਨੇ ਬਹੁਤ ਹੈਰਾਨਗੀ ਨਾਲ ਮੈਨੂੰ ਪੁੱਛਿਆ ਕਿ ਇਸ ਤਰ੍ਹਾਂ ਕਿਉਂ ਕਹਿ ਰਹੇ ਹੋ। ਮੇਰਾ ਜਵਾਬ ਸੀ ਕਿ ਹਾਲੇ ਸਾਡੇ ਪੰਜਾਬ ਦੇ ਦਰਸ਼ਕਾਂ ਨੂੰ ਇਹੋ-ਜਿਹਾ ਵਿਸ਼ਾ ਦੇਖਣ ਤੇ ਸਮਝਣ ਵਿਚ ਸਮਾਂ ਲੱਗੇਗਾ ਤੇ ਉੱਤੋਂ ਸਾਡੀ ਇਹ ਫ਼ਿਲਮ ਹੌਲੀ ਸੀ ਤੇ ਘੱਟ ਲੋਕ ਹੀ ਇੰਨੇ ਸਬਰ ਨਾਲ ਕੋਈ ਫ਼ਿਲਮ ਦੇਖ ਸਕਦੇ ਹਨ ਤੇ ਉਹੀ ਗੱਲ ਹੋਈ। ਮੈਂ ਇਸ ਫ਼ਿਲਮ ਨੂੰ ਉਚੇਚੇ ਤੌਰ 'ਤੇ ਪੰਜਾਬੀ ਭਾਸ਼ਾ ਵਿਚ ਡੱਬ ਕਰਾਇਆ ਸੀ ਕਿਉਂਕਿ ਮੈਂ ਚਾਹੁੰਦਾ ਸੀ ਕਿ ਆਪਣੇ ਪੰਜਾਬੀ ਇਹ ਫ਼ਿਲਮ ਦੇਖਣ। ਫ਼ਿਲਮ ਨੇ ਯੂਕੇ, ਨਿਊਜ਼ੀਲੈਂਡ ਤੇ ਆਸਟਰੇਲੀਆ ਵਿਚ ਬਹੁਤ ਵਧੀਆ ਕੰਮ ਕੀਤਾ ਤੇ ਪੰਜਾਬ ਦਾ ਤੁਹਾਨੂੰ ਪਤਾ ਹੀ ਹੈ।*

ਦਮਨਜੀਤ ਕੌਰ
(ਸੰਪਰਕ : 73072-47842)

ਸਤਿੰਦਰ ਸਰਤਾਜ ਇੱਕ ਅਜਿਹੀ ਸ਼ਖ਼ਸੀਅਤ ਹੈ ਜਿਸਦਾ ਨਾਮ ਸੁਣ ਕੇ ਹੀ ਮਨ ਵਿਚ ਸੂਫ਼ੀ ਤੇ ਸੁਚੱਜੀ ਗਾਇਕੀ ਦਾ ਖਿਆਲ ਆ ਜਾਂਦਾ ਹੈ। ਉਹ ਹਰ ਵਾਰ ਇੱਕ ਅਲੱਗ ਅੰਦਾਜ਼ ਵਿਚ ਗੀਤ ਲੈ ਕੇ ਆਉਂਦਾ ਹੈ ਤੇ ਲੋਕਾਂ ਨੂੰ ਸੋਚਣ 'ਤੇ ਮਜਬੂਰ ਕਰ ਦਿੰਦਾ ਹੈ ਕਿ ਅਜਿਹੀ ਸੁਚੱਜੀ ਗਾਇਕੀ ਹਾਲੇ ਵੀ ਜਿਉਂਦੀ ਹੈ ਤੇ ਲੋਕ ਉਸਨੂੰ ਸੁਣਨਾ ਪਸੰਦ ਕਰਦੇ ਹਨ। ਪੇਸ਼ ਹਨ ਸਤਿੰਦਰ ਸਰਤਾਜ ਨਾਲ ਉਸਦੀ ਗਾਇਕੀ ਸਬੰਧੀ ਹੋਈ ਗੱਲਬਾਤ ਦੇ ਅੰਸ਼:

**• ਤੁਹਾਡੀ ਗਾਇਕੀ ਦੇ ਲੋਕ ਕਾਇਲ ਹਨ, ਤੁਸੀਂ ਕਦੀਂ ਪੌਪ ਗਾਇਕੀ ਬਾਰੇ ਲਿਖਣ ਜਾਂ ਗਾਉਣ ਬਾਰੇ ਕਿਉਂ ਨਹੀਂ ਸੋਚਿਆ ?**

- ਮੈਂ ਪੌਪ ਗਾਉਂਦਾ ਚੰਗਾ ਹੀ ਨਹੀਂ ਲੱਗਣਾ ਤੇ ਨਾ ਮੈਂ ਇਹੋ ਜਿਹੇ ਮਾਹੌਲ ਵਿਚੋਂ ਆਇਆ ਹਾਂ ਜਿਥੇ ਮੈਂ ਇਹ ਸਿੱਖਿਆ ਹੋਵੇ ਕਿ ਕੁਝ ਵੀ ਲਿਖ ਦਿਓ ਤੇ ਕੁਝ ਵੀ ਗਾ ਦਿਓ। ਮੈਂ ਸਾਹਿਤ ਬਹੁਤ ਪੜ੍ਹਿਆ ਹੈ ਤੇ ਮੇਰੇ ਮੁਤਾਬਿਕ ਇਹ ਤੁਹਾਡੀ ਜ਼ਿੰਦਗੀ 'ਤੇ ਬਹੁਤ ਪ੍ਰਭਾਵ ਪਾਉਂਦਾ ਹੈ ਕਿ ਤੁਸੀਂ ਕਿਸ ਤਰ੍ਹਾਂ ਦਾ ਪੜ੍ਹਨਾ ਤੇ ਸੁਣਨਾ ਪਸੰਦ ਕਰਦੇ ਹੋ। ਇਸ ਲਈ ਸਾਹਿਤ ਤੋਂ ਮੈਂ ਹਮੇਸ਼ਾਂ ਸੁਚੱਜਾ ਗਾਉਣਾ ਤੇ ਲਿਖਣਾ ਹੀ ਸਿੱਖਿਆ।

**• ਤੁਸੀਂ ਹਮੇਸ਼ਾ ਆਪਣੇ ਲਿਖੇ ਗੀਤ ਗਾਉਂਦੇ ਹੋ, ਕਦੀਂ ਹੋਰਾਂ ਦੇ ਲਿਖੇ ਗੀਤ ਗਾਉਣ ਬਾਰੇ ਸੋਚਿਆ ?**

- ਮੈਨੂੰ ਕਦੀਂ ਲੋੜ ਹੀ ਨਹੀਂ ਪਈ ਤੇ ਨਾ ਮਹਿਸੂਸ ਹੋਈ। ਆਪਣੇ ਲਿਖੇ ਹੋਏ ਗੀਤਾਂ ਵਿਚ ਹੀ ਮੈਨੂੰ ਬਹੁਤ ਸਕੂਨ ਮਿਲ ਜਾਂਦਾ ਹੈ। ਮੈਨੂੰ ਲਗਦਾ ਹੈ ਕਿ ਜੇ ਮੈਂ ਕਿਸੇ ਹੋਰ ਦੇ ਲਿਖੇ ਗੀਤ ਗਾਵਾਂਗਾ ਤਾਂ ਸਹਿਜ ਮਹਿਸੂਸ ਨਹੀਂ ਕਰਾਂਗਾ।

**• ਤੁਹਾਨੂੰ ਲਗਦਾ ਹੈ ਕਿ ਗੀਤਾਂ ਦੇ ਬੋਲਾਂ ਦਾ ਲੋਕਾਂ 'ਤੇ ਅਸਰ ਪੈਂਦਾ ਹੈ ?**

- ਹਾਂ, ਮੈਂ ਇਸ ਨਾਲ ਬਿਲਕੁਲ ਸਹਿਮਤ ਹਾਂ, ਗੀਤਾਂ ਦੇ ਬੋਲਾਂ ਦਾ ਲੋਕਾਂ ਦੇ ਮਨਾਂ ਉੱਤੇ, ਉਨ੍ਹਾਂ ਦੀ ਜ਼ਿੰਦਗੀ ਵਿਚ ਬਹੁਤ ਅਸਰ ਪੈਂਦਾ ਹੈ। ਤੁਸੀਂ ਖ਼ੁਦ ਸੋਚੋ ਜਦੋਂ ਮਾਰਕੀਟ ਵਿਚ ਨਵੇਂ ਕੱਪੜਿਆਂ ਦਾ ਫੈਸ਼ਨ ਆਉਂਦਾ ਹੈ ਤਾਂ ਲੋਕ ਉਸ ਤੋਂ ਪ੍ਰਭਾਵਿਤ ਹੋ ਕੇ ਉਹੋ ਜਿਹੇ ਕੱਪੜੇ ਖ਼ਰੀਦਣੇ ਸ਼ੁਰੂ ਕਰ ਦਿੰਦੇ ਹਨ ਤਾਂ ਫਿਰ ਗੀਤਾਂ ਦਾ ਅਸਰ ਕਿਉਂ ਨਹੀਂ ਪਵੇਗਾ।

**• ਪਰ ਜਿਵੇਂ ਅੱਜਕੱਲ੍ਹ ਗੱਲ ਚੱਲ ਰਹੀ ਹੈ ਕਿ ਗਾਇਕਾਂ ਨੂੰ ਭੜਕਾਊ ਗੀਤ ਨਹੀਂ ਗਾਉਣੇ ਚਾਹੀਦੇ। ਤੁਸੀਂ ਉਸ 'ਤੇ ਕੀ ਕਹੋਗੇ ?**

- ਦੇਖੋ ਗੀਤ ਸੁਣਦਾ ਕੌਣ ਹੈ, ਅਸੀਂ ਲੋਕ ਹੀ ਸੁਣਦੇ ਹਾਂ। ਜੇ ਕੋਈ ਗੀਤ ਕਿਸੇ ਦੀ ਗੱਡੀ, ਟੈਕਸੀ, ਆਟੋ, ਬੱਸ ਵਿਚ ਚੱਲ ਰਿਹਾ ਹੈ ਤਾਂ ਇਸ ਦਾ ਸਾਫ਼-ਸਾਫ਼ ਮਤਲਬ ਹੈ ਕਿ ਲੋਕ ਉਸ ਗੀਤ ਨੂੰ ਪਸੰਦ ਕਰ ਰਹੇ ਹਨ, ਉਸਦੀ ਮੰਗ ਵਧਾ ਰਹੇ ਹਨ। ਅਜਿਹੇ ਗੀਤ ਉਦੋਂ ਹੀ ਬੰਦ ਹੋਣਗੇ ਜਦੋਂ ਅਸੀਂ ਇਹੋ-ਜਿਹੇ ਭੜਕਾਊ ਗੀਤਾਂ ਨੂੰ ਸੁਣਨਾ ਬੰਦ ਕਰਾਂਗੇ। ਸਾਨੂੰ ਆਪਣੇ ਆਪ ਬਹੁਤ ਕੁਝ ਕਰਨ ਦੀ ਲੋੜ ਹੈ ਜੋ ਅਸੀਂ ਨਹੀਂ ਕਰ ਰਹੇ।

**• ਸੋਸ਼ਲ ਮੀਡੀਆ ਨੂੰ ਲੈ ਕੇ ਤੁਸੀਂ ਕਿੰਨੇ ਕੁ ਸੰਜੀਦਾ ਹੋ ?**

-ਮੈਨੂੰ ਸੋਸ਼ਲ ਮੀਡੀਆ ਦਾ ਕੋਈ ਖ਼ਾਸ ਸ਼ੌਕ ਨਹੀਂ ਹੈ। ਮੈਂ ਆਪਣੀ ਜ਼ਿੰਦਗੀ ਵਿਚ ਹਮੇਸ਼ਾਂ ਸਟੇਜ 'ਤੇ ਲਾਈਵ ਗਾਇਕੀ ਨੂੰ ਵੱਧ ਤਵੱਜੋ ਦਿੱਤੀ ਹੈ। ਕਦੀਂ ਇਹ ਨਹੀਂ ਸੋਚਿਆ ਕਿ ਆਪਣੇ ਗੀਤ ਨੂੰ ਸੋਸ਼ਲ ਮੀਡੀਆ ਰਾਹੀਂ ਵੱਧ ਲੋਕਾਂ ਤਕ ਪਹੁੰਚਾਵਾਂ। ਜਦੋਂ ਮੇਰਾ ਗੀਤ ਆਉਂਦਾ ਹੈ ਤਾਂ ਇੰਨਾ ਜ਼ਰੂਰ ਹੁੰਦਾ ਹੈ ਕਿ ਉਹ ਯੂ-ਟਿਊਬ 'ਤੇ ਪਾ ਦੇਵਾਂ, ਤੇ ਸੱਚ ਜਾਣਿਓ ਮੈਂ ਕਦੀਂ ਇਹ ਵੀ ਨਹੀਂ ਦੇਖਿਆ ਕਿ ਮੇਰੇ ਗੀਤ ਨੂੰ ਕਿੰਨੇ ਲੋਕਾਂ ਨੇ ਦੇਖਿਆ/ਸੁਣਿਆ ਹੈ। ਇੰਸਟਾਗ੍ਰਾਮ ਵੀ ਹੁਣ ਚਲਾਉਣਾ ਸ਼ੁਰੂ ਕੀਤਾ ਤਾਂ ਕਿ ਲੋਕਾਂ ਨੂੰ ਆਪਣੇ ਲਾਈਵ ਪ੍ਰੋਗਰਾਮਾਂ ਬਾਰੇ ਦੱਸ ਸਕਾਂ। ਮੈਂ ਹੁਣ ਤਕ ਤੇ ਅੱਗੇ ਵੀ ਹਮੇਸ਼ਾ ਲਾਈਵ ਗਾਇਕੀ ਤੇ ਸਟੇਜ ਗਾਇਕੀ ਨੂੰ ਹੀ ਤਵੱਜੋ ਦੇਵਾਂਗਾ ਕਿਉਂਕਿ ਮੈਨੂੰ ਲੱਗਦਾ ਹੈ ਕਿ ਲਾਈਵ ਗਾਇਕੀ ਨਾਲ ਤੁਸੀਂ ਲੋਕਾਂ ਨੂੰ ਆਪਣੇ ਨਾਲ ਜਿੰਨਾ ਜੋੜ ਸਕਦੇ ਹੋ, ਉਹ ਕਿਸੇ ਹੋਰ ਤਰੀਕੇ ਨਾਲ ਨਹੀਂ ਜੋੜ ਸਕਦੇ।

**• 'ਦਿ ਬਲੈਕ ਪ੍ਰਿੰਸ' ਦਾ ਅੰਤਰਰਾਸ਼ਟਰੀ ਪੱਧਰ 'ਤੇ ਪ੍ਰਚਾਰ ਕਰਕੇ ਕਿਵੇਂ ਮਹਿਸੂਸ ਹੋਇਆ ਸੀ ?**

-ਬਹੁਤ ਵਧੀਆ, ਜਦੋਂ ਕਾਨ ਫ਼ਿਲਮ ਫੈਸਟੀਵਲ ਵਿਚ ਮੈਂ ਦਸਤਾਰ ਸਜਾ ਕੇ ਗਿਆ ਤਾਂ ਇਕ ਅਲੱਗ ਜਿਹਾ ਹੀ ਅਹਿਸਾਸ ਸੀ, ਜੋ ਮੈਂ ਬਿਆਨ ਨਹੀਂ ਕਰ ਸਕਦਾ ਤੇ ਸਭ ਤੋਂ ਵੱਡੀ ਗੱਲ ਮੈਂ ਉਸ ਫ਼ਿਲਮ ਦਾ ਪ੍ਰਚਾਰ ਕਰਨ ਗਿਆ ਸੀ, ਜੋ ਸਾਡੇ ਸਿੱਖ ਇਤਿਹਾਸ ਨਾਲ ਜੁੜੀ ਹੋਈ ਸੀ ਤੇ ਸਾਡੇ ਸਿੱਖ ਰਾਜ ਦੇ ਆਖਿਰੀ ਰਾਜੇ ਮਹਾਰਾਜਾ ਦਲੀਪ ਸਿੰਘ 'ਤੇ ਸੀ। ਮੈਨੂੰ ਖ਼ੁਸ਼ੀ ਸੀ ਕਿ ਪੰਜਾਬੀ ਸਿਨਮਾ ਵਿਚ ਕੁਝ ਵੱਖਰਾ ਦੇਖਣ ਤੇ ਕਰਨ ਦਾ ਮੌਕਾ ਮਿਲਿਆ ਹੈ।

**• 'ਦਿ ਬਲੈਕ ਪ੍ਰਿੰਸ' ਜਿੰਨੀ ਵਿਦੇਸ਼ਾਂ ਵਿਚ ਚੱਲੀ ਓਨੀ ਪੰਜਾਬ 'ਚ ਨਹੀਂ, ਇਸ ਦਾ ਕੀ ਕਾਰਨ ਰਿਹਾ ?**

- ਮੈਂ ਇਸ ਗੱਲ ਨਾਲ ਸਹਿਮਤ ਹਾਂ; ਪੰਜਾਬ ਦੇ ਲੋਕਾਂ ਨੇ ਇਸ ਫ਼ਿਲਮ ਨੂੰ ਓਨਾ ਹੁੰਗਾਰਾ ਨਹੀਂ ਦਿੱਤਾ ਜਿੰਨਾ ਵਿਦੇਸ਼ਾਂ ਵਿਚ ਬੈਠੇ ਪੰਜਾਬੀਆਂ ਨੇ ਦਿੱਤਾ। ਇਸ ਫ਼ਿਲਮ ਨੂੰ ਲੈ ਕੇ ਸਾਡੀ ਲੁਧਿਆਣਾ ਵਿਚ ਪ੍ਰੈਸ ਕਾਨਫਰੰਸ ਸੀ ਤੇ ਮੇਰੇ ਨਾਲ ਸ਼ਬਾਨਾ ਆਜ਼ਮੀ ਵੀ ਸਨ ਜੋ ਕਿ ਇਸ ਫ਼ਿਲਮ ਵਿਚ ਮੇਰੇ ਮਾਤਾ ਜੀ ਦਾ ਕਿਰਦਾਰ ਨਿਭਾਅ ਰਹੇ ਸਨ। ਉਨ੍ਹਾਂ ਨੇ ਮੈਨੂੰ ਕਿਹਾ ਕਿ ਸਰਤਾਜ ਤੁਹਾਨੂੰ ਕੀ ਲਗਦਾ ਹੈ ਕਿ ਇਹ ਫ਼ਿਲਮ ਲੋਕ ਦੇਖਣਗੇ ਤਾਂ ਮੇਰਾ ਇੱਕੋ ਜਵਾਬ ਸੀ 'ਨਹੀਂ' ਤਾਂ ਉਨ੍ਹਾਂ ਨੇ ਬਹੁਤ ਹੈਰਾਨਗੀ ਨਾਲ ਮੈਨੂੰ ਪੁੱਛਿਆ ਕਿ ਇਸ ਤਰ੍ਹਾਂ ਕਿਉਂ ਕਹਿ ਰਹੇ ਹੋ। ਮੇਰਾ ਜਵਾਬ ਸੀ ਕਿ ਹਾਲੇ ਸਾਡੇ ਪੰਜਾਬ ਦੇ ਦਰਸ਼ਕਾਂ ਨੂੰ ਇਹੋ-ਜਿਹਾ ਵਿਸ਼ਾ ਦੇਖਣ ਤੇ ਸਮਝਣ ਵਿਚ ਸਮਾਂ ਲੱਗੇਗਾ ਤੇ ਉੱਤੋਂ ਸਾਡੀ ਇਹ ਫ਼ਿਲਮ ਹੌਲੀ ਸੀ ਤੇ ਘੱਟ ਲੋਕ ਹੀ ਇੰਨੇ ਸਬਰ ਨਾਲ ਕੋਈ ਫ਼ਿਲਮ ਦੇਖ ਸਕਦੇ ਹਨ ਤੇ ਉਹੀ ਗੱਲ ਹੋਈ। ਮੈਂ ਇਸ ਫ਼ਿਲਮ ਨੂੰ ਉਚੇਚੇ ਤੌਰ 'ਤੇ ਪੰਜਾਬੀ ਭਾਸ਼ਾ ਵਿਚ ਡੱਬ ਕਰਾਇਆ ਸੀ ਕਿਉਂਕਿ ਮੈਂ ਚਾਹੁੰਦਾ ਸੀ ਕਿ ਆਪਣੇ ਪੰਜਾਬੀ ਇਹ ਫ਼ਿਲਮ ਦੇਖਣ। ਫ਼ਿਲਮ ਨੇ ਯੂਕੇ, ਨਿਊਜ਼ੀਲੈਂਡ ਤੇ ਆਸਟਰੇਲੀਆ ਵਿਚ ਬਹੁਤ ਵਧੀਆ ਕੰਮ ਕੀਤਾ ਤੇ ਪੰਜਾਬ ਦਾ ਤੁਹਾਨੂੰ ਪਤਾ ਹੀ ਹੈ।

**• ਤੁਸੀਂ ਹੁਣ ਦਰਸ਼ਕਾਂ ਲਈ ਹੋਰ ਕੀ ਲੈ ਕੇ ਆ ਰਹੇ ਹੋ ?**

- ਮੇਰੇ ਚਾਰ ਗੀਤ ਰਿਲੀਜ਼ ਹੋਣ ਜਾ ਰਹੇ ਹਨ ਤੇ ਮੈਨੂੰ ਉਮੀਦ ਹੈ ਕਿ ਸਰੋਤੇ ਉਨ੍ਹਾਂ ਨੂੰ ਵੀ ਓਨਾ ਹੀ ਪਿਆਰ ਦੇਣਗੇ ਜਿੰਨਾ ਉਨ੍ਹਾਂ ਨੇ ਮੇਰੇ ਹੁਣ ਤਕ ਦੇ ਗੀਤਾਂ ਨੂੰ ਦਿੱਤਾ ਹੈ। ਹਾਲ ਹੀ ਵਿਚ ਮੇਰੀ ਐਲਬਮ 'ਸੀਜ਼ਨਜ਼ ਆਫ ਸਰਤਾਜ' ਵਿਚੋਂ 'ਨਿਲਾਮੀ' ਗੀਤ ਰਿਲੀਜ਼ ਹੋਇਆ ਹੈ। ਫ਼ਿਲਮਾਂ ਦੀਆਂ ਵੀ ਪੇਸ਼ਕਸ਼ਾਂ ਆ ਰਹੀਆਂ ਹਨ ਪਰ ਕੋਸ਼ਿਸ਼ ਇਹੀ ਰਹੇਗੀ ਕਿ ਵਧੀਆ ਕਿਰਦਾਰ ਨਿਭਾਵਾਂ ਜੋ ਮੈਨੂੰ ਵੀ ਤਸੱਲੀ ਦੇਵੇ ਤੇ ਦਰਸ਼ਕਾਂ ਨੂੰ ਵੀ।

---

# ਦੁਆਬੇ ਵਿਚ ਫਿੱਕੇ ਪਏ ਸੰਧੂਰੀ ਅੰਬ

ਬਲਜਿੰਦਰ ਮਾਨ
(ਸੰਪਰਕ: 98150-18947)

ਦੁਆਬੇ ਨੂੰ ਅੰਬਾਂ ਦਾ ਘਰ ਮੰਨਿਆ ਗਿਆ ਹੈ ਪਰ ਸਮੇਂ ਦੀ ਤੋਰ ਨੇ ਤੇ ਇਸ ਦੀ ਵਧਦੀ ਆਬਾਦੀ ਨੇ ਅੰਬਾਂ ਦੀ ਅਜਿਹੀ ਤਬਾਹੀ ਕੀਤੀ ਕਿ ਹੁਣ ਇੱਥੇ ਅੰਬਾਂ ਦੇ ਬਾਗ਼ ਦਿਖਾਈ ਨਹੀਂ ਦਿੰਦੇ। ਅੱਜਕੱਲ੍ਹ ਜੇ ਇਸ ਇਲਾਕੇ ਵਿਚ ਗੇੜਾ ਮਾਰੀਏ ਤਾਂ ਅੰਬਾਂ ਦੇ ਬਾਗ਼ ਕਿਧਰੇ ਨਹੀਂ ਲੱਭਦੇ। ਜੇਕਰ ਕੋਈ ਵਿਰਲਾ ਬੂਟਾ ਬਚਿਆ ਹੈ ਤਾਂ ਉਹ ਸੁੱਕ ਰਿਹਾ ਹੈ। ਪੁਰਾਣੇ ਬਾਗ਼ ਕੁਝ ਲੋਕਾਂ ਦੀ ਮਾੜੀ ਆਰਥਿਕਤਾ ਦਾ ਸ਼ਿਕਾਰ ਹੋ ਗਏ ਨੇ ਤੇ ਕੁਝ ਚੌੜੀਆਂ ਹੋਈਆਂ ਸੜਕਾਂ ਦੀ ਭੇਟ ਚੜ੍ਹ ਗਏ ਹਨ। ਇਸ ਲਈ ਹੀ ਕਿਹਾ ਗਿਆ ਹੈ:

ਕਿੱਕਰ ਨਿੰਮ ਫਲਾਹ ਤੇ ਜਾਮਣ ਜੜ੍ਹੋਂ ਪੁਟਾ ਸੁੱਟੇ
ਜੰਡ ਬਰੋਟਾ ਤੂਤ ਬੇਰੀਆਂ ਅਸੀਂ ਵਢਾ ਸੁੱਟੇ
ਨਾ ਪਹਿਲਾਂ ਵਾਲਾ ਰਿਹਾ ਮਾਲਵਾ, ਨਾ ਉਹ ਮਾਝਾ ਜੀ
ਕਿੱਥੇ ਗਿਆ ਹੁਣ ਅੰਬਾਂ ਵਾਲਾ ਦੇਸ ਦੁਆਬਾ ਜੀ ?

ਲਗਪਗ ਪੱਚੀ-ਤੀਹ ਸਾਲ ਪਹਿਲਾਂ ਜ਼ਿਲ੍ਹਾ ਹੁਸ਼ਿਆਰਪੁਰ ਦੇ ਮਾਹਿਲਪੁਰ ਦਾ ਸਾਰਾ ਆਲਾ ਦੁਆਲਾ ਅੰਬਾਂ ਦੇ ਬਾਗ਼ਾਂ ਨਾਲ ਭਰਿਆ ਹੁੰਦਾ ਸੀ। ਜਿਸ ਪਾਸੇ ਨੂੰ ਮਰਜ਼ੀ ਚਲੇ ਜਾਓ ਠੰਢੀਆਂ ਛਾਵਾਂ ਤੇ ਮਿੱਠੇ ਅੰਬਾਂ ਦੀ ਮਹਿਕ ਮਨ ਅੰਦਰ ਅਨੂਠਾ ਰਸ ਘੋਲ ਦਿੰਦੀ ਸੀ। ਸਭ ਸੜਕਾਂ ਅੰਬਾਂ ਦੇ ਭਾਰੇ ਦਰੱਖਤਾਂ ਨਾਲ ਠੰਢੀਆਂ ਰਹਿੰਦੀਆਂ ਸਨ ਤੇ ਮੁਸਾਫਿਰਾਂ ਨੂੰ ਧੁੱਪ ਤੋਂ ਕਦੀ ਪਰੇਸ਼ਾਨੀ ਨਾ ਹੁੰਦੀ। ਇਸ ਇਲਾਕੇ ਦੀ ਪਛਾਣ ਪੂਰੀ ਦੁਨੀਆਂ ਵਿੱਚ ਅੰਬਾਂ ਦਾ ਘਰ ਕਰਕੇ ਹੁੰਦੀ ਸੀ, ਪਰ ਬਾਗ਼ਾਂ ਦਾ ਇਲਾਕਾ ਹੁਣ ਬਾਗਾਂ ਦੀਆਂ ਠੰਢੀਆਂ ਛਾਵਾਂ ਦਾ ਆਨੰਦ



ਮਾਣਨ ਨੂੰ ਤਰਸ ਰਿਹਾ ਹੈ।

ਬਚਪਨ ਵਿੱਚ ਅਸੀਂ ਆਪਣੇ ਬਾਬਾ ਜੀ ਨਾਲ ਟੋਕਰੀਆਂ ਵਿੱਚ ਅੰਬ ਲਗਾਕੇ ਪਕਾਉਣ ਲਈ ਚੋਡੇ (ਜਾਲੀ) ਬੁਣਦੇ ਸੀ। ਜਦੋਂ ਤੁੜਾਵਾ ਅੰਬ 'ਤੇ ਚੜ੍ਹਕੇ ਅੰਬ ਤੋੜਕੇ ਕਾਂਡੂ (ਜਾਲੀਦਾਰ ਬੋਰਾ) ਵਿੱਚ ਪਾਉਂਦਾ ਤਾਂ ਕੋਈ ਅੰਬ ਧਰਤੀ 'ਤੇ ਗਿਰ ਜਾਂਦਾ ਤਾਂ ਉਸਨੂੰ ਬਾਕੀ ਅੰਬਾਂ ਤੋਂ ਵੱਖਰਾ ਰੱਖਿਆ ਜਾਂਦਾ ਸੀ ਤਾਂ ਕਿ ਟੋਕਰੀ ਵਿੱਚ ਪੈ ਕੇ ਬਾਕੀ ਅੰਬ ਵੀ ਗਲ਼ ਨਾ ਜਾਣ। ਬੂਟੇ ਨਾਲੋਂ ਅੰਬਾਂ ਨੂੰ ਕਾਂਡੂ ਛਿੱਕੀ ਨਾਲ ਤੋੜਕੇ ਹੇਠਾਂ ਛਾਂ ਵਿੱਚ ਸਿਰਕੀ (ਤੀਲਾਂ ਦੀ ਚਟਾਈ) 'ਤੇ ਡੰਡੀਆਂ ਤੋੜਕੇ ਸੁਕਾਇਆ ਜਾਂਦਾ ਸੀ। ਬਾਅਦ ਦੁਪਹਿਰ ਇਨ੍ਹਾਂ ਅੰਬਾਂ ਨੂੰ ਬਗੜ ਨਾਲ ਟੋਕਰੀਆਂ ਵਿੱਚ ਭਰਿਆ ਜਾਂਦਾ ਸੀ। ਪਕਾਉਣ ਦਾ ਇਹ ਕੁਦਰਤੀ ਤਰੀਕਾ ਸੀ। ਕਿਸੇ ਵੀ ਮਸਾਲੇ ਆਦਿ ਦੀ ਵਰਤੋਂ ਨਹੀਂ ਸੀ ਹੁੰਦੀ। ਜਦੋਂਕਿ ਅੱਜਕੱਲ੍ਹ ਇਨ੍ਹਾਂ ਗੱਲਾਂ ਦਾ ਕੋਈ ਖਿਆਲ ਨਹੀਂ ਰੱਖਿਆ ਜਾਂਦਾ, ਸਗੋਂ ਪੇਟੀਆਂ ਵਿੱਚ ਬੰਦ ਕਰਕੇ ਮਸਾਲਾ ਰੱਖਕੇ ਪਕਾ ਲਿਆ ਜਾਂਦਾ ਹੈ ਜੋ ਸਿਹਤ ਲਈ ਲਾਭਕਾਰੀ ਨਹੀਂ ਹੁੰਦਾ। ਜਦੋਂ ਅੰਬ ਖੁਦ ਪੱਕ ਕੇ ਹੇਠ ਡਿੱਗਦਾ ਸੀ ਤਾਂ ਉਸਨੂੰ ਟਪਕਾ ਕਿਹਾ ਜਾਂਦਾ ਸੀ। ਅਸਲ ਵਿੱਚ ਰਸਿਆ ਹੋਇਆ ਜਾਂ ਦੇਸੀ ਤਰੀਕੇ ਨਾਲ ਪਕਾਇਆ ਹੋਇਆ ਅੰਬ ਹੀ ਸਿਹਤ ਲਈ ਜ਼ਿਆਦਾ ਲਾਭਕਾਰੀ ਹੁੰਦਾ ਹੈ। ਟਪਕੇ ਦੀਆਂ ਅੰਬੀਆਂ ਨੂੰ ਠੰਢੇ ਪਾਣੀ ਵਿੱਚ ਪਾ ਕੇ ਚੂਪਣ ਦਾ ਆਪਣਾ ਹੀ ਨਜ਼ਾਰਾ ਹੁੰਦਾ ਸੀ।

ਦੁਆਬੇ ਦੀ ਧਰਤੀ 'ਤੇ ਕਈ ਪ੍ਰਕਾਰ ਦੇ ਅੰਬ ਮਿਲਦੇ ਸਨ। ਜਿਨ੍ਹਾਂ ਨੂੰ ਦੁਸਹਿਰੀ, ਸੌਂਫੀਆ, ਲੰਗੜਾ, ਸੰਧੂਰੀ, ਗਾਜਰੀ, ਲਾਲ ਪਰੀ, ਥਾਣੇਦਾਰ ਆਦਿ ਨਾਂਅ ਦਿੱਤੇ ਜਾਂਦੇ ਸਨ। ਹੁਣ ਜੇਕਰ ਇਹ ਕਹੀਏ ਕਿ ਅੰਬਾਂ ਦੀ ਮਹਿਕ ਲਈ ਦੁਆਬੀਏ ਵੀ ਤਰਸਣ ਲੱਗੇ ਹਨ ਤਾਂ ਇਹ ਕੋਈ ਅਤਿਕਥਨੀ ਨਹੀਂ। ਹੁਸ਼ਿਆਰਪੁਰ ਦੀ ਪੁਰਾਣੀ ਹੱਦਬੰਦੀ ਅਨੁਸਾਰ ਇਹ ਸਾਰਾ ਇਲਾਕਾ ਬਾਗ਼ਾਂ ਦਾ ਘਰ ਸੀ। ਹਿਮਾਚਲ ਦਾ ਜ਼ਿਲ੍ਹਾ ਊਨਾ ਤੇ ਨੰਗਲ ਦਾ ਇਲਾਕਾ ਵੀ ਇਸੇ ਵਿੱਚ ਹੀ ਗਿਣਿਆ ਜਾਂਦਾ ਰਿਹਾ ਹੈ। ਅਜੇ ਹਿਮਾਚਲ ਦੇ ਇਲਾਕੇ ਵਿੱਚ ਕੁਝ ਕੁ ਬਾਗ਼ਾਂ ਦੇ ਨਜ਼ਾਰੇ ਦੇਖੇ ਜਾ ਸਕਦੇ ਹਨ। ਇਨ੍ਹਾਂ ਦਿਨਾਂ ਦੀ ਇਹ ਬੋਲੀ ਮਸ਼ਹੂਰ ਹੈ:

ਅੰਬੀਆਂ ਦੇ ਬੂਟਿਆਂ ਨੂੰ ਪੈ ਗਿਆ ਬੂਰ ਵੇ,
ਰੁੱਤ ਇਹ ਪਿਆਰਾਂ ਵਾਲੀ ਮਾਹੀਆ ਮੇਰਾ ਦੂਰ ਵੇ।

ਅੰਬਾਂ ਨਾਲ ਸਬੰਧਤ ਅਨੇਕਾਂ ਲੋਕ ਗੀਤ ਇਸਦੀ ਮਹਾਨਤਾ ਨੂੰ ਉਜਾਗਰ ਕਰਦੇ ਹਨ। ਅੰਬਾਂ ਦੀ ਕਈ ਦਵਾਈਆਂ ਬਣਾਉਣ ਲਈ ਵਰਤੋਂ ਕੀਤੀ ਜਾਂਦੀ ਹੈ। ਪਕਾਏ ਜਾਣ ਵਾਲੇ ਅੰਬ ਦੀ ਡੰਡੀ ਤੋੜ ਦਿੱਤੀ ਜਾਂਦੀ ਹੈ। ਨਹੀਂ ਤਾਂ ਉਹ ਉਸਦੇ ਪੱਕਣ ਵਿੱਚ ਰੁਕਾਵਟ ਪੈਦਾ ਕਰਦੀ ਹੈ। ਡੰਡੀ ਤੋੜਨ ਵੇਲੇ ਨਿਕਲਣ ਵਾਲੇ ਪਦਾਰਥ ਨੂੰ ਡੋਕ ਕਿਹਾ ਜਾਂਦਾ ਹੈ ਜਿਸਤੋਂ ਅਨੇਕਾਂ ਪ੍ਰਕਾਰ ਦੀਆਂ ਅੱਖਾਂ ਦੀਆਂ ਦਵਾਈਆਂ ਤਿਆਰ ਕੀਤੀਆਂ ਜਾਂਦੀਆਂ ਹਨ। ਇਸ ਡੋਕ ਦਾ ਦਾਗ਼ ਕੱਪੜੇ ਤੋਂ ਕਦੇ ਨਹੀਂ ਉਤਰਦਾ। ਫ਼ਲਾਂ ਦੇ ਰਾਜੇ ਅੰਬ ਨੂੰ ਜੇਕਰ ਅੱਜ ਵੀ ਕੁਦਰਤੀ ਤਰੀਕੇ ਨਾਲ ਪਕਾਇਆ ਜਾਵੇ ਤਾਂ ਅਸੀਂ ਇਸਦੀ ਸੌ ਫ਼ੀਸਦੀ ਪੌਸ਼ਟਿਕਤਾ ਦਾ ਲਾਭ ਲੈ ਸਕਦੇ ਹਾਂ। ਇਹ ਵੀ ਤਜਰਬਾ ਦੱਸਦਾ ਹੈ ਕਿ ਕਈ ਅੰਬਾਂ ਦਾ ਰੰਗ ਸੰਧੂਰੀ ਹੁੰਦਾ ਹੈ, ਪਰ ਉਹ ਖਾਣ ਵੇਲੇ ਖੱਟੇ ਨਿਕਲਦੇ ਹਨ।

ਬਾਕੀ ਸਫ਼ਾ 28 'ਤੇ

## ਪੰਜਾਬੀ ਕਲਚਰਲ ਸੁਸਾਇਟੀ ਸ਼ਿਕਾਗੋ ਵੱਲੋਂ 18ਵੀਂ ਸਾਲਾਨਾ 'ਪੰਜਾਬੀ ਯੂਥ ਗ੍ਰੈਜੂਏਸ਼ਨ ਐਂਡ ਸਕਾਲਰਸ਼ਿਪ ਐਵਾਰਡਜ਼ ਨਾਈਟ' ਦੀ ਮੇਜ਼ਬਾਨੀ

ਚਾਵਲਾ ਅਤੇ ਸੁਰਿੰਦਰ ਕੁਮਾਰ ਜੈਨ ਵਾਇਸਰਾਏ ਬੈਂਕੂਇਟ ਹਾਲ ਨੂੰ ਯਾਦਗਾਰੀ ਚਿੰਨ ਭੇਟ ਕੀਤੇ।

ਸਮਾਗਮ ਦੌਰਾਨ ਪੰਜਾਬੀ ਰਸੋਈ ਦੇ ਸ਼ਾਨਦਾਰ ਪ੍ਰਬੰਧ ਤਹਿਤ ਰਾਤ ਦਾ ਖਾਣਾ ਪਰੋਸਿਆ ਗਿਆ ਸੀ। ਇਸ ਮੌਕੇ ਭੰਗੜੇ ਡੀਜੇ. ਦੇ ਸੰਗੀਤ ਵਿਚ ਸਾਰੇ ਪੰਜਾਬੀ ਇਕ ਪਰਿਵਾਰ ਦੀ ਤਰ੍ਹਾਂ ਜਸ਼ਨ ਮਨਾਉਂਦੇ ਰਹੇ।

ਇਸੇ ਤਰ੍ਹਾਂ ਇਥੇ ਪੀਸੀਐਸ ਦੇ ਸਲਾਨਾ ਵਿਸਾਖੀ ਸਭਿਆਚਾਰਕ ਪ੍ਰੋਗਰਾਮ "ਰੰਗਲਾ ਪੰਜਾਬ 2018"ਵਿਚ ਭਾਗ ਲੈਣ ਵਾਲਿਆਂ ਨੂੰ ਵੀ ਪ੍ਰਸ਼ੰਸਾ ਪੱਤਰ ਦਿਤੇ ਗਏ। ਆਈਟਮ ਕੋਆਰਡੀਨੇਟਰਾਂ ਨੂੰ ਤੋਹਫੇ ਵੱਜੋਂ ਵਿਸ਼ੇਸ਼ ਕਾਰਡ ਦਿੱਤੇ ਗਏ। ਗਰੈਜੂਏਟਸ ਲਈ ਕੇਕ ਕੱਟਣ ਦੀ ਰਸਮ ਵੀ ਨਿਭਾਈ ਗਈ।

ਗੌਰਤਲਬ ਹੈ ਕਿ ਡਾ. ਭੁਪਿੰਦਰ ਸਿੰਘ ਸੈਣੀ ਅਤੇ ਡਾ. ਨਰਿੰਦਰ ਸਿੰਘ ਗਰੇਵਾਲ ਅਤੇ ਦਰਸ਼ਨ ਸਿੰਘ ਧਾਲੀਵਾਲ ਪੀਸੀਐਸ ਪ੍ਰੋਗਰਾਮਾਂ ਨੂੰ ਲੰਬੇ ਸਮੇਂ ਤੋਂ ਸਪਾਂਸਰ ਕਰਦੇ ਰਹੇ ਹਨ। ਇਨ੍ਹਾਂ ਪ੍ਰੋਗ੍ਰਾਮਾਂ ਦਾ ਉਦੇਸ਼ ਆਪਣੇ ਭਾਈਚਾਰੇ ਦੀ ਨੀਂਹ ਮਜ਼ਬੂਤ ਕਰਕੇ ਅਗਲੀ ਪੀੜ੍ਹੀ ਵਿਚ ਉੱਚ ਸਿੱਖਿਆ ਨੂੰ ਪ੍ਰਫੁੱਲਤ ਕਰਨਾ ਹੈ। ਪੀਸੀਐਸ. ਜੱਜਾਂ ਦੇ ਇੱਕ ਸੁਤੰਤਰ ਪੈਨਲ ਦੁਆਰਾ ਸਥਾਪਤ ਅੰਕੜਾ ਮਾਪਦੰਡ ਅਨੁਸਾਰ ਬਿਨੈਕਾਰਾਂ ਵਿਚੋਂ ਸਕਾਲਰਸ਼ਿਪ ਜੇਤੂਆਂ ਦੀ ਚੋਣ ਕਰਦਾ ਹੈ, ਜੋ ਕਿ ਅਕਾਦਮਿਕ ਪ੍ਰਾਪਤੀਆਂ, ਪਾਠਕ੍ਰਮ ਦੀਆਂ ਸਰਗਰਮੀਆਂ ਅਤੇ ਕਮਿਊਨਿਟੀ ਵਲੰਟੀਅਰਿੰਗ ਸਰਵਿਸ ਊਤੇ ਅਧਾਰਿਤ ਹੁੰਦਾ ਹੈ।

ਇਹ ਪ੍ਰੋਗਰਾਮ, ਜੋ ਇਲਾਕੇ ਅਤੇ ਬਾਹਰ ਦੇ ਨਾਗਰਿਕਾਂ ਨੂੰ ਸਮਰਪਤ ਕੀਤਾ ਗਿਆ ਸੀ, ਸੁਰਿੰਦਰ ਸਿੰਘ ਪਾਲੀਆ, ਬਿਕਰਮ ਸਿੰਘ ਚੌਹਾਨ, ਪਰਵਿੰਦਰ ਸਿੰਘ ਨਨੂਆ, ਮਨਜੀਤ ਸਿੰਘ ਭੱਲਾ, ਰਾਇਬਿੰਦਰ ਸਿੰਘ, ਪ੍ਰਦੀਪ ਸਿੰਘ ਦਿਓਲ, ਸੁਖਮੇਲ ਸਿੰਘ ਅਟਵਾਲ, ਮੋਹਿੰਦਰਜੀਤ ਸਿੰਘ ਸੈਨੀ, ਵਿੱਕ ਸਿੰਘ, ਗੁਰਮੀਤ ਸਿੰਘ ਢਿੱਲੋਂ, ਸੁਰਿੰਦਰ ਸਿੰਘ ਸੰਘਾ, ਬਲਵਿੰਦਰ ਸਿੰਘ, ਐਸ. ਗਿਰਨ, ਰੌਨੀ ਕੂਲਾਰ, ਅਮਰਜੀਤ ਕੇ. ਅਟਵਾਲ, ਭਿੰਡਰ ਪੰਮਾ, ਪਰਮਿੰਦਰ ਸਿੰਘ ਘੋਤਰਾ, ਯਾਦਵਿੰਦਰ ਸਿੰਘ ਗਰੇਵਾਲ, ਓਂਕਰ ਐਸ ਸੰਘਾ, ਜਸਬੀਰ ਸਿੰਘ ਪਾਲੀਆ, ਪਾਲ ਲੇਲ, ਰਾਜ ਧਾਲੀਵਾਲ ਅਤੇ ਰਾਜਿੰਦਰ ਸਿੰਘ ਮਾਗ ਅਤੇ ਪੰਜਾਬੀ ਸੱਭਿਆਚਾਰਕ ਸੁਸਾਇਟੀ ਆਫ ਸ਼ਿਕਾਗੋ ਦੇ ਬਹੁਤ ਸਾਰੇ ਸਮਰਪਿਤ ਵਲੰਟੀਅਰਾਂ ਦੀ ਸਹਾਇਤਾ ਸਦਕਾ ਕਾਮਯਾਬੀ ਨਾਲ ਸਿਰੇ ਚੜ੍ਹਿਆ।

## ਸਪੈਨਿਸ਼ ਪਾਸਪੋਰਟ ਉਤੇ ਸਿੱਖਾਂ ਦੀ ਦਸਤਾਰ ਵਾਲੀ ਤਸਵੀਰ 'ਤੇ ਨਹੀਂ ਹੋਵੇਗਾ ਇਤਰਾਜ਼

ਮੁਲਾਕਾਤ ਕੀਤੀ ਤੇ ਪੁਲਿਸ ਮੁਖੀ ਨੂੰ ਇਸ ਮੁਸ਼ਕਿਲ ਸਬੰਧੀ ਜਾਣੂ ਕਰਵਾਇਆ। ਉਸ ਸਮੇ ਡੀ.ਜੀ.ਪੀ. ਨੇ ਵਫ਼ਦ ਨੂੰ ਭਰੋਸਾ ਦਿੱਤਾ ਕਿ ਇਸ ਸਬੰਧੀ ਸਪੇਨ ਦੇ ਸਾਰੇ ਥਾਣਿਆ ਨੂੰ ਜਲਦੀ ਹੀ ਪੱਤਰ ਜਾਰੀ ਕੀਤਾ ਜਾਵੇਗਾ। ਅੱਗੇ ਤੋਂ ਇਸ ਸਬੰਧੀ ਕਦੀ ਕਿਸੇ ਨੂੰ ਕੋਈ ਪ੍ਰੇਸ਼ਾਨੀ ਨਹੀ ਆਵੇਗੀ। ਪੁਲਿਸ ਦੇ ਡਾਇਰੈਕਟਰ ਜਨਰਲ ਨੇ ਦੱਸਿਆ ਕਿ ਸਪੇਨ ਦੇ ਕਾਨੂੰਨ ਮੁਤਾਬਿਕ ਦਸਤਾਰ 'ਤੇ ਕੋਈ ਪਾਬੰਦੀ ਨਹੀ ਪਰ ਕਈ ਥਾਣਿਆਂ ਵਾਲੇ ਤਸਵੀਰ 'ਤੇ ਚਿਹਰੇ ਉਤੇ ਕੰਨ ਨੰਗੇ ਹੋਣ ਦੀ ਮੰਗ ਕਰਦੇ ਹਨ। ਇਸੇ ਕਾਰਨ ਸਿੱਖ ਭਾਈਚਾਰੇ ਦੇ ਲੋਕਾਂ ਨੂੰ ਪ੍ਰੇਸ਼ਾਨੀ ਹੋ ਰਹੀ ਸੀ। ਉਨ੍ਹਾਂ ਦੱਸਿਆ ਕਿ ਅਸੀਂ ਇਸ ਸਬੰਧੀ ਸਪੇਨ ਦੇ ਸਾਰੇ ਥਾਣਿਆਂ ਨੂੰ ਪੱਤਰ ਜਾਰੀ ਕਰ ਰਹੇ ਹਾਂ।

ਇਸ ਮੌਕੇ ਬਾਬਾ ਸੁਲੱਖਣ ਸਿੰਘ, ਸਮਸ਼ੇਰ ਸਿੰਘ, ਪਰਮਜੀਤ ਸਿੰਘ ਕਾਲੜਾ, ਜਸਵਿੰਦਰ ਕੁਮਾਰ ਦਿੱਲੀ, ਲਖਵਿੰਦਰ ਸਿੰਘ ਸ਼ਾਹੀ, ਰਾਜ ਕੁਮਾਰ ਚੰਡੀਗੜ,ਪਰਮਜੀਤ ਸਿੰਘ ਪਠਾਨਕੋਟ, ਪਿੰਦੂ ਔਜਲਾ, ਗੁਰਮੀਤ ਸਿੰਘ ਆਦਿ ਤੋ ਇਲਾਵਾਂ ਹੋਰ ਵੀ ਪਤਵੰਤੇ ਸੱਜਣ ਪਹੁੰਚੇ ਹੋਏ ਸਨ।

## ਇੰਗਲੈਂਡ 'ਚ ਸਿੱਖਾਂ ਦੇ ਆਖ਼ਰੀ ਮਹਾਰਾਜਾ ਮਹਾਰਾਜਾ ਦਲੀਪ ਸਿੰਘ ਦੀ 125ਵੀਂ ਬਰਸੀ ਮੌਕੇ ਹੋਵੇਗਾ ਸ਼ਾਨਦਾਰ ਸਮਾਗਮ

ਅੰਮ੍ਰਿਤਸਰ ਵਿਖੇ ਲਗਾਇਆ ਗਿਆ ਹੈ। ਇਸ ਫ਼ੈਸਟੀਵਲ ਵਿਚ ਆਉਣ ਵਾਲੀ ਸੰਗਤ ਨੂੰ ਇਸ ਤਰ੍ਹਾਂ ਲੱਗੇਗਾ ਜਿਵੇਂ ਉਹ ਪੰਜਾਬ ਦੇ ਅੰਮਿਤਸਰ ਵਿਚ ਹੀ ਆ ਗਈ ਹੋਵੇ। ਫ਼ੈਸਟੀਵਲ ਵਿਚ ਭੰਗੜੇ, ਗਿੱਦੇ, ਗਤਕਾ ਆਦਿ ਦੇ ਨਾਲ-ਨਾਲ ਪੰਜਾਬੀ ਖਾਣੇ ਦੇ ਸਟਾਲ ਵੀ ਲਗਾਏ ਜਾਣਗੇ।

ਫ਼ੈਸਟੀਵਲ ਦੇ ਡਾਇਰੈਕਟਰ ਇੰਦੀ ਸੰਧੂ ਨੇ ਕਿਹਾ ਕਿ ਥੈਟਫ਼ੋਰਡ ਲਈ ਮਹਾਰਾਜਾ ਦਲੀਪ ਸਿੰਘ ਦਾ ਇਤਿਹਾਸ ਓਨਾ ਹੀ ਅਹਿਮ ਹੈ ਜਿੰਨਾਂ ਪੰਜਾਬ ਲਈ ਹੈ। ਫ਼ੈਸਟੀਵਲ ਵਿਚ ਲੋਕਾਂ ਨੂੰ ਪੰਜਾਬ ਅਤੇ ਪੰਜਾਬ ਦੇ ਲੋਕਾਂ ਬਾਰੇ ਬਹੁਤ ਕੁਝ ਜਾਣਨ ਦਾ ਮੌਕਾ ਮਿਲੇਗਾ। ਇਹ ਫ਼ੈਸਟੀਵਲ ਥੈਟਫ਼ੋਰਡ ਅਤੇ ਪੰਜਾਬ ਵਿਚਾਲੇ ਮਜ਼ਬੂਤ ਸਬੰਧਾਂ ਨੂੰ ਹੋਰ ਜ਼ਿਆਦਾ ਮਜ਼ਬੂਤ ਕਰਨ ਵਿਚ ਸਹਾਈ ਸਾਬਤ ਹੋਵੇਗਾ। ਫ਼ੈਸਟੀਵਲ ਦੇ ਪ੍ਰਬੰਧਕਾਂ ਦਾ ਮੰਨਣਾ ਹੈ ਕਿ ਭਾਰਤ ਵਿਚ 1849 ਦੇ ਬਰਤਾਨਵੀ ਰਾਜ ਦੌਰਾਨ ਬਰਤਾਨੀਆ ਆਏ ਮਹਾਰਾਜਾ ਰਣਜੀਤ ਸਿੰਘ ਦੇ ਛੋਟੇ ਬੇਟੇ ਮਹਾਰਾਜਾ ਦਲੀਪ ਸਿੰਘ ਦੀ ਕਹਾਣੀ ਗੁੰਝਲਦਾਰ ਹੈ ਜਿਸ ਬਾਰੇ ਕਾਫ਼ੀ ਕਵਿਤਾਵਾਂ ਲਿਖੀਆਂ ਜਾ ਸਕਦੀਆਂ ਹਨ ਅਤੇ ਇਸ ਬਾਰੇ ਕਾਫ਼ੀ ਗੱਲਬਾਤ ਹੋ ਸਕਦੀ ਹੈ।

## ਆਰਐਸਐਸ ਦੇ ਭਗਤ ਚੀਨੀ ਮਾਲ ਦਾ ਬਾਈਕਾਟ ਕਰਨ 'ਚ ਜੁਟੇ

ਧਿਰ ਦੇ ਕੋਲ ਏਜੰਡਾ ਨਹੀਂ, ਸਿਵਾਏ ਮੋਦੀ ਹਟਾਉਣ ਦੇ। ਪ੍ਰਧਾਨ ਮੰਤਰੀ ਮੋਦੀ ਕਹਿੰਦੇ ਹਨ ਕਿ ਮਹਾਂਗੱਠਜੋੜ ਦੀ ਤੁਲਨਾ 1977 ਤੇ 1989 ਨਾਲ ਕਰਨੀ ਠੀਕ ਨਹੀਂ ਹੈ, ਕਿਉਂਕਿ 1977 ਵਿਚ ਵਿਰੋਧੀ ਧਿਰਾਂ ਐਮਰਜੈਂਸੀ ਦੇ ਖਿਲਾਫ਼ ਇਕ ਹੋਈਆਂ ਸਨ ਤੇ ਉਹੀ 1989 ਵਿਚ ਬੋਫਰਜ਼ ਦੇ ਭ੍ਰਿਸ਼ਟਾਚਾਰ ਦੇ ਖਿਲਾਫ਼। ਪ੍ਰਧਾਨ ਮੰਤਰੀ ਨੇ ਕਿਹਾ ਕਿ ਪੰਚਮੜੀ ਸਮਾਗਮ ਦੌਰਾਨ ਕਾਂਗਰਸ ਗੱਠਜੋੜ ਦੇ ਖਿਲਾਫ਼ ਸੀ, ਪਰ ਹੁਣ ਕਾਂਗਰਸ ਸਹਿਯੋਗੀ ਭਾਲਣ ਦੇ ਲਈ ਦਰ ਦਰ ਠੋਕਰਾਂ ਖਾ ਰਹੀ ਹੈ। ਹਰ ਗੱਠਜੋੜ ਵਿਚ ਇਕ ਮਜ਼ਬੂਤ ਪਾਰਟੀ ਦਾ ਹੋਣਾ ਜ਼ਰੂਰੀ ਹੈ, ਪਰ ਕਾਂਗਰਸ ਇਕ ਖੇਤਰੀ ਪਾਰਟੀ ਬਣ ਕੇ ਰਹਿ ਗਈ ਹੈ ਤੇ ਉਹ ਮਜ਼ਬੂਤ ਪਾਰਟੀ ਨਹੀਂ ਹੈ। ਉਸ ਦਾ ਆਧਾਰ ਪੰਜਾਬ, ਮਿਜ਼ੋਰਮ ਤੇ ਪਾਂਡੂਚਿਰੀ ਤੱਕ ਸੁੰਗੜ ਕੇ ਰਹਿ ਗਿਆ, ਜਿੱਥੇ ਉਸ ਦੀ ਸਰਕਾਰ ਹੈ, ਜਦ ਕਿ ਦਿੱਲੀ, ਆਂਧਰਾ ਪ੍ਰਦੇਸ਼ ਤੇ ਸਿੱਕਮ ਵਿਚ ਵਿਧਾਨ ਸਭਾ ਵਿਚ ਉਨ੍ਹਾਂ ਦਾ ਇਕ ਮੈਂਬਰ ਵੀ ਨਹੀਂ ਹੈ। ਦੇਸ਼ ਦੀ ਜਨਤਾ ਜਾਣਦੀ ਹੈ ਕਿ ਕਾਂਗਰਸ ਨੇ ਆਪਣੇ ਸਹਿਯੋਗੀਆਂ ਕਿਸਾਨ ਨੇਤਾ ਚੌਧਰੀ ਚਰਨ ਸਿੰਘ, ਐਚ ਡੀ ਦੇਵਗੌੜਾ, ਚੰਦਰ ਸ਼ੇਖਰ ਵਰਗੇ ਸਮਾਜਵਾਦੀ ਨੇਤਾ ਤੇ ਉਸ ਸਮੇਂ ਦੇ ਪ੍ਰਧਾਨ ਮੰਤਰੀ ਵੀਪੀ ਸਿੰਘ ਪ੍ਰਧਾਨ ਮੰਤਰੀ ਨਾਲ ਕਿੰਨਾ ਮਾੜਾ ਵਿਹਾਰ ਕੀਤਾ। ਵਿਰੋਧੀ ਪਾਰਟੀ ਵਿਚ ਪ੍ਰਧਾਨ ਮੰਤਰੀ ਦੇ ਅਹੁਦੇ ਦੀ ਦੌੜ ਤੇ ਹੋੜ 'ਤੇ ਚੁਟਕੀ ਲਈ ਤੇ ਉਨ੍ਹਾਂ ਨੇ ਕਿਹਾ ਕਿ ਵਿਰੋਧੀ ਪਾਰਟੀ ਵਿਚ ਕੋਈ ਮਹਾਂਗਠਜੋੜ ਨਹੀਂ ਹੈ, ਬਲਕਿ ਪ੍ਰਧਾਨ ਮੰਤਰੀ ਬਣਨ ਦੀ ਮਹਾਂਦੌੜ ਹੈ। ਰਾਹੁਲ ਗਾਂਧੀ ਕਹਿੰਦੇ ਹਨ ਕਿ ਉਹ ਪ੍ਰਧਾਨ ਮੰਤਰੀ ਬਣਨ ਨੂੰ ਤਿਆਰ ਹਨ, ਪਰ ਤ੍ਰਿਣੀਮੂਲ ਕਾਂਗਰਸ ਇਸ ਦੇ ਲਈ ਤਿਆਰ ਨਹੀਂ ਹੈ। ਮਮਤਾ ਜੀ ਪ੍ਰਧਾਨ ਮੰਤਰੀ ਬਣਨਾ ਚਾਹੁੰਦੀ ਹੈ, ਪਰ ਖੱਬੇ ਪੱਖੀ ਇਸ ਦੇ ਲਈ ਤਿਆਰ ਨਹੀਂ ਹੈ। ਸਮਾਜਵਾਦੀ ਪਾਰਟੀ ਨੂੰ ਲਗਦਾ ਹੈ ਕਿ ਉਨ੍ਹਾਂ ਦੇ ਨੇਤਾ ਪ੍ਰਧਾਨ ਮੰਤਰੀ ਬਣਨ ਦੇ ਲਈ ਸਭ ਤੋਂ ਯੋਗ ਹਨ। ਮੋਦੀ ਦੇ ਖਿਲਾਫ਼ ਨਫ਼ਰਤ ਵਿਰੋਧੀ ਪਾਰਟੀਆਂ ਨੂੰ ਇਕ ਕਰ ਰਹੀ ਹੈ। ਯੂਪੀ ਵਿਚ ਇਹ ਪਾਰਟੀਆਂ 1993 ਵਿਚ ਸਰਕਾਰ ਬਣਾਉਣ ਦੇ ਲਈ ਇਕਜੁਟ ਹੋਈਆਂ, ਪਰ ਦੋ ਸਾਲ ਵੀ ਸਰਕਾਰ ਨਾ ਚਲਾ ਸਕੀਆਂ। ਹੁਣ ਦੇਖੋ ਕਰਨਾਟਕ ਵਿਚ ਜਿੱਥੇ ਲੋਕ ਰਾਇ ਦੇ ਉਲਟ ਭੁਗਤ ਕੇ ਵਿਰੋਧੀਆਂ ਨੇ ਸਰਕਾਰ ਬਣਾਈ, ਪਰ ਇਨ੍ਹਾਂ ਦੇ ਆਪਸੀ ਝਗੜੇ ਜਾਰੀ ਹਨ। ਜਦ ਪ੍ਰਧਾਨ ਮੰਤਰੀ ਮੋਦੀ ਨੂੰ ਪੁਛਿਆ ਗਿਆ ਕਿ ਅੱਜ ਐਨਡੀਏ ਵੀ ਕਮਜ਼ੋਰ ਹੋਇਆ ਹੈ ਤਾਂ ਪ੍ਰਧਾਨ ਮੰਤਰੀ ਨੇ ਕਿਹਾ ਕਿ ਐਨਡੀਏ 20 ਪਾਰਟੀਆਂ ਦਾ ਇਕ ਵੱਡਾ ਪਰਿਵਾਰ ਹੈ। ਉਨ੍ਹਾਂ ਨੇ ਕਿਹਾ ਕਿ 2014 ਤੋਂ ਪਹਿਲਾਂ ਪੁਛਿਆ ਜਾਂਦਾ ਸੀ ਕਿ ਮੋਦੀ ਦੇ ਨਾਮ 'ਤੇ ਸਹਿਯੋਗੀ ਕਿੱਥੋਂ ਆਉਣਗੇ, ਪਰ ਤਦ ਵੀ 20 ਪਾਰਟੀਆਂ ਦਾ ਗੱਠਜੋੜ ਸੀ। ਅਸੀਂ ਇਕੱਲੇ ਸਰਕਾਰ ਬਣਾ ਸਕਦੇ ਸੀ, ਪਰ ਅਸੀਂ ਸਹਿਯੋਗੀਆਂ ਦਾ ਸਾਥ ਲਿਆ ਤੇ ਉਨ੍ਹਾਂ ਨੂੰ ਸਰਕਾਰ ਵਿਚ ਸ਼ਾਮਲ ਕੀਤਾ। ਪ੍ਰਧਾਨ ਮੰਤਰੀ ਤੋਂ ਪੁੱਛਿਆ ਗਿਆ ਕਿ ਭਾਜਪਾ ਆਪਣਾ ਸਾਮਾਜਿਕ ਆਧਾਰ ਬਣਾਉਣ ਲਈ ਕੀ ਕਰ ਰਹੀ ਹੈ, ਇਸ 'ਤੇ ਉਨ੍ਹਾਂ ਕਿਹਾ ਕਿ ਇਕ ਜਮਾਨੇ ਵਿਚ ਭਾਜਪਾ ਨੂੰ ਬ੍ਰਾਹਮਣ ਬਾਣੀਆ ਦਾ ਪਾਰਟੀ ਕਿਹਾ ਜਾਂਦਾ ਸੀ, ਫਿਰ ਕਿਹਾ ਜਾਂਦਾ ਸੀ ਕਿ ਇਹ ਸਿਰਫ਼ ਸ਼ਹਿਰਾਂ ਦੀ ਤੇ ਉੱਤਰ ਭਾਰਤ ਦੀ ਪਾਰਟੀ ਹੈ। ਇਹ ਇਕ ਗਲਤ ਪ੍ਰਚਾਰ ਹੈ। ਅਸੀਂ ਪੂਰੇ ਭਾਰਤ ਵਿਚ ਛਾਏ ਹੋਏ ਹਾਂ। ਸਾਨੂੰ ਗੁਜਰਾਤ ਵਿਚ 49 ਫੀਸਦੀ ਵੋਟ ਮਿਲੇ ਤੇ ਅਸੀਂ 27 ਸਾਲਾਂ ਵਿਚ ਸੱਤਾ ਵਿਚ ਹਾਂ। ਪ੍ਰਧਾਨ ਮੰਤਰੀ ਨੇ ਕਿਹਾ ਕਿ ਉਨ੍ਹਾਂ ਨੇ ਮੁੱਦੇ ਤੈਅ ਕਰ ਦਿੱਤੇ ਹਨ ਇਹ ਵੱਖਰੀ ਗੱਲ ਹੈ ਕਿ ਜਨਤਾ ਉਸ ਨੂੰ ਕਿੰਝ ਲੈਂਦੀ ਹੈ।

ਸੁਆਲ ਇਹ ਹੈ ਕਿ ਜਨਤਾ ਅਗਲੀ ਵਾਰ ਮੋਦੀ ਸਾਹਿਬ ਨੂੰ ਸਵੀਕਾਰੇਗੀ ਜਾਂ ਨਹੀਂ। ਕੀ ਮੋਦੀ ਰਾਜਨੀਤੀ ਵਿਰੋਧੀ ਗੱਠਜੋੜ ਵਾਲੇ ਆਪਣੇ ਇਕ ਲੀਡਰ ਦੀ ਚੋਣ ਕਰ ਸਕਣਗੇ ਜਾਂ ਪ੍ਰਧਾਨ ਮੰਤਰੀ ਵਜੋਂ ਆਪਣਾ ਉਮੀਦਵਾਰ ਚੁਣ ਸਕਣਗੇ? ਕੀ ਮੋਦੀ ਹਟਾਓ ਵਰਗੀ ਗੱਲ ਇੰਦਰਾ ਗਾਂਧੀ ਹਟਾਓ ਵਾਲੀ ਗੱਲ ਤਾਂ ਨਹੀਂ ਜਾਪ ਰਹੀ? ਅਰਥਾਤ ਜਿਵੇਂ ਵਿਰੋਧੀਆਂ ਦੇ ਪ੍ਰਚਾਰ ਦੇ ਬਾਵਜੂਦ ਇੰਦਰਾ ਸੱਤਾ 'ਤੇ ਬਿਰਾਜਮਾਨ ਹੋ ਗਈ, ਉਸੇ ਤਰ੍ਹਾਂ ਮੋਦੀ ਵੀ ਬਿਰਾਜਮਾਨ ਨਾ ਹੋ ਜਾਣ। ਕੀ ਵਿਰੋਧੀ ਧਿਰਾਂ ਮੋਦੀ ਵਾਂਗ ਜਨਤਾ ਨੂੰ ਕੀਲ ਸਕਣਗੇ? ਇਹ ਇੱਕ ਆਪਣੇ ਆਪ ਵਿਚ ਵੱਡਾ ਸੁਆਲ ਹੈ।

## ਖਾਲੀ ਖਜ਼ਾਨੇ ਵਾਲੇ ਪੰਜਾਬ ਦੇ ਲੀਡਰਾਂ ਨੂੰ ਮਿਲਣਗੀਆਂ ਹਾਈ ਕਲਾਸ ਕਾਰਾਂ

ਹਨ ਉਨ੍ਹਾਂ ਨੂੰ ਕੰਡਮ ਕਰਾਰ ਦੇ ਕੇ ਨਵੀਆਂ ਗੱਡੀਆਂ ਦਿੱਤੀਆਂ ਜਾਣਗੀਆਂ। ਇਸੇ ਤਰ੍ਹਾਂ ਸਾਬਕਾ ਡੀਜੀਪੀ ਇਜ਼ਹਾਰ ਆਲਮ ਲਈ ਵੀ ਬੁਲਿਟ ਪਰੂਫ ਫਾਰਚਿਊਨਰ ਹੀ ਖ਼ਰੀਦੀ ਜਾਣੀ ਹੈ। ਜਿਨ੍ਹਾਂ ਧਾਰਮਿਕ ਆਗੂਆਂ ਨੂੰ ਦਿੱਤੀਆਂ ਕਾਰਾਂ ਕੰਡਮ ਮੰਨੀਆਂ ਜਾਂਦੀਆਂ ਹਨ ਉਨ੍ਹਾਂ ਵਿੱਚ ਯੋਗਰਾਜ ਸ਼ਰਮਾ ਰਾਜ ਪ੍ਰਮੁੱਖ ਸ਼ਿਵ ਸੈਨਾ ਪੰਜਾਬ, ਸ਼ਿਵ ਸੈਨਾ ਦੇ ਪ੍ਰਧਾਨ ਸੰਜੀਵ ਘਨੌਲੀ, ਅਤੇ ਸ਼ਿਵ ਸੈਨਾ ਦੇ ਚੇਅਰਮੈਨ ਰਾਜੀਵ ਟੰਡਨ ਨੂੰ ਦਿੱਤੀਆਂ ਬੁਲਿਟ ਪਰੂਫ ਅੰਬੈਸਡਰ ਕਾਰਾਂ ਸ਼ਾਮਲ ਹਨ।ਅਕਾਲੀ ਆਗੂ ਬਿਕਰਮ ਸਿੰਘ ਮਜੀਠੀਆ ਲਈ ਇੱਕ ਜਿਪਸੀ, ਪੰਜਾਬ ਵਿਧਾਨ ਸਭਾ ਦੇ ਸਾਬਕਾ ਸਪੀਕਰ ਚਰਨਜੀਤ ਸਿੰਘ ਅਟਵਾਲ ਲਈ ਦੋ ਜਿਪਸੀਆਂ, ਨਿਰਮਲ ਸਿੰਘ ਕਾਹਲੋਂ ਅਤੇ ਉਨ੍ਹਾਂ ਦੇ ਪੁੱਤਰ ਰਵੀਕਰਨ ਸਿੰਘ ਕਾਹਲੋਂ, ਬਾਬਾ ਪਿਆਰਾ ਸਿੰਘ ਭਨਿਆਰਾਂ ਲਈ ਅੰਬੈਸਡਰ ਕਾਰ ਤੇ ਜਿਪਸੀ, ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਗੋਬਿੰਦ ਸਿੰਘ ਲੌਂਗੋਵਾਲ, ਸ਼੍ਰੋਮਣੀ ਕਮੇਟੀ ਦੇ ਸਾਬਕਾ ਪ੍ਰਧਾਨ ਅਵਤਾਰ ਸਿੰਘ ਮੱਕੜ, ਭਾਜਪਾ ਆਗੂ ਹਰਜੀਤ ਸਿੰਘ ਗਰੇਵਾਲ, ਵਿਨੀਤ ਜੋਸ਼ੀ, ਰਾਜਿੰਦਰ ਮੋਹਨ ਸਿੰਘ ਛੀਨਾ, ਸ਼ਿਵ ਸੈਨਾ (ਬਾਲ ਠਾਕਰੇ) ਦੇ ਹਰਵਿੰਦਰ ਸੋਨੀ ਲਈ ਜਿਪਸੀ, ਸ਼ਿਵ ਸੈਨਾ ਅੰਮ੍ਰਿਤਸਰ ਤੇ ਚੇਅਰਮੈਨ ਸੁਧੀਰ ਸੂਰੀ ਲਈ ਜਿਪਸੀ, ਸ਼ਿਵ ਸੈਨਾ ਲੁਧਿਆਣਾ ਦੇ ਕੌਮੀ ਪ੍ਰਧਾਨ ਕਮਲੇਸ਼ ਭਾਰਦਵਾਜ ਲਈ ਜਿਪਸੀ, ਵਿਨੈ ਜਲੰਧਰੀ ਲਈ ਜਿਪਸੀ, ਸ਼ਿਵ ਸੈਨਾ ਕਾਰਕੁਨ ਕ੍ਰਿਸ਼ਨ ਲਾਲ ਸ਼ਰਮਾ ਲਈ ਜਿਪਸੀ, ਆਲ ਇੰਡੀਆ ਹਿੰਦੂ ਸਟੂਡੈਂਟਸ ਫੈਡਰੇਸ਼ਨ ਦੇ ਨਿਸ਼ਾਂਤ ਸ਼ਰਮਾ ਲਈ ਜਿਪਸੀ, ਸ਼ਿਵ ਸੈਨਾ ਹਿੰਦੋਸਤਾਨ ਤੇ ਪ੍ਰਧਾਨ ਪਵਨ ਕੁਮਾਰ ਗੁਪਤਾ ਲਈ ਜਿਪਸੀ, ਸ਼ਿਵ ਸੈਨਾ ਬਾਲ ਠਾਕਰੇ ਦੇ ਮੀਤ ਪ੍ਰਧਾਨ ਹਰੀਸ਼ ਸ਼ਰਮਾ ਲਈ ਜਿਪਸੀ, ਮੋਗਾ ਨਾਲ ਸਬੰਧਤ ਸ਼ਿਵ ਸੈਨਾ ਹਿੰਦੋਸਤਾਨ ਦੇ ਪ੍ਰਧਾਨ ਅਮਿਤ ਘਈ ਲਈ ਬੋਲੈਰੋ, ਸੰਜੀਵ ਭਾਜਦਵਾਜ ਲਈ ਜਿਪਸੀ, ਬਾਬਾ ਕਸ਼ਮੀਰਾ ਸਿੰਘ, ਬਾਬਾ ਨਿਰਮਲ ਦਾਸ ਅਤੇ ਬਾਬਾ ਅਰਜਨ ਸਿੰਘ ਦਾ ਨਾਮ ਵੀ ਇਸੇ ਸੂਚੀ ਵਿਚ ਸ਼ਾਮਲ ਹਨ।

## ਸਿਆਸਤਦਾਨਾਂ, ਸ਼ਿਵ ਸੈਨਿਕਾਂ ਤੇ 'ਬਾਬਿਆਂ' ਨੂੰ ਮਹਿੰਗੀਆਂ ਗੱਡੀਆਂ ਤੇ ਗੰਨਮੈਨ ਦੇਣ ਦਾ 'ਮਾਮਲਾ ਗੜਬੜ' ਹੈ

ਇਹ ਪੰਜਾਬ ਦੇ ਲੋਕਾਂ ਤੋਂ ਵਸੂਲੇ ਟੈਕਸਾਂ ਦੀ ਕਮਾਈ ਹੈ, ਜਿਸ 'ਤੇ ਸਿਆਸਤਦਾਨ, ਡੇਰੇਦਾਰ ਅਤੇ ਅਫ਼ਸਰ ਮੌਜਾਂ ਮਾਣ ਰਹੇ ਹਨ। 'ਸਰਕਾਰੀ ਕਾਰ ਸੇਵਾ' ਦਾ ਲਾਹਾ ਲੈਣ ਵਾਲੇ ਸਿਅਸਤਦਾਨਾਂ 'ਚ ਬਹੁਤੇ ਕਾਂਗਰਸ, ਅਕਾਲੀ ਦਲ ਅਤੇ ਭਾਜਪਾ ਨਾਲ ਸਬੰਧਤ ਹਨ।

ਪੰਜਾਬ ਨੇ ਅੱਸੀਵਿਆਂ ਤੋਂ 1994 ਤੱਕ ਅਤਿਵਾਦ ਦਾ ਸੇਕ ਝੱਲਿਆ ਹੈ। ਹੁਣ ਭਾਵੇਂ ਅਤਿਵਾਦ ਦੀ ਅਜਿਹੀ ਗੱਲ ਨਹੀਂ ਹੈ, ਪਰ ਸੁਰੱਖਿਆ ਦੇ ਬਹਾਨੇ ਸਿਆਸਤਾਨਾਂ, ਅਫ਼ਸਰਾਂ ਅਤੇ ਡੇਰੇਦਾਰਾਂ ਨੂੰ ਮੌਜਾਂ ਲੱਗੀਆਂ ਹੋਈਆਂ ਹਨ। ਸੂਤਰਾਂ ਮੁਤਾਬਕ ਵਿੱਤ ਮੰਤਰੀ ਮਨਪ੍ਰੀਤ ਸਿੰਘ ਬਾਦਲ ਨੇ 'ਸਰਕਾਰੀ ਕਾਰ ਸੇਵਾ' ਦੀ ਸਮੀਖਿਆ ਦੇ ਯਤਨ ਕੀਤੇ ਪਰ ਕਾਮਯਾਬੀ ਨਹੀਂ ਮਿਲੀ। ਮੁੱਖ ਮੰਤਰੀ ਨੇ ਆਪਣੇ ਪੱਧਰ 'ਤੇ ਸਮੀਖਿਆ ਦੇ ਹੁਕਮ ਦੇ ਦਿੱਤੇ ਪਰ ਕੋਈ ਸਮੀਖਿਆ ਨਹੀਂ ਹੋਈ, ਸਗੋਂ ਕਾਰ ਸੇਵਾ ਨੂੰ ਨਵਾਂ ਰੂਪ ਦਿੱਤਾ ਜਾਣ ਲੱਗਿਆ ਹੈ। ਟਰਾਂਸਪੋਰਟ ਵਿਭਾਗ ਦੇ ਅਧਿਕਾਰੀਆਂ ਮੁਤਾਬਕ ਜੇ ਸਿਰਫ਼ ਬਾਦਲ ਪਰਿਵਾਰ ਦੇ ਚਾਰ ਜੀਆਂ ਪ੍ਰਕਾਸ਼ ਸਿੰਘ ਬਾਦਲ, ਸੁਖਬੀਰ ਸਿੰਘ ਬਾਦਲ, ਬਿਕਰਮ ਸਿੰਘ ਮਜੀਠੀਆ ਅਤੇ ਆਦੇਸ਼ ਪ੍ਰਤਾਪ ਸਿੰਘ ਕੈਰੋਂ ਦੀਆਂ ਕਾਰਾਂ ਦਾ ਹੀ ਵਿੱਤੀ ਭਾਰ ਮੰਨਿਆ ਜਾਵੇ ਤਾਂ ਸਲਾਨਾ ਦੋ ਕਰੋੜ ਰੁਪਏ ਦੇ ਕਰੀਬ ਤੇਲ ਤੇ ਡਰਾਈਵਰਾਂ ਦਾ ਖ਼ਰਚ ਬਣਦਾ ਹੈ। ਪੁਲੀਸ ਅਧਿਕਾਰੀਆਂ ਦਾ ਤਰਕ ਹੈ ਕਿ ਬਾਦਲ ਪਰਿਵਾਰ ਨੂੰ 'ਜ਼ੈਡ ਪਲੱਸ' ਸੁਰੱਖਿਆ ਹੋਣ ਕਾਰਨ ਮਹਿੰਗੀਆਂ ਕਾਰਾਂ ਅਤੇ ਬੇਹਿਸਾਬੇ ਤੇਲ ਖ਼ਰਚ ਦੀ ਸਹੂਲਤ ਸਰਕਾਰ ਦੀ ਜ਼ਿੰਮੇਵਾਰੀ ਹੈ। ਪੰਜਾਬ ਪੁਲੀਸ ਦੇ ਸੁਰੱਖਿਆ ਵਿੰਗ ਵੱਲੋਂ ਅਕਾਲੀ ਦਲ, ਕਾਂਗਰਸ, ਭਾਜਪਾ ਸਮੇਤ ਸ਼੍ਰੋਮਣੀ ਕਮੇਟੀ ਅਤੇ ਧਾਰਮਿਕ ਆਗੂਆਂ ਨੂੰ 240 ਸੁਰੱਖਿਆ ਕਾਰਾਂ ਦਿੱਤੀਆਂ ਗਈਆਂ ਹਨ। ਇਨ੍ਹਾਂ ਵਿੱਚ ਦੁਨੀਆਂ ਦੀਆਂ ਸਭ ਤੋਂ ਮਹਿੰਗੀਆਂ ਕਾਰਾਂ ਲੈਂਡ ਕਰੂਜ਼ਰ ਅਤੇ ਮੌਂਟੈਰੋ ਤੋਂ ਲੈ ਕੇ ਜਿਪਸੀਆਂ ਤੱਕ ਸ਼ਾਮਲ ਹਨ। ਬਾਦਲਾਂ ਨੂੰ ਮਿਲੀਆਂ ਬੁਲੇਟ ਪਰੂਫ ਲੈਂਡ ਕਰੂਜ਼ਰ ਐਸਯੂਵੀਜ਼ ਹਨ, ਜੋ ਕਰੀਬ ਡੇਢ-ਡੇਢ ਕਰੋੜ ਰੁਪਏ ਦੀਆਂ ਹਨ। ਦੋਵਾਂ ਬਾਦਲਾਂ ਨੂੰ ਕਰੀਬ 70-70 ਲੱਖ ਦੀਆਂ ਮਿਸ਼ੂਬਿਸ਼ੀ ਕੰਪਨੀ ਦੀਆਂ ਮੌਂਟੈਰੋ ਐਸਯੂਵੀਜ਼ ਵੀ ਦਿੱਤੀਆਂ ਗਈਆਂ ਹਨ।

ਆਲ ਇੰਡੀਆ ਅਤਿਵਾਦ ਵਿਰੋਧੀ ਫਰੰਟ ਦੇ ਪ੍ਰਧਾਨ ਮਨਿੰਦਰਜੀਤ ਸਿੰਘ ਬਿੱਟਾ ਨੂੰ ਦਿੱਤੀਆਂ ਗੱਡੀਆਂ ਦੀ ਕੀਮਤ 90 ਲੱਖ ਦੇ ਕਰੀਬ ਹੈ ਤੇ ਕਰੀਬ 42 ਲੱਖ ਰੁਪਏ ਤੇਲ ਦਾ ਖ਼ਰਚਿਆ ਜਾਂਦਾ ਹੈ। ਵੱਖ-ਵੱਖ ਸ਼ਿਵ ਸੈਨਾਵਾਂ ਦੇ ਆਗੂ ਵੀ ਸਰਕਾਰੀ ਖ਼ਰਚੇ 'ਤੇ ਮੌਜਾਂ ਕਰ ਰਹੇ ਹਨ।

ਪੰਜਾਬ ਪੁਲੀਸ ਨਵੀਨੀਕਰਨ ਲਈ ਕੇਂਦਰ ਤੋਂ ਮਿਲਦੇ ਫੰਡਾਂ ਵਿੱਚੋਂ ਹਰ ਸਾਲ 20-25 ਕਰੋੜ ਰੁਪਏ ਦੇ ਵਾਹਨ ਖ਼ਰੀਦੇ ਜਾਂਦੇ ਸਨ। ਚਾਲੂ ਮਾਲੀ ਸਾਲ ਦੌਰਾਨ ਵੀ ਪੁਲੀਸ ਲਈ ਵਾਹਨ ਖ਼ਰੀਦਣ ਲਈ 22 ਕਰੋੜ ਰੁਪਏ ਖ਼ਰਚਣ ਦੀ ਤਜਵੀਜ਼ ਹੈ। ਜਾਣਕਾਰੀ ਮੁਤਾਬਕ ਥਾਣਿਆਂ ਨੂੰ ਅਲਾਟ ਗੱਡੀਆਂ ਦੀ ਹਾਲਤ ਖ਼ਸਤਾ ਹੈ ਪਰ ਵੱਡੇ ਸਾਹਿਬਾਂ ਨੂੰ ਨਵੀਆਂ ਕਾਰਾਂ ਫਟਾਫਟ ਦੇ ਦਿੱਤੀਆਂ ਜਾਂਦੀਆਂ ਹਨ। ਪੰਜਾਬ ਵਿੱਚ ਇਸ ਤੋਂ ਪਹਿਲਾਂ ਅਤਿ ਸੁਰੱਖਿਆ ਘੇਰੇ ਵਿੱਚ ਸ਼ਾਮਲ ਵਿਅਕਤੀਆਂ ਨੂੰ ਵੱਧ ਤੋਂ ਵੱਧ ਬੁਲੇਟ ਪਰੂਫ ਅੰਬੈਸਡਰ ਕਾਰ ਹੀ ਦਿੱਤੀ ਜਾਂਦੀ ਸੀ। ਹੁਣ ਲੈਂਡ ਕਰੂਜ਼ਰ ਤੱਕ ਮਹਿੰਗੀਆਂ ਕਾਰਾਂ ਬਾਦਲਾਂ ਨੂੰ ਦਿੱਤੀਆਂ ਗਈਆਂ ਹਨ।

## ਦੁਆਬੇ ਵਿਚ ਫਿੱਕੇ ਪਏ ਸੰਧੂਰੀ ਅੰਬ

ਪੁਰਾਣੇ ਰਾਜਿਆਂ ਨੇ ਅੰਬਾਂ ਦੇ ਬਾਗ਼ ਲੁਆਉਣ ਵਿੱਚ ਬੜੀ ਦਿਲਚਸਪੀ ਲਈ ਸੀ। ਇਸੇ ਕਰਕੇ ਦੁਆਬੇ ਦੀ ਧਰਤੀ ਅੰਬਾਂ ਦਾ ਘਰ ਬਣ ਗਈ ਸੀ।

ਭਾਵੇਂ ਭਾਰਤ ਅੰਬ ਪੈਦਾ ਕਰਨ ਵਾਲਾ ਪ੍ਰਮੁੱਖ ਦੇਸ਼ ਹੈ, ਪਰ ਇਸਦੀ ਬਹੁਤੀ ਖਪਤ ਦੇਸ਼ ਵਿੱਚ ਹੀ ਹੋ ਜਾਂਦੀ ਹੈ। ਭਾਰਤ ਵਿੱਚ ਇਸ ਦੀਆਂ 500 ਕਿਸਮਾਂ ਮਿਲਦੀਆਂ ਹਨ, ਪਰ ਪ੍ਰਚੱਲਤ 35 ਦੇ ਕਰੀਬ ਹੀ ਹਨ। ਅੰਬ ਦੀ ਬਹੁਤੀ ਵਰਤੋਂ ਅਚਾਰ ਵਾਸਤੇ ਕੀਤੀ ਜਾਂਦੀ ਹੈ। ਅੰਬ ਤੋਂ ਚਟਨੀ, ਮੁਰੱਬਾ, ਮਲਾਂਜੀ, ਬਾਜੂ, ਬਾਖੜੀਆਂ ਆਦਿ ਅਨੇਕਾਂ ਪ੍ਰਕਾਰ ਦੇ ਸਵਾਦੀ ਪਦਾਰਥ ਤਿਆਰ ਕੀਤੇ ਜਾਂਦੇ ਹਨ। ਇਸਦੀ ਖਟਿਆਈ ਨੂੰ ਜਾਇਕਾ ਬਣਾਉਣ ਲਈ ਵੀ ਵਰਤਿਆ ਜਾਂਦਾ ਹੈ। ਅੰਬਾਂ ਵਾਲੇ ਇਲਾਕੇ ਵਿੱਚ ਬਾਜੂ ਬੜਾ ਮਸ਼ਹੂਰ ਹੈ ਤੇ ਸਬਜ਼ੀ/ਦਾਲ ਵਜੋਂ ਵਰਤਿਆ ਜਾਂਦਾ ਹੈ।

ਡਾਕਟਰੀ ਅੰਦਾਜ਼ੇ ਅਨੁਸਾਰ ਅੰਬ ਇੱਕ ਅਜਿਹਾ ਫ਼ਲ ਹੈ ਜੋ ਸਰੀਰ ਵਿਚਲੇ ਅਨੇਕਾਂ ਰੋਗਾਂ ਲਈ ਦਾਰੂ ਵਜੋਂ ਵਰਤਿਆ ਜਾਂਦਾ ਹੈ। ਸੌ ਗ੍ਰਾਮ ਭਾਰ ਵਾਲੇ ਅੰਬ ਵਿੱਚ 65 ਕਿਲੋ ਕੈਲੋਰੀ ਊਰਜਾ ਦੇਣ ਦੀ ਸਮਰੱਥਾ ਹੁੰਦੀ ਹੈ। ਜਿਸ ਵਿੱਚ ਸਭ ਤੋਂ ਵੱਧ 17 ਗ੍ਰਾਮ ਕਾਰਬੋਹਾਈਡ੍ਰੇਟ ਅਤੇ 14.8 ਗ੍ਰਾਮ ਖੰਡ ਹੁੰਦੀ ਹੈ। ਪ੍ਰੋਟੀਨ, ਕੈਲਸ਼ੀਅਮ, ਮੈਗਨੀਸ਼ੀਅਮ, ਫਾਸਫੋਰਸ, ਪੋਟਾਸ਼ੀਅਮ ਅਤੇ ਜ਼ਿੰਕ ਸਮੇਤ ਵਿਟਾਮਿਨ ਏ, ਬੀ ਤੇ ਸੀ ਵੀ ਮੌਜੂਦ ਹੁੰਦਾ ਹੈ। ਪੱਕੇ ਅੰਬ ਚੂਪਣ ਨਾਲ ਦਿਲ, ਹੱਡੀਆਂ ਅਤੇ ਮਾਸ ਪੇਸ਼ੀਆਂ ਨੂੰ ਮਜ਼ਬੂਤੀ ਮਿਲਦੀ ਹੈ। ਗਰਮੀ ਤੋਂ ਬਚਣ ਲਈ ਇਸਨੂੰ ਸੁਆਹ ਵਿੱਚ ਭੁੰਨਕੇ ਇਸਦੇ ਗੁੱਦੇ ਦਾ ਸ਼ਰਬਤ ਪੀਤਾ ਜਾਂਦਾ ਹੈ। ਪੱਕੇ ਅੰਬਾਂ ਨੂੰ ਚੂਪਣ ਨਾਲ ਅੱਖਾਂ ਦੇ ਰੋਗਾਂ ਤੋਂ ਵੀ ਬਚਿਆ ਜਾ ਸਕਦਾ ਹੈ। ਕਿਸੇ ਜ਼ਮਾਨੇ ਇਹ ਫ਼ਲ ਰਾਜਿਆਂ ਵੱਲੋਂ ਹੀ ਖਾਧਾ ਜਾਂਦਾ ਸੀ ਜਿਸ ਕਰਕੇ ਇਸ ਨੂੰ ਫ਼ਲਾਂ ਦਾ ਰਾਜਾ ਮੰਨਿਆ ਜਾਣ ਲੱਗਾ।

ਫ਼ਲਾਂ ਦਾ ਰਾਜਾ ਹੁਣ ਦੁਆਬੇ ਵਿੱਚ ਵਿਰਲਾ ਟਾਵਾਂ ਹੀ ਹੈ। ਹੁਣ ਦੁਆਬੇ ਤੋਂ ਸੰਧੂਰੀ ਅੰਬਾਂ ਦੀ ਮਹਿਕ ਨਹੀਂ ਆਉਂਦੀ। ਇਸ ਲਈ ਹੀ ਕਿਹਾ ਗਿਆ ਹੈ:

ਹੁਣ ਅੰਬੀਆਂ ਨੂੰ ਤਰਸੇਂਗੀ
ਵਿਚ ਰਹਿ ਕੇ ਦੇਸ ਦੁਆਬੇ।

## ਦਰਬਾਰ ਸਾਹਿਬ ਦੀ ਇਮਾਰਤ 'ਚ ਤਬਦੀਲੀਆਂ ਕਿਉਂ ?

ਇਸ ਦਾ ਸਿੱਖ ਵਿਰਾਸਤ ਨਾਲ ਕੋਈ ਸਬੰਧ ਨਹੀਂ ਹੈ।

ਇਹ ਪਹਿਲੀ ਵਾਰੀ ਨਹੀਂ ਹੈ ਕਿ ਸ਼੍ਰੋਮਣੀ ਕਮੇਟੀ ਨੇ ਇਹੋ ਜਿਹੇ ਫ਼ੈਸਲੇ ਕੀਤੇ ਹਨ ਪਰ ਇਸ ਫ਼ੈਸਲੇ ਬਾਰੇ ਤਾਂ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਨੂੰ ਵੀ ਇਲਮ ਨਹੀਂ ਹੈ ਕਿ ਇਹ ਹੁਕਮ ਕਿਸ ਨੇ ਦਿੱਤੇ ਹਨ ਅਤੇ ਇਹੀ ਸਭ ਤੋਂ ਗੰਭੀਰ ਮਾਮਲਾ ਹੈ। ਇਤਿਹਾਸਕ ਦੁੱਖ ਭੰਜਨੀ ਬੇਰੀ ਦੇ ਆਲੇ-ਦੁਆਲੇ ਬਣਾਇਆ ਚਬੂਤਰਾ ਪਿੱਛੇ ਜਿਹੇ ਪੰਜਾਬ ਖੇਤੀ ਯੂਨੀਵਰਸਿਟੀ ਦੇ ਮਾਹਿਰਾਂ ਦੀ ਰਾਇ 'ਤੇ ਢਾਹੁਣਾ ਪਿਆ ਕਿਉਂਕਿ ਇਹ ਚਬੂਤਰਾ ਇਸ ਬੇਰੀ ਲਈ ਘਾਤਕ ਸਿੱਧ ਹੋ ਰਿਹਾ ਸੀ। ਪਤਾ ਨਹੀਂ ਕਦੋਂ ਕਿਸ ਨੇ ਇਸ ਬੇਰੀ ਸਮੇਤ ਪਰਿਕਰਮਾ ਵਿੱਚ ਮੌਜੂਦ ਇਤਿਹਾਸਕ ਦਰੱਖਤਾਂ ਦੁਆਲੇ ਨੁਕਸਾਨ ਬਾਰੇ ਬਿਨਾਂ ਸੋਚਿਆਂ ਸਮਝਿਆਂ ਇਹ ਚਬੂਤਰੇ ਬਣਵਾ ਦਿੱਤੇ ਸਨ।

ਸੰਸਥਾਵਾਂ ਨੂੰ ਪਹੁੰਚਾਏ ਜਾ ਰਹੇ ਨੁਕਸਾਨ ਦੀ ਕਹਾਣੀ ਬੜੀ ਲੰਬੀ ਹੈ। ਕੇਂਦਰ ਸਰਕਾਰ ਤੋਂ ਸੇਵਾ ਭੋਜ ਯੋਜਨਾ ਤਹਿਤ ਜੀਐੱਸਟੀ ਬਦਲੇ ਸਰਕਾਰੀ ਸਹਾਇਤਾ ਪ੍ਰਵਾਨ ਕਰ ਕੇ ਗੁਰੂ ਕੇ ਲੰਗਰ ਦੀ ਵਿਚਾਰਧਾਰਾ ਅਤੇ ਭਾਵਨਾ ਨੂੰ ਹੀ ਬਦਲ ਦਿੱਤਾ ਗਿਆ। ਆਪਣੇ ਰਾਜਸੀ ਆਕਾਵਾਂ ਦੇ ਕਹਿਣ 'ਤੇ ਡੇਰਾ ਸੱਚਾ ਸੌਦਾ ਨੂੰ ਮੁਆਫ਼ੀ ਦੇਣ ਦੇ ਮੁੱਦੇ ਉੱਤੇ ਸ੍ਰੀ ਅਕਾਲ ਤਖ਼ਤ ਦੇ ਜਥੇਦਾਰ ਨੇ ਆਪਣੀ ਪੜ੍ਹਤ ਗੁਆ ਲਈ। ਸ਼੍ਰੋਮਣੀ ਕਮੇਟੀ ਵੀ ਉਸੇ ਰਾਜਸੀ ਧਿਰ ਵਲੋਂ ਚਲਾਈ ਜਾ ਰਹੀ ਹੈ ਜਿਸ ਨੇ ਸ੍ਰੀ ਅਕਾਲ ਤਖ਼ਤ ਅਤੇ ਹੋਰ ਤਖ਼ਤਾਂ ਦੇ ਜਥੇਦਾਰ ਸਾਹਿਬਾਨ ਉੱਤੇ ਡੇਰਾ ਸੱਚਾ ਸੌਦਾ ਦੇ ਮੁਖੀ ਨੂੰ ਮੁਆਫ਼ੀ ਦੇਣ ਦੇ ਮਾਮਲੇ ਵਿੱਚ ਦਬਾਅ ਪਾਇਆ ਸੀ।

ਸ੍ਰੀ ਦਰਬਾਰ ਸਾਹਿਬ ਸਿੱਖ ਜਗਤ ਤੇ ਸਿੱਖ ਵਿੱਚਾਰਧਾਰਾ ਦੇ ਪ੍ਰਗਟਾਓ ਦਾ ਕੇਂਦਰੀ ਧੁਰਾ ਹੈ ਜਿਸ ਵਿੱਚ ਹੁਣ ਕੀਤੇ ਜਾ ਰਹੇ ਬਦਲਾਓ ਗੰਭੀਰ ਚਿੰਤਾ ਦਾ ਵਿਸ਼ਾ ਹਨ। ਕੀ ਹੁਣ ਸਿੱਖ ਜਗਤ ਨੂੰ ਸ੍ਰੀ ਦਰਬਾਰ ਸਾਹਿਬ ਨੂੰ ਸ਼੍ਰੋਮਣੀ ਕਮੇਟੀ ਤੋਂ ਬਚਾਉਣ ਲਈ ਯੂਐੱਨਓ ਕੋਲ ਪਹੁੰਚ ਕਰਨੀ ਪਵੇਗੀ ?

# ਪੰਜਾਬ ’ਚ ਪੰਚਾਇਤੀ ਚੋਣਾਂ ਦਾ ਬਿਗਲ ਵੱਜਿਆ

**ਚੰਡੀਗੜ੍ਹ/ਬਿਊਰੋ ਨਿਊਜ਼ :** ਪੰਜਾਬ ਵਿਚ ਪੰਚਾਇਤ ਸਮਿਤੀ ਅਤੇ ਜ਼ਿਲ੍ਹਾ ਪ੍ਰੀਸ਼ਦ ਦੀਆਂ ਚੋਣਾਂ 10 ਸਤੰਬਰ ਨੂੰ ਅਤੇ ਪੰਚਾਂ ਸਰਪੰਚਾਂ ਦੀਆਂ ਚੋਣਾਂ 30 ਸਤੰਬਰ ਨੂੰ ਹੋਣਗੀਆਂ। ਪੇਂਡੂ ਵਿਕਾਸ ਅਤੇ ਪੰਚਾਇਤ ਵਿਭਾਗ ਵੱਲੋਂ ਇਸ ਸਬੰਧੀ ਰਾਜ ਦੇ ਚੋਣ ਕਮਿਸ਼ਨ ਨੂੰ ਸਿਫ਼ਾਰਿਸ਼ ਭੇਜ ਦਿੱਤੀ ਗਈ ਹੈ। ਰਾਜ ਵਿਚ 22 ਜ਼ਿਲ੍ਹਾ ਪ੍ਰੀਸ਼ਦਾਂ, 150 ਪੰਚਾਇਤ ਸਮਿਤੀਆਂ ਅਤੇ 13 ਹਜ਼ਾਰ ਤੋਂ ਵੱਧ ਪੰਚਾਇਤਾਂ ਦੀ ਚੋਣ ਲਈ ਵੋਟਾਂ ਪੈਣੀਆਂ ਹਨ। ਸਰਪੰਚਾਂ ਦੀ ਚੋਣ ਲਈ ਸਿੱਧੀਆਂ ਅਤੇ ਪੰਚਾਂ ਦੀ ਚੋਣ ਲਈ ਵਾਰਡਾਂ ਅਨੁਸਾਰ ਵੋਟਾਂ ਪੈਣਗੀਆਂ। ਪੰਚਾਇਤ ਵਿਭਾਗ ਦੇ ਸਕੱਤਰ ਅਨੁਰਾਗ ਵਰਮਾ ਦੇ ਹਸਤਾਖਰਾਂ ਹੇਠ ਉਕਤ ਤਾਰੀਖਾਂ ਸਬੰਧੀ ਨੋਟੀਫਿਕੇਸ਼ਨ ਦੀ ਕਾਪੀ ਰਾਜ ਦੇ ਚੋਣ ਅਧਿਕਾਰੀ ਨੂੰ ਭੇਜੀ ਗਈ ਹੈ। ਪ੍ਰਾਪਤ ਜਾਣਕਾਰੀ ਅਨੁਸਾਰ ਪੰਚਾਇਤ ਵਿਭਾਗ ਵੱਲੋਂ ਮੌਜੂਦਾ ਪੰਚਾਇਤੀ ਸੰਸਥਾਵਾਂ, ਜਿਨ੍ਹਾਂ ਵਿੱਚ ਪੰਚਾਇਤਾਂ, ਪੰਚਾਇਤ ਸਮਿਤੀਆਂ ਅਤੇ ਜ਼ਿਲ੍ਹਾ ਪ੍ਰੀਸ਼ਦਾਂ ਆਉਂਦੀਆਂ ਹਨ, ਨੂੰ ਭੰਗ ਕਰਨ ਲਈ ਫਾਈਲ ਮੁੱਖ ਮੰਤਰੀ ਨੂੰ ਭੇਜ ਦਿੱਤੀ ਗਈ ਹੈ।

## ਸਰਕਾਰ ਭਾਈ ਜਗਤਾਰ ਸਿੰਘ ਹਵਾਰਾ ਨੂੰ ਤਿਹਾੜ ਜੇਲ੍ਹ ਵਿਚ ਡੱਕ ਕੇ ਰੱਖਣ ਲਈ ਬਜ਼ਿੱਦ

ਕਿਸੇ ਵਿਅਕਤੀ ਦਾ ਕੇਸ ਚੱਲਦਾ ਹੁੰਦਾ ਹੈ ਉਸ ਅਦਾਲਤ ਅਧੀਨ ਪੈਂਦੀ ਜੇਲ੍ਹ ਵਿਚ ਹੀ ਵਿਅਕਤੀ ਨੂੰ ਰੱਖਿਆ ਜਾਂਦਾ ਹੈ ਪਰ ਜਦੋਂ ਕੇਸ ਇਕ ਤੋਂ ਵਧੇਰੇ ਜਿਲ੍ਹਿਆਂ ਜਾ ਰਾਜਾਂ ਤੱਕ ਫੈਲੇ ਹੋਣ ਦਾ ਆਮ ਕਰਕੇ ਵੱਡੀ ਅਦਾਲਤ ਦੇ ਕੇਸਾਂ ਨੂੰ ਚਲਾਉਣ ਲਈ ਉਸ ਅਦਾਲਤ ਅਧੀਨ ਪੈਂਦੀ ਜੇਲ੍ਹ ਵਿਚ ਰੱਖਿਆ ਜਾਂਦਾ ਹੈ ਪਰ ਇਕ ਗੱਲ ਸਪੱਸ਼ਟ ਹੈ ਕਿ ਜਦੋਂ ਕਿਸੇ ਵਿਅਕਤੀ ਨੂੰ ਸਜ਼ਾ ਹੋ ਜਾਂਦੀ ਹੈ ਤਾਂ ਉਹ ਸਜ਼ਾ ਕੱਟਣ ਲਈ ਟਰਾਂਸਫਰ ਆਫ ਪਰਿਜ਼ਨਰ ਐਕਟ ਅਧੀਨ ਆਪਣੀ ਘਰੇਲੂ ਸਟੇਟ ਦੀ ਕਿਸੇ ਜੇਲ੍ਹ ਤੇ ਖਾਸ ਕਰਕੇ ਆਪਣੇ ਘਰ ਦੇ ਨਜ਼ਦੀਕ ਪੈਂਦੀ ਜੇਲ੍ਹ ਵਿਚ ਤਬਦੀਲ ਹੋਣ ਦਾ ਕਾਨੂੰਨੀ ਹੱਕ ਰੱਖਦਾ ਹੈ ਪਰ ਜਦੋਂ ਕਿਸੇ ਵਿਅਕਤੀ ਨੂੰ ਕਿਸੇ ਇਕ ਕੇਸ ਵਿਚ ਸਜ਼ਾ ਅਤੇ ਉਸੇਦੇ ਹੋਰ ਕੇਸ ਵੀ ਅਜੇ ਚੱਲਦੇ ਹੋਣ ਤਾਂ ਫਿਰ ਚੱਲਦੇ ਕੇਸਾਂ ਨੂੰ ਨਿਬੇੜਣ ਦੇ ਹਿਸਾਬ ਨਾਲ ਜੇਲ੍ਹ ਵਿਚ ਰੱਖਿਆ ਜਾਂਦਾ ਹੈ।

ਜੇਲ੍ਹ ਤਬਦੀਲੀ ਦੀ ਗੱਲ ਕਰੀਏ ਤਾਂ ਬੰਦੀ ਸਿੰਘਾਂ ਵਿਚ ਭਾਈ ਲਾਲ ਸਿੰਘ ਪੰਜਾਬ ਦੇ ਜਿਲ੍ਹਾ ਕਪੂਰਥਲਾ ਦੇ ਪਿੰਡ ਅਕਾਲਗੜ੍ਹ ਦੇ ਵਾਸੀ ਹਨ ਅਤੇ ਜਦੋਂ ਉਹਨਾਂ ਨੂੰ ਗੁਜਰਾਤ ਵਿਚ 1997 ਵਿਚ ਉਮਰ ਕੈਦ ਦੀ ਸਜ਼ਾ ਹੋ ਗਈ ਅਤੇ ਉਸ ਸਮੇਂ ਉਹਨਾਂ ਉਪਰ ਹੋਰ ਕੋਈ ਕੇਸ ਕਿਤੇ ਵੀ ਚੱਲ ਨਹੀਂ ਸੀ ਰਿਹਾ। ਉਹਨਾਂ ਨੇ ਪੰਜਾਬ ਵਿਚ ਤਬਦੀਲ ਹੋਣ ਦੀ ਦਰਖਾਸਤ ਦਿੱਤੀ ਅਤੇ 1998 ਵਿਚ ਉਹਨਾਂ ਨੂੰ ਜਲੰਧਰ ਜੇਲ੍ਹ ਵਿਚ ਤਬਦੀਲ ਕਰ ਦਿੱਤਾ ਗਿਆ ਅਤੇ 2000 ਵਿਚ ਉਹਨਾਂ ਨੂੰ ਮੈਕਸੀਮਮ ਸਕਿਓਰਟੀ ਜੇਲ੍ਹ ਨਾਭਾ ਵਿਚ ਤਬਦੀਲ ਕਰ ਦਿੱਤਾ ਗਿਆ ਜਿੱਥੇ ਉਹ ਅੱਜ ਤੱਕ ਨਜ਼ਰਬੰਦ ਹਨ। ਜਿਕਰਯੋਗ ਹੈ ਕਿ ਭਾਈ ਲਾਲ ਸਿੰਘ ਨੂੰ ਉਸ ਸਮੇਂ ਜੇਲ੍ਹ ਤਬਦੀਲੀ ਲਈ ਨਾ ਤਾਂ ਕੋਈ ਸੰਘਰਸ਼ ਕਰਨਾ ਪਿਆ, ਨਾ ਕਿਸੇ ਨੇ ਭੁੱਖ ਹੜਤਾਲ ਰੱਖੀ, ਨਾ ਹੀ ਕੋਈ ਮੋਰਚਾ ਲਾਇਆ ਗਿਆ, ਨਾ ਸਿਆਸੀ ਲੋਕਾਂ ਦੇ ਹਾੜੇ ਕੱਢਣੇ ਪਏ ਅਤੇ ਨਾ ਹੀ ਕੋਈ ਅਦਾਲਤੀ ਚੱਕਰ ਪਿਆ ਅਤੇ ਆਮ ਪ੍ਰਕਿਰਿਆ ਵਿਚ ਟਰਾਂਸਫਰ ਆਫ ਪਰਿਜ਼ਨਰ ਐਕਟ ਅਧੀਨ ਇਹ ਜੇਲ੍ਹ ਤਬਦੀਲੀ ਹੋਈ ਅਤੇ ਭਾਰਤ ਭਰ ਵਿਚ ਅਜਿਹੀਆਂ ਤਬਦੀਲੀਆਂ ਹੁੰਦੀਆਂ ਰਹਿੰਦੀਆਂ ਹਨ।

ਜੇ ਕਾਨੂੰਨੀ ਗੱਲ ਨਾ ਬਣੇ ਤਾਂ ਫਿਰ ਅਦਾਲਤਾਂ ਦਾ ਸਹਾਰਾ ਲਿਆ ਜਾਂਦਾ ਹੈ ਜਿਹਾ ਕਿ ਭਾਈ ਹਵਾਰਾ ਦੇ ਸਬੰਧ ਵਿਚ ਹੋਇਆ ਅਤੇ 2016 ਵਿਚ ਪੰਜਾਬ ਤੇ ਹਰਿਆਣਾ ਹਾਈਕੋਰਟ ਵਿਚ ਪਟੀਸ਼ਨ ਪਾਈ ਗਈ ਪਰ ਉਹ ਅਜੇ ਤੱਕ ਵੀ ਸਟੇਟ ਦੀ ਚਲਾਕੀ, ਜੱਜਾਂ ਦੀ ਲਟਕਾਊ ਨੀਤੀ, ਵਕੀਲਾਂ ਦੀ ਤਬਦੀਲੀ ਤੇ ਸਹੀ ਪੈਰਵਾਈ ਨਾ ਹੋਣ ਕਾਰਨ ਵਿਚਾਰਅਧੀਨ ਹੀ ਹੈ। ਹੁਣ ਭਾਈ ਹਵਾਰਾ ਵਲੋਂ ਆਪਣੇ ਤੌਰ ਤੇ ਦਿੱਲੀ ਹਾਈ ਕੋਰਟ ਵਿਚ ਪੰਜਾਬ ਵਿਚ ਜੇਲ੍ਹ ਤਬਦੀਲੀ ਤੇ ਪੰਜਾਬ ਵਿਚ ਚੱਲਦੇ ਕੇਸਾਂ ਵਿਚ ਅਦਾਲਤਾਂ ਵਲੋਂ ਪ੍ਰੋਡਕਸ਼ਨ ਵਾਰੰਟ ਜਾਰੀ ਹੋਣ ਦੇ ਬਾਵਜੂਦ ਨਿੱਜੀ ਤੌਰ ਪੇਸ਼ ਨਾ ਕਰਨ ਦੇ ਖਿਲਾਫ ਪਟੀਸ਼ਨ ਪਵਾਈ ਹੈ ਜਿਸ ਦੀ ਅਗਲੀ ਤਰੀਕ 23 ਜੁਲਾਈ ਹੈ। ਇਸ ਤੋਂ ਇਲਾਵਾ ਦਿੱਲੀ ਕਮੇਟੀ ਵਲੋਂ ਭਾਈ ਹਵਾਰਾ ਦੀ ਸਿਹਤ ਸਬੰਧੀ ਵੀ ਦਿੱਲੀ ਹਾਈ ਕੋਰਟ ਵਿਚ ਪਟੀਸ਼ਨ ਪਾਉਣ ਦੀ ਇੱਛਾ ਪਰਗਟ ਕੀਤੀ ਹੈ ਜਿਸ ਬਾਰੇ ਭਾਈ ਹਵਾਰਾ ਦਾ ਕਹਿਣਾ ਹੈ ਕਿ ਇਕੱਲੇ ਮੇਰੇ ਲਈ ਨਹੀਂ ਸਗੋਂ ਤਿਹਾੜ ਜੇਲ੍ਹ ਦੇ ਸਮੂਹ ਬੰਦੀਆਂ ਦੀਆਂ ਸਿਹਤ ਸਹੂਲਤਾਂ ਲਈ ਸਾਂਝੀ ਲੋਕ ਹਿੱਤ ਪਟੀਸ਼ਨ ਦਿੱਲੀ ਹਾਈ ਕੋਰਟ ਵਿਚ ਪਾਈ ਜਾਵੇ।

ਜੇ ਦੇਖਿਆ ਜਾਵੇ ਤਾਂ ਕਾਨੂੰਨਨ ਜੇਕਰ ਭਾਈ ਹਵਾਰਾ ਕੇਵਲ ਮੁੱਖ ਮੰਤਰੀ ਬੇਅੰਤ ਕਤਲ ਕੇਸ ਵਿਚ ਉਮਰ ਕੈਦੀ ਹੋਣ ਤਾਂ ਉਹਨਾਂ ਨੂੰ ਯੂ.ਟੀ. ਚੰਡੀਗੜ੍ਹ ਵਿਚ ਰੱਖਣਾ ਬਣਦਾ ਹੈ ਪਰ ਕਿਉਂਕਿ ਭਾਈ ਹਵਾਰਾ ਪੰਜਾਬ ਦੇ ਕੇਸਾਂ ਵਿਚ ਹਵਾਲਾਤੀ ਹਨ ਅਤੇ ਕਾਨੂੰਨਨ ਉਹਨਾਂ ਨੂੰ ਪੰਜਾਬ ਦੀ ਕਿਸੇ ਜੇਲ੍ਹ ਵਿਚ ਹੀ ਰੱਖਣਾ ਬਣਦਾ ਹੈ।

ਭਾਈ ਜਗਤਾਰ ਸਿੰਘ ਹਵਾਰਾ ਨੂੰ ਮੁੱਖ ਮੰਤਰੀ ਬੇਅੰਤ ਕਤਲ ਕੇਸ ਵਿਚ ਸਜ਼ਾ ਹੋਣ ਤੋਂ ਬਾਅਦ ਉਹਨਾਂ ਨੂੰ ਤਿਹਾੜ ਜੇਲ੍ਹ, ਦਿੱਲੀ ਵਿਚ ਤਬਦੀਲ ਕਰ ਦਿੱਤਾ ਗਿਆ ਸੀ ਕਿਉਂਕਿ ਉਹਨਾਂ ਉਪਰ ਦਿੱਲੀ ਵਿਚ ਕੇਸ ਬਾਕੀ ਸਨ ਪਰ ਜਦੋਂ ਹੁਣ ਦਿੱਲੀ ਵਿਚ ਕੇਸ ਮੁੱਕ ਗਏ ਹਨ ਤਾਂ ਉਹਨਾਂ ਨੂੰ ਪੰਜਾਬ ਦੀ ਕਿਸੇ ਜੇਲ੍ਹ ਵਿਚ ਤਬਦੀਲ ਕਰਨਾ ਚਾਹੀਦਾ ਹੈ ਕਿਉਂਕਿ ਪੰਜਾਬ ਵਿਚ ਕੇਸ ਬਾਕੀ ਚੱਲਦੇ ਹਨ ਅਤੇ ਪੰਜਾਬ ਦੀਆਂ ਅਦਾਲਤਾਂ ਵਲੋਂ ਬਾਰ-ਬਾਰ ਪ੍ਰੋਡਕਸ਼ਨ ਵਾਰੰਟ ਭੇਜ ਕੇ ਭਾਈ ਹਵਾਰਾ ਨੂੰ ਪੇਸ਼ ਕਰਨ ਲਈ ਕਿਹਾ ਜਾਂਦਾ ਹੈ। ਜੇਕਰ ਯਾਸੀਨ ਭਟਕਲ ਨੂੰ ਤਿਹਾੜ ਜੇਲ੍ਹ, ਦਿੱਲੀ ਤੋਂ ਬੰਬੇ ਕੋਰਟ ਵਿਚ ਪੇਸ਼ੀ ਉਪਰ ਲੈ ਜਾਇਆ ਜਾਂਦਾ ਹੈ ਤਾਂ ਭਾਈ ਹਵਾਰਾ ਨੂੰ ਕਿਉਂ ਨਹੀਂ ? ਭਾਈ ਹਵਾਰਾ ਨੂੰ 2014/2015 ਤੱਕ ਲੁਧਿਆਣਾ, ਰੋਪੜ ਅਦਾਲਤਾਂ ਵਿਚ ਲਿਆਂਦਾ ਜਾਂਦਾ ਸੀ ਪਰ ਉਸ ਤੋਂ ਬਾਅਦ ਇਕ ਦਮ ਰੋਕਾਂ ਲਗਾ ਦਿੱਤੀਆਂ ਗਈਆਂ ਹਨ।

ਭਾਈ ਗੁਰਬਖਸ਼ ਸਿੰਘ ਵਲੋਂ ਵੀ ਭਾਈ ਹਵਾਰਾ ਨੂੰ ਪੰਜਾਬ ਦੀ ਜੇਲ੍ਹ ਤਬਦੀਲੀ ਨੂੰ ਮੁੱਖ ਮੁੱਦਾ ਰੱਖ ਕੇ ਆਪਣਾ ਸੰਘਰਸ਼ ਤੀਜੀ ਵਾਰ ਸ਼ੁਰੂ ਕੀਤਾ ਗਿਆ ਸੀ ਪਰ ਉਹਨਾਂ ਦੇ ਸੰਘਰਸ਼ ਨੂੰ ਵੀ ਫਲ ਨਹੀਂ ਲੱਗਾ ਅਤੇ ਮੌਜੂਦਾ ਬਰਗਾੜੀ ਮੋਰਚੇ ਵਿਚ ਵੀ ਭਾਈ ਹਵਾਰਾ ਨੂੰ ਪੰਜਾਬ ਦੀ ਜੇਲ੍ਹ ਤਬਦੀਲੀ ਮੁੱਦਾ ਰੱਖਿਆ ਗਿਆ ਸੀ ਪਰ ਪਿਛਲੇ ਦਿਨੀਂ ਹੋਈ ਮੀਟਿੰਗ ਵਿਚ ਕੈਬਨਿਟ ਮੰਤਰੀ ਤ੍ਰਿਪਤ ਬਾਜਵਾ ਵਲੋਂ ਸਪੱਸ਼ਟ ਸਬਦਾਂ ਵਿਚ ਭਾਈ ਜਗਤਾਰ ਸਿੰਘ ਹਵਾਰਾ ਨੂੰ ਪੰਜਾਬ ਦੀ ਜੇਲ੍ਹ ਤਬਦੀਲੀ ਤੋਂ ਨਾਂਹ ਕਰ ਦਿੱਤੀ ਸੀ ਪਰ ਉਹ ਇਸ ਸਬੰਧੀ ਕੋਈ ਕਾਰਨ ਨਾ ਦੱਸ ਪਾਏ ਅਤੇ ਆਪਣੀ ਮਜਬੂਰੀ ਦਰਸਾਈ। 30 ਮਈ 2018 ਨੂੰ ਮੋਗਾ ਦੀ ਅਦਾਲਤ ਵਲੋਂ ਭਾਈ ਹਵਾਰਾ ਨੂੰ ਅਦਾਲਤ ਵਿਚ ਪੇਸ਼ ਕਰਨ ਲਈ ਪ੍ਰੋਡਕਸ਼ਨ ਵਾਰੰਟ 12 ਜੁਲਾਈ 2018 ਲਈ ਜਾਰੀ ਕੀਤੇ ਹਨ ਤਾਂ ਦੇਖਦੇ ਹਾਂ ਕਿ ਉਹਨਾਂ ਨੂੰ 12 ਜੁਲਾਈ ਨੂੰ ਮੋਗਾ ਅਦਾਲਤ ਵਿਚ ਪੇਸ਼ ਕੀਤਾ ਜਾਂਦਾ ਹੈ ਜਾਂ ਇਕ ਵਾਰ ਫਿਰ ਖੁਫੀਆਂ ਤੰਤਰ ਦੀਆਂ ਰਿਪੋਰਟਾਂ ਨੂੰ ਆਧਾਰ ਬਣਾ ਕੇ ਨਾ ਪੇਸ਼ ਕਰਨ ਦਾ ਬਹਾਨਾ ਮਾਰਿਆ ਜਾਂਦਾ ਹੈ।

## ਨਾਮੀ ਗੈਂਗਸਟਰ ਦਿਲਪ੍ਰੀਤ ਸਿੰਘ ਢਾਹਾਂ ਬਾਰੇ ਹੋ ਰਹੇ ਨੇ ਰੋਜ਼ ਨਵੇਂ ਖੁਲਾਸੇ

ਦੇ ਸਾਹਮਣੇ ਉਨ੍ਹਾਂ ਦੇ ਘਰ ਪੇਸ਼ ਕੀਤਾ ਗਿਆ ਅਤੇ ਜੱਜ ਉਨ੍ਹਾਂ ਨੂੰ 5 ਦਿਨ ਦੇ ਪੁਲੀਸ ਰਿਮਾਂਡ ‘ਤੇ ਭੇਜ ਦਿੱਤਾ।

ਗੈਂਗਸਟਰ ਦਿਲਪ੍ਰੀਤ ਦੀ ਗ੍ਰਿਫ਼ਤਾਰੀ ਤੋਂ ਇਕ ਦਿਨ ਬਾਅਦ ਪੁਲੀਸ ਜਾਂਚ ਵਿਚ ਸਾਹਮਣੇ ਆਇਆ ਹੈ ਕਿ ਦਿਲਪ੍ਰੀਤ ਬਾਬਾ ਨਸ਼ਿਆਂ ਤੇ ਔਰਤਾਂ ਨਾਲ ਸਬੰਧਾਂ ਦਾ ਆਦੀ ਸੀ। ਉਹ ਅਕਸਰ ਲਾਪ੍ਰਵਾਹੀ ਨਾਲ ਘੁੰਮਦਾ ਫਿਰਦਾ ਸੀ ਅਤੇ ਫਿਲਮਾਂ ਆਦਿ ਦੇਖਦਾ ਸੀ। ਉਸ ਨੂੰ ਰਹਿਣ ਲਈ ਸਹਾਰਾ ਦੇਣ ਵਾਲੀਆਂ ਦੋ ਭੈਣਾਂ ਦੀ ਗ੍ਰਿਫ਼ਤਾਰੀ ਦੀ ਸੂਚਨਾ ਦਿੰਦਿਆਂ ਪੁਲੀਸ ਨੇ ਦੱਸਿਆ ਕਿ ਹਰਪ੍ਰੀਤ ਕੌਰ ਵਿਧਵਾ ਅਤੇ ਦੋ ਬੱਚਿਆਂ ਦੀ ਮਾਂ ਹੈ ਅਤੇ ਉਸ ਦੀ ਛੋਟੀ ਭੈਣ ਰੁਪਿੰਦਰ ਕੌਰ, ਜੋ ਆਪਣੇ ਪਤੀ ਤੋਂ ਵੱਖ ਰਹਿ ਰਹੀ ਹੈ, ਗੈਂਗਸਟਰ ਦਿਲਪ੍ਰੀਤ ਦੀਆਂ ਸਾਥਣਾਂ ਸਨ। ਨਾਟਕੀ ਢੰਗ ਨਾਲ ਲੱਭੇ ਜਾਣ ਅਤੇ ਗ੍ਰਿਫ਼ਤਾਰ ਹੋਣ ਤੋਂ ਇਕ ਹਫ਼ਤਾ ਪਹਿਲਾਂ ਦਿਲਪ੍ਰੀਤ ਸਿੰਘ ਨੇ ਆਪਣੀ ਮਹਿਲਾ ਮਿੱਤਰ ਰੁਪਿੰਦਰ ਕੌਰ ਨਾਲ ਚੰਡੀਗੜ੍ਹ ਦੇ ਇਲਾਂਟੇ ਮਾਲ ਵਿੱਚ ਦੋ ਫਿਲਮਾਂ ਦੇਖੀਆਂ ਸਨ। ਉਸ ਦੇ ਬੈਗ ਵਿੱਚੋਂ 3 ਜੁਲਾਈ ਦੇ 10.15 ਵਜੇ ਦੇ ਫਿਲਮ ‘ਰੇਸ 3‘ ਦੇ ਸ਼ੋਅ ਦੀਆਂ ਟਿਕਟਾਂ ਮਿਲੀਆਂ ਹਨ। ਰੁਪਿੰਦਰ ਕੌਰ ਨੇ ਵੀ ਮੰਨਿਆ ਕਿ ਉਸ ਨੇ ਦਿਲਪ੍ਰੀਤ ਨਾਲ ਫਿਲਮ ਦੇਖੀ ਸੀ ਅਤੇ ਇਸ ਤੋਂ ਬਾਅਦ 5 ਜਾਂ 6 ਜੁਲਾਈ ਨੂੰ ਫਿਰ ਫਿਲਮ ‘ਸੰਜੂ‘ ਦੇਖੀ ਸੀ। ਪੁਲੀਸ ਦਾ ਕਹਿਣਾ ਹੈ ਕਿ ਦਿਲਪ੍ਰੀਤ ਦੇ ਗੈਂਗ ਵਿੱਚ ਮੁੱਖ ਤੌਰ ‘ਤੇ 21 ਮੈਂਬਰ ਹਨ ਜਿਨ੍ਹਾਂ ‘ਚੋਂ ਅੱਠ ਨੂੰ ਪਹਿਲਾਂ ਹੀ ਗ੍ਰਿਫ਼ਤਾਰ ਕਰ ਲਿਆ ਗਿਆ ਹੈ ਅਤੇ ਉਸ ਦਾ ਨੇੜਲਾ ਸਾਥੀ ਹਰਵਿੰਦਰ ਰਿੰਡਾ ਅਜੇ ਪੁਲੀਸ ਦੀ ਗ੍ਰਿਫ਼ਤ ਤੋਂ ਬਾਹਰ ਹੈ।

ਜ਼ਿਕਰਯੋਗ ਹੈ ਕਿ ਦਿਲਪ੍ਰੀਤ ਸੈਕਟਰ 38 ਵੈਸਟ ਦੇ ਗੁਰਦੁਆਰੇ ਦੇ ਬਾਹਰ ਹੁਸ਼ਿਆਰਪੁਰ ਦੇ ਇਕ ਪਿੰਡ ਦੇ ਸਰਪੰਚ ਸਤਨਾਮ ਸਿੰਘ ਦਾ ਸ਼ਰੇਆਮ ਕਤਲ ਕਰਨ ਦੇ ਮਾਮਲੇ ਵਿਚ ਚੰਡੀਗੜ੍ਹ ਪਲੀਸ ਨੂੰ ਵੀ ਲੋੜੀਂਦਾ ਸੀ। ਉਸ ਨੇ ਪੰਜਾਬੀ ਗਾਇਕ ਪਰਮੀਸ਼ ਵਰਮਾ ਨੂੰ ਗੋਲੀ ਮਾਰੀ ਸੀ ਅਤੇ ਕੁਝ ਦਿਨ ਪਹਿਲਾਂ ਗਾਇਕ ਤੇ ਅਭਿਨੇਤਾ ਗਿੱਪੀ ਗਰੇਵਾਲ ਨੂੰ ਮਾਰਨ ਦੀ ਧਮਕੀ ਵੀ ਦਿੱਤੀ ਸੀ। ਦਿਲਪ੍ਰੀਤ ਫੇਸਬੁੱਕ ਰਾਹੀਂ ਕਈ ਹਸਤੀਆਂ ਨੂੰ ਧਮਕੀਆਂ ਦੇ ਚੁੱਕਾ ਹੈ ਅਤੇ ਪੰਜਾਬ ਵਿੱਚ ਉਸ ਖਿਲਾਫ਼ 25 ਦੇ ਕਰੀਬ ਕੇਸ ਦਰਜ ਹਨ।

ਸੂਤਰਾਂ ਅਨੁਸਾਰ ਪੰਜਾਬ ਪੁਲੀਸ ਨੂੰ ਦਿਲਪ੍ਰੀਤ ਦੇ ਸੈਕਟਰ 43 ਸਥਿਤ ਅੰਤਰਰਾਜੀ ਬੱਸ ਅੱਡੇ ਨੇੜੇ ਪਹੁੰਚਣ ਦੀ ਐਤਵਾਰ ਨੂੰ ਸੂਹ ਮਿਲੀ ਸੀ। ਪੰਜਾਬ ਪੁਲੀਸ ਦੇ ਕਾਊਂਟਰ ਇੰਟੈਲੀਜੈਂਸ ਤੇ ਜਲੰਧਰ ਦਿਹਾਤੀ ਪੁਲੀਸ ਦੀਆਂ ਟੀਮਾਂ ਸਵੇਰੇ ਤੋਂ ਹੀ ਚੰਡੀਗੜ੍ਹ ਵਿਚ ਸਰਗਰਮ ਸਨ। ਪੰਜਾਬ ਪੁਲੀਸ ਦੀ ਟੀਮ ਨੇ ਐਸਐਸਪੀ ਗੁਰਪ੍ਰੀਤ ਸਿੰਘ ਭੁੱਲਰ, ਡੀਐਸਪੀਜ਼ ਤਜਿੰਦਰ ਸਿੰਘ ਸੰਧੂ, ਰਾਕੇਸ਼ ਯਾਦਵ ਅਤੇ ਮੁਕੇਸ਼ ਕੁਮਾਰ ਦੀ ਅਗਵਾਈ ਹੇਠਲੀ ਟੀਮ ਤੇ ਚੰਡੀਗੜ੍ਹ ਪੁਲੀਸ ਦੀ ਕਰਾਈਮ ਬਰਾਂਚ ਦੀ ਟੀਮ ਨੇ ਇੰਸਪੈਕਟਰ ਅਮਨਜੋਤ ਸਿੰਘ ਦੀ ਅਗਵਾਈ ਹੇਠ ਬੱਸ ਅੱਡੇ ਨੇੜੇ ਸਾਦੇ ਕੱਪੜਿਆਂ ਵਿਚ ਗੁਪਤ ਨਾਕੇ ਲਾਏ ਹੋਏ ਸਨ। ਇਸ ਦੌਰਾਨ ਪੰਜਾਬ ਪੁਲੀਸ ਟੀਮ ਦੀ ਬੱਸ ਅੱਡੇ ਦੇ ਬਾਹਰ ਪਾਰਕਿੰਗ ਨੇੜੇ ਦੁਪਹਿਰ 12:25 ਵਜੇ ਦਿਲਪ੍ਰੀਤ ਦੀ ਕਾਰ ਉਪਰ ਨਜ਼ਰ ਪਈ। ਪੁਲੀਸ ਦੇ ਇਕ ਅਧਿਕਾਰੀ ਨੇ ਕਾਰ ਦੇ ਅਗਲੇ ਸ਼ੀਸ਼ੇ ‘ਤੇ ਇੱਟ ਮਾਰੀ ਤਾਂ ਦਿਲਪ੍ਰੀਤ ਨੇ ਕਾਰ ਪਿੱਛੇ ਵੱਲ ਭਜਾ ਲਈ। ਉਥੇ ਪਹਿਲਾਂ ਹੀ ਚੰਡੀਗੜ੍ਹ ਦੀ ਅਪਰਾਧ ਸ਼ਾਖਾ ਦਾ ਇੰਸਪੈਕਟਰ ਅਮਨਜੋਤ ਸਿੰਘ ਨਿੱਜੀ ਫੌਰਚੂਨਰ ਗੱਡੀ (ਸੀਐਚ01ਏਆਰ5194) ਵਿਚ ਟੀਮ ਸਮੇਤ ਤਾਇਨਾਤ ਸੀ ਅਤੇ ਉਸ ਨੇ ਗੱਡੀ ਦਿਲਪ੍ਰੀਤ ਦੀ ਬੈਕ ਆ ਰਹੀ ਕਾਰ ਵਿਚ ਮਾਰ ਦਿੱਤੀ। ਪੁਲੀਸ ਅਨੁਸਾਰ ਫਿਰ ਦਿਲਪ੍ਰੀਤ ਨੇ ਰਿਵਾਲਵਰ ਨਾਲ ਗੋਲੀ ਚਲਾ ਦਿੱਤੀ। ਇਸ ਦੇ ਜਵਾਬ ‘ਚ ਪੰਜਾਬ ਪੁਲੀਸ ਨੇ ਵੀ ਗੋਲੀ ਚਲਾਈ ਜੋ ਦਿਲਪ੍ਰੀਤ ਦੇ ਪੱਟ ਉਪਰ ਲੱਗੀ ਅਤੇ ਪੁਲੀਸ ਨੇ ਉਸ ਨੂੰ ਦਬੋਚ ਲਿਆ। ਦਿਲਪ੍ਰੀਤ ਦੀ ਕਾਰ ਕੋਲ ਉਸ ਦਾ ਕਾਲੇ ਰੰਗ ਦਾ ਰਿਵਾਲਵਰ ਡਿੱਗਾ ਪਿਆ ਸੀ ਅਤੇ ਕਾਰ ਵਿਚ ਫੌਇਲ ਪੇਪਰ ਤੇ ਲਾਈਟਰ ਮਿਲਿਆ ਹੈ। ਕਾਰ ਦੀ ਡਿੱਕੀ ਵਿਚੋਂ 310 ਬੋਰ ਦੀ ਬੰਦੂਕ, 59 ਕਾਰਤੂਸ, 2 ਹਾਕੀਆਂ ਅਤੇ ਨਕਲੀ ਦਾੜ੍ਹੀ ਬਰਾਮਦ ਹੋਈ ਹੈ।

ਐਸਐਸਪੀ ਗੁਰਪ੍ਰੀਤ ਸਿੰਘ ਭੁੱਲਰ ਅਤੇ ਐਸਐਸਓਸੀ ਦੇ ਏਆਈਜੀ ਵਰਿੰਦਰਪਾਲ ਸਿੰਘ ਨੇ ਇਥੇ ਪੁਲੀਸ ਹੈੱਡਕੁਆਰਟਰ ਵਿਚ ਪੱਤਰਕਾਰਾਂ ਨੂੰ ਦੱਸਿਆ ਕਿ ਦਿਲਪ੍ਰੀਤ ਅੱਜ-ਕੱਲ ਪੰਜਾਬ ਅਤੇ ਹੋਰ ਰਾਜਾਂ ਵਿਚ ਚਿੱਟਾ ਅਤੇ ਗੋਲੀ-ਸਿੱਕਾ ਗੈਂਗਸਟਰਾਂ ਨੂੰ ਸਪਲਾਈ ਕਰਦਾ ਸੀ। ਉਨ੍ਹਾਂ ਦੱਸਿਆ ਕਿ ਇਸ ਨੇ ਆਪਣੀ ਠਾਹਰ ਚੰਡੀਗੜ੍ਹ ਦੇ ਸੈਕਟਰ 38 ਵੈਸਟ ਵਿਚ ਰੁਪਿੰਦਰ ਕੌਰ ਦੇ ਕਿਰਾਏ ਦੇ ਘਰ ਅਤੇ ਉਸ ਦੀ ਭੈਣ ਹਰਪ੍ਰੀਤ ਕੌਰ ਦੇ ਨਵਾਂ ਸ਼ਹਿਰ ਸਥਿਤ ਘਰ ਵਿਚ ਰੱਖੀ ਹੋਈ ਸੀ। ਸ੍ਰੀ ਭੁੱਲਰ ਅਨੁਸਾਰ ਨਵਾਂ ਸ਼ਹਿਰ ਵਿਚ ਹਰਪ੍ਰੀਤ ਕੌਰ ਦੇ ਘਰ ਛਾਪਾ ਮਾਰ ਕੇ ਇਕ ਕਿਲੋ ਹੈਰੋਇਨ, ਮਰਦਾਨਗੀ ਤਾਕਤ ਵਧਾਉਣ ਵਾਲੇ ਕੈਪਸੂਲ, ਇਲੈਕ੍ਰਿਕ ਕੰਡਾ, ਬੋਰ ਪੰਪ ਐਕਸ਼ਨ ਰਾਈਫਲ, 40 ਕਾਰਤੂਸ ਅਤੇ ਫੋਨ ਬਰਾਮਦ ਕੀਤੇ ਹਨ।

ਉਧਰ ਪੰਜਾਬ ਦੇ ਡੀਜੀਪੀ (ਇੰਟੈਲੀਜੈਂਸ) ਦਿਨਕਰ ਗੁਪਤਾ ਨੇ ਕਿਹਾ ਹੈ ਕਿ ਦਿਲਪ੍ਰੀਤ ਦੀ ਗ੍ਰਿਫ਼ਤਾਰੀ ਨਾਲ ਨਾਰਕੋ-ਗੈਂਗਸਟਰਜ਼ ਦਾ ਖ਼ੁਲਾਸਾ ਹੋਇਆ ਹੈ। ਉਨ੍ਹਾਂ ਦੱਸਿਆ ਕਿ ਦਿਲਪ੍ਰੀਤ ਹੈਰੋਇਨ ਦੀ ਕੀਤੀ ਸਪਲਾਈ ਦੀ ਰਾਸ਼ੀ ਲੈਣ ਲਈ ਚੰਡੀਗੜ੍ਹ ਆਇਆ ਸੀ। ਸ੍ਰੀ ਗੁਪਤਾ ਅਨੁਸਾਰ ਦਿਲਪ੍ਰੀਤ ਨੂੰ ਜਲੰਧਰ ਦਿਹਾਤੀ ਪੁਲੀਸ ਦੇ ਐਸਐਸਪੀ ਗੁਰਪ੍ਰੀਤ ਸਿੰਘ ਭੁੱਲਰ ਅਤੇ ਸਟੇਟ ਕਾਊਂਟਰ ਇੰਟੇਂਲੀਜੈਂਸ ਦੇ ਸਾਂਝੇ ਅਪਰੇਸ਼ਨ ਨਾਲ ਕਾਬੂ ਕੀਤਾ ਗਿਆ ਹੈ ਅਤੇ ਇਸ ਅਪਰੇਸ਼ਨ ਵਿਚ ਚੰਡੀਗੜ੍ਹ ਪੁਲੀਸ ਦੀ ਕੋਈ ਭੂਮਿਕਾ ਨਹੀਂ ਹੈ। ਉਨ੍ਹਾਂ ਕਿਹਾ ਕਿ ਪਿਛਲੇ ਦਿਨੀਂ ਹੀ ਦਿਲਪ੍ਰੀਤ ਨੇ ਸੋਸ਼ਲ ਮੀਡੀਆ ਉਪਰ ਡਰੱਗਜ਼ ਵਿਰੁੱਧ ਪੋਸਟ ਪਾਈ ਸੀ। ਹੈਰਾਨੀ ਵਾਲੀ ਗੱਲ ਇਹ ਹੈ ਕਿ ਚੰਡੀਗੜ੍ਹ ਪੁਲੀਸ ਦੇ ਅਧਿਕਾਰੀ ਦਾਅਵਾ ਕਰ ਰਹੇ ਹਨ ਕਿ ਇਹ ਅਪਰੇਸ਼ਨ ਚੰਡੀਗੜ੍ਹ ਅਤੇ ਪੰਜਾਬ ਪੁਲੀਸ ਨੇ ਸਾਂਝੇ ਤੌਰ ‘ਤੇ ਕੀਤਾ ਹੈ। ਮੌਕੇ ਦੇ ਹਾਲਾਤ ਵੀ ਇਹੋ ਬਿਆਨ ਕਰਦੇ ਹਨ ਪਰ ਪੰਜਾਬ ਪੁਲੀਸ ਕੁਝ ਹੋਰ ਹੀ ਕਹਿ ਰਹੀ ਹੈ।

## ਮੇਘਾਲਿਆ ਹਾਈਕੋਰਟ ਵੱਲੋਂ ਸ਼ਿਲਾਂਗ ਦੇ ਸਿੱਖਾਂ ਨੂੰ ਉਜਾੜਨ ’ਤੇ ਲਾਈ ਰੋਕ

ਪਰਿਵਾਰਾਂ ਨੂੰ ਤਬਦੀਲ ਕੀਤੇ ਜਾਣ ਦੀ ਕਾਰਵਾਈ ‘ਤੇ ਰੋਕ ਲਗਾ ਦਿੱਤੀ ਹੈ ਤੇ ਸਰਕਾਰ ਨੂੰ ਆਪਣਾ ਜਵਾਬ ਦਾਇਰ ਕਰਨ ਵਾਸਤੇ 4 ਹਫਤਿਆਂ ਦਾ ਸਮਾਂ ਦਿੱਤਾ ਹੈ।

ਉਹਨਾਂ ਇਹ ਵੀ ਦੱਸਿਆ ਕਿ ਉਚ ਤਾਕਤੀ ਕਮੇਟੀ ਇਸ ਕੇਸ ਦੀ ਸੁਣਵਾਈ ਪੂਰੀ ਹੋਣ ਤੱਕ ਆਪਣੀ ਰਿਪੋਰਟ ਨਹੀਂ ਦੇਵੇਗੀ। ਅਦਾਲਤ ਨੇ ਇਹ ਵੀ ਆਖਿਆ ਕਿ ਕਮੇਟੀ ਕੋਲ ਪਰਿਵਾਰਾਂ ਨੂੰ ਤਬਦੀਲ ਕਰਨ ਦਾ ਕੋਈ ਹੱਕ ਨਹੀਂ ਹੈ ਪਰ ਉਹ ਸਰਕਾਰ ਨੂੰ ਸਲਾਹ ਦੇ ਸਕਦੀ ਹੈ।

ਹਾਈ ਕੋਰਟ ਵਲੋਂ ਸਰਕਾਰ ਨੂੰ ਇਹ ਵੀ ਪੁੱਛਿਆ ਗਿਆ ਹੈ ਕਿ ਉਹ ਜਵਾਬ ਦਾਇਰ ਕਰੇ ਕਿ ਇਸ ਥਾਂ ਦਾ ਪੱਟਾ ਇਹਨਾਂ ਪਰਿਵਾਰਾਂ ਦੇ ਨਾਮ ‘ਤੇ ਕਿਉਂ ਨਹੀਂ ਹੋ ਸਕਦਾ ਜੋ ਲੰਬੇ ਸਮੇਂ ਤੋਂ ਇਥੇ ਰਹਿ ਰਹੇ ਹਨ।

## ਦਿੱਲੀ ਦੇ ਨਿਰਭਯਾ ਬਲਾਤਕਾਰ ਕੇਸ ਦੇ ਦੋਸ਼ੀਆਂ ਨੂੰ ਫਾਂਸੀ ਦੇਣ ਦਾ ਰਾਹ ਪੱਧਰਾ

ਭਾਜਪਾ ਤੇ ਕਾਂਗਰਸ ਨੇ ਵੀ ਫ਼ੈਸਲੇ ਦਾ ਸਵਾਗਤ ਕੀਤਾ ਹੈ। ਛੇ ਦੋਸ਼ੀਆਂ ਵਿੱਚੋਂ ਇਕ ਬਾਲ ਅਪਰਾਧੀ ਪਹਿਲਾਂ ਹੀ ਬਾਲ ਸੁਧਾਰ ਘਰ ਵਿੱਚ ਤਿੰਨ ਸਾਲ ਦੀ ਸਜ਼ਾ ਭੁਗਤ ਕੇ ਰਿਹਾਅ ਹੋ ਚੁੱਕਾ ਹੈ। ਰਾਮ ਸਿੰਘ ਨਾਮੀ ਇਕ ਹੋਰ ਦੋਸ਼ੀ ਨੇ 11 ਮਾਰਚ, 2013 ਨੂੰ ਤਿਹਾੜ ਜੇਲ੍ਹ ਵਿੱਚ ਖ਼ੁਦਕੁਸ਼ੀ ਕਰ ਲਈ ਸੀ। ਮਾਮਲੇ ਦੇ ਬਚੇ ਚੌਥੇ ਦੋਸ਼ੀ ਅਕਸ਼ੇ ਕੁਮਾਰ ਸਿੰਘ (33) ਨੇ ਹਾਲੇ ਤੱਕ ਨਜ਼ਰਸਾਨੀ ਪਟੀਸ਼ਨ ਨਹੀਂ ਪਾਈ। ਇਸ ਦੌਰਾਨ ਮਨੁੱਖੀ ਹੱਕਾਂ ਲਈ ਕੰਮ ਕਰਨ ਵਾਲੀ ਸੰਸਥਾ ਅਮਨੈਸਟੀ ਇੰਟਰਨੈਸ਼ਨਲ ਨੇ ਇਕ ਬਿਆਨ ਵਿੱਚ ਕਿਹਾ ਕਿ ਮੌਤ ਦੀਆਂ ਸਜ਼ਾਵਾਂ ਨਾਲ ਔਰਤਾਂ ਖ਼ਿਲਾਫ਼ ਜੁਰਮ ਨਹੀਂ ਰੁਕਣਗੇ ਅਤੇ ਸਰਕਾਰ ਨੂੰ ਚਾਹੀਦਾ ਹੈ ਕਿ ਉਹ ਅਜਿਹਾ ਪ੍ਰਬੰਧ ਕਰੇ ਜਿਸ ਨਾਲ ਕਾਨੂੰਨਾਂ ਨੂੰ ਅਸਰਦਾਰ ਢੰਗ ਨਾਲ ਲਾਗੂ ਕੀਤਾ ਜਾ ਸਕੇ।

## ਪੰਜਾਬ ਦੇ ਪਾਣੀਆਂ ਦੀ 71 ਸਾਲ ਤੋਂ ਰੁਕੀ ਰਾਇਲਟੀ ਜਾਰੀ ਕਰਨ ਦੀ ਪਟੀਸ਼ਨ ਦੇ ਹੱਕ ’ਚ ਭੁਗਤੀ ਪੰਜਾਬ ਸਰਕਾਰ

ਅਧੀਨ ਮਾਮਲੇ ਦਾ ਅਧਿਐਨ ਕਰਨਾ ਚਾਹੁੰਦੇ ਹਨ। ਏਜੀ ਨੇ ਕਿਹਾ ਕਿ ਸੁਪਰੀਮ ਕੋਰਟ ‘ਚ ਵਿਚਾਰ ਅਧੀਨ ਕੇਸਾਂ ਦਾ ਅਧਿਐਨ ਕਰਨਾ ਇਸ ਲਈ ਵੀ ਜ਼ਰੂਰੀ ਹੈ, ਕਿਉਂਕਿ ਸਾਲ 1955 ‘ਚ ਕੇਂਦਰ ਸਰਕਾਰ ਨੇ ਰਾਜਸਥਾਨ ਨੂੰ ਇਸ ਪ੍ਰੋਜੈਕਟ ‘ਚ ਸ਼ਾਮਿਲ ਕੀਤਾ ਸੀ ਤਾਂ ਕਿ ਉਹ ਵਿਸ਼ਵ ਬੈਂਕ ਤੋਂ ਕਰਜ਼ ਲੈ ਸਕੇ ਤੇ ਨਾਲ ਹੀ ਕੇਂਦਰ ਨੇ ਪੰਜਾਬ ਨੂੰ ਭਰੋਸਾ ਦਿਵਾਇਆ ਸੀ ਕਿ ਰਾਜਸਥਾਨ ਤੋਂ ਪੰਜਾਬ ਨੂੰ ਮੁਆਵਜ਼ਾ ਦਿਵਾਇਆ ਜਾਵੇਗਾ। ਹਾਈਕੋਰਟ ਬੈਂਚ ਨੇ ਇਸ ਦਲੀਲ ਉਪਰੰਤ ਮੌਜੂਦਾ ਪਟੀਸ਼ਨ ਦੀ ਸੁਣਵਾਈ 10 ਸਤੰਬਰ ‘ਤੇ ਪਾ ਦਿੱਤੀ ਹੈ। ਜ਼ਿਕਰਯੋਗ ਹੈ ਕਿ ਗਾਂਧੀ ਨੇ ਪਟੀਸ਼ਨ ‘ਚ ਰਾਵੀ ਤੇ ਬਿਆਸ ਦਰਿਆਵਾਂ ਦੇ ਪਾਣੀ ਦੀ ਚਾਰ ਸੂਬਿਆਂ ‘ਚ ਵੰਡ ਤੇ ਸਟੋਰੇਜ ਸਬੰਧੀ ਕੇਂਦਰੀ ਸਿੰਚਾਈ ਤੇ ਬਿਜਲੀ ਮੰਤਰਾਲੇ ਦਾ 29 ਜਨਵਰੀ 1955 ਦਾ ਫ਼ੈਸਲਾ ਰੱਦ ਕਰਨ ਦੀ ਮੰਗ ਕੀਤੀ ਸੀ ਤੇ ਕਿਹਾ ਸੀ ਕਿ ਫ਼ੈਸਲੇ ਦੀ ਕਲਾਜ ਪੰਜ ਨੂੰ ਲਾਗੂ ਨਾ ਕਰਨ ਕਾਰਨ 1947 ਤੋਂ ਲੈ ਕੇ ਰਾਜਸਥਾਨ ਅਤੇ ਨਾਨ ਰੀਪੇਰੀਅਨ ਸੂਬਿਆਂ ਨੂੰ ਹੁਣ ਤੱਕ ਦਿੱਤੇ ਗਏ ਪਾਣੀ ਦੇ ਇਵਜ਼ ‘ਚ ਪੰਜਾਬ ਨੂੰ 80 ਹਜ਼ਾਰ ਕਰੋੜ ਰੁਪਏ ਮੁਆਵਜ਼ਾ ਦਿੱਤਾ ਜਾਣਾ ਚਾਹੀਦਾ ਹੈ। ਵਕੀਲ ਆਰ.ਐਸ. ਬੈਂਸ ਰਾਹੀਂ ਪਟੀਸ਼ਨ ‘ਚ ਐਮ.ਪੀ ਗਾਂਧੀ ਨੇ ਇਹ ਵੀ ਕਿਹਾ ਸੀ ਕਿ ਪਾਣੀ ਵਿਵਾਦ ਨੂੰ ਲੈ ਕੇ ਬਣੇ ਇੰਟਰਸਟੇਟ ਰੀਵਰ ਵਾਟਰ ਡਿਸਪਿਊਟ ਐਕਟ 1956 ਨੂੰ ਗੈਰ ਸੰਵਿਧਾਨਕ ਕਰਾਰ ਦਿੱਤਾ ਜਾਵੇ, ਕਿਉਂਕਿ ਇਹ ਪ੍ਰਧਾਨ ਮੰਤਰੀ ਵਲੋਂ ਨਿੱਜੀ ਵਿਅਕਤੀਆਂ ਨਾਲ ਕੀਤੀ ਹੋਈ ਸਿਰਫ਼ ਇਕ ਅਜਿਹੀ ਸੋਧ ਹੈ, ਜਿਹੜੀ ਕਿ ਕਦੇ ਲਾਗੂ ਨਹੀਂ ਹੋਈ।

## ਮੋਦੀ ਨੇ ਪੰਜਾਬ ਦੇ ਕਿਸਾਨਾਂ ਤੇ ਬਾਦਲ ਨੇ ਮੋਦੀ ਦੀਆਂ ਤਰੀਫਾਂ ਦੇ ਪੁਲ ਬੰਨ੍ਹੇ

ਹੀ ਲਾਗੂ ਕੀਤਾ। ਉਨ੍ਹਾਂ ਕਿਹਾ ਕਿ ਇਸ ਫੈਸਲੇ ਨਾਲ ਪੰਜਾਬ, ਰਾਜਸਥਾਨ ਤੇ ਹਰਿਆਣਾ ਦੇ ਕਿਸਾਨਾਂ ਨੂੰ ਬਹੁਤ ਲਾਭ ਹੋਣ ਵਾਲਾ ਹੈ। ਮੋਦੀ ਨੇ ਮਲੋਟ ਦੀ ਕਪਾਹ ਦੀ ਤਰੀਫ ਕਰਦਿਆਂ ਕਿਹਾ ਕਿ ਪੂਰੇ ਦੇਸ਼ ਤੇ ਦੁਨੀਆ ‘ਚ ਪੰਜਾਬ ਦੀ ਕਪਾਹ ਮਸ਼ਹੂਰ ਹੈ। ਉਨ੍ਹਾਂ ਪੰਜਾਬੀ ਵਿਚ ਬੋਲਦਿਆਂ ਕਿਹਾ ਕਿ ਨਰਮੇ ਦੀ ਧਰਤੀ ਮਲੋਟ ਲਈ ਉਨ੍ਹਾਂ ਦਾ ਖਾਸ ਤੋਹਫਾ ਹੈ ਕਿ ਕਪਾਹ ਲਈ ਮਿਲਣ ਵਾਲਾ ਸਮਰਥਨ ਮੁੱਲ ਵਧਾ ਦਿੱਤਾ ਗਿਆ ਹੈ। ਉਨ੍ਹਾਂ ਕਿਹਾ ਕਿ ਕਾਂਗਰਸ ਸਰਕਾਰ ਨਹੀਂ ਚਾਹੁੰਦੀ ਕਿ ਕਿਸਾਨ ਚੈਨ ਦੀ ਨੀਂਦ ਸੌਂਵੇ । ਮੋਦੀ ਵੱਲੋਂ 2022 ਤੱਕ ਕਿਸਾਨਾਂ ਦੀ ਆਮਦਨੀ ਨੂੰ ਦੋ-ਗੁਣਾ ਵੱਧ ਕਰਨ ਬਾਰੇ ਕਿਹਾ ਕਿ ਉਨ੍ਹਾਂ ਦੀ ਸਰਕਾਰ ਵੱਲੋਂ ਨਿਰੰਤਰ ਕਿਸਾਨਾਂ ਦੀ ਆਮਦਨੀ ‘ਚ ਵਾਧੇ ਨੂੰ ਲੈ ਕੇ ਠੋਸ ਕਦਮ ਉਠਾਏ ਜਾ ਰਹੇ ਹਨ। ਉਨ੍ਹਾਂ ਦੱਸਿਆ ਕਿ ਦੇਸ਼ ਭਰ ਵਿਚ 15 ਕਰੋੜ ਸੁਆਇਲ ਹਿੱਲ ਕਾਰਡ ਵੰਡੇ ਜਾ ਚੁੱਕੇ ਹਨ ਜਿਨ੍ਹਾਂ ਵਿਚ ਕਿਸਾਨਾਂ ਦੀ ਜ਼ਮੀਨ, ਮਿੱਟੀ ਦਾ ਰਿਕਾਰਡ ਸ਼ਾਮਲ ਹੈ। ਇਸ ਨਾਲ ਕਿਸਾਨਾਂ ਨੂੰ ਪਤਾ ਲਗਦਾ ਹੈ ਕਿ ਕਿਹੜੀ ਮਿੱਟੀ ਵਿਚ ਕਿਹੜੀ ਫਸਲ ਕਦੋਂ ਲਗਾਉਣੀ ਹੈ। ਇਸੇ ਦੌਰਾਨ ਪ੍ਰਕਾਸ਼ ਸਿੰਘ ਬਾਦਲ ਵੱਲੋਂ ਪ੍ਰਧਾਨ ਮੰਤਰੀ ਨਰੇਂਦਰ ਮੋਦੀ ਨੂੰ ਹਿੰਦੁਸਤਾਨ ਦੇ ਲੋਕ ਨਾਇਕ ਕਹਿ ਕੇ ਸੰਬੋਧਨ ਕਰਦਿਆਂ ਕਿਹਾ ਕਿ ਇਸ ਰੈਲੀ ਦਾ ਮਕਸਦ ਕੋਈ ਸਿਆਸੀ ਰੋਟੀਆਂ ਸੇਕਣਾ ਨਹੀਂ ਹੈ, ਸਗੋਂ ਕਿਸਾਨਾਂ ਲਈ ਮੋਦੀ ਸਰਕਾਰ ਵੱਲੋਂ ਐਮਐਸਪੀ ‘ਚ ਕੀਤੇ ਵਾਧੇ ਦਾ ਧੰਨਵਾਦ ਕਰਨਾ ਹੈ। ਉਨ੍ਹਾਂ ਕਿਹਾ ਕਿ ਬਹੁਤ ਹੀ ਫ਼ਖ਼ਰ ਨਾਲ ਕਿਹਾ ਜਾ ਸਕਦਾ ਹੈ ਕਿ ਹਿੰਦੁਸਾਤਾਨ ਆਰਥਿਕ ਤੌਰ ‘ਤੇ ਦੁਨੀਆ ਵਿਚ ਸੁਪਰ ਪਾਵਰ ਬਣ ਗਿਆ ਹੈ ਅਤੇ ਇਹ ਸਿਰਫ ਮੋਦੀ ਸਰਕਾਰ ਦੌਰਾਨ ਹੀ ਹੋਇਆ ਹੈ ਜੋ ਸਿਰਫ ਚਾਰ ਸਾਲਾਂ ਵਿਚ ਪ੍ਰਧਾਨ ਮੰਤਰੀ ਨਰੇਂਦਰ ਮੋਦੀ ਦਾ ਕ੍ਰਿਸ਼ਮਾ ਹੈ।ਉਨ੍ਹਾਂ ਕਿਹਾ ਕਿ ਉਹ ਪ੍ਰਮਾਤਮਾ ਅੱਗੇ ਦੁਆ ਕਰਦੇ ਹਨ ਕਿ ਮੋਦੀ ਲੰਮਾ ਸਮਾਂ ਪ੍ਰਧਾਨ ਮੰਤਰੀ ਰਹਿਣ। ਅੰਤ ਵਿਚ ਸ. ਬਾਦਲ ਨੇ ਆਪਣੇ ਅੰਦਾਜ਼ ‘ਚ ਕਿਹਾ ਕਿ “ਗਰਮੀ ਕਰਕੇ ਸਭ ਦੇ ਗਲੇ ਸੁੱਕੇ ਲਗਦੇ ਐ, ਜੈਕਾਰਾ ਬੁਲਾਓ ਤਾਂ ਜੋ ਪਤਾ ਲੱਗੇ ਕਿ ਪੰਜਾਬ ਵਿਚ ਨਰੇਂਦਰ ਮੋਦੀ ਆਏ ਹਨ। ”

# RESIDENTIAL, COMMERCIAL AND SOLAR FARMS

**with Sunpreme High Performance Bifacial Smart Panels**

## ਆਪਣੇ ਘਰ ਅਤੇ ਕਾਰੋਬਾਰ ਤੇ ਸੋਲਰ ਸਿਸਟਮ ਲਗਾਉਣ ਲਈ ਸਤਨਾਮ ਸਿੰਘ ਖਾਲਸਾ ਨਾਲ ਅੱਜ ਹੀ ਸੰਪਰਕ ਕਰੋ




## ਬਿਜਲੀ ਦੇ ਬਿਲ ਤੋਂ ਹਮੇਸ਼ਾਂ ਲਈ ਛੁਟਕਾਰਾ

**Satnam Singh Khalsa 510.706.1300**

info@singhsolar.com

SUNPREME
Premium Bifacial Thin Film Solar






Raja™ SWEETS & CATERING®
AUTHORIZED CATERER FOR MAJOR 5-STAR HOTELS
ਮਿਠਾਈਆਂ ਅਤੇ ਕੇਟਰਿੰਗ ਦੇ ਬਾਦਸ਼ਾਹ™

ਹਰ ਮੌਕੇ ਜਿਵੇ ਅਖੰਡ ਪਾਠ, ਜਨਮ ਦਿਨ, ਵਿਆਹ ਸ਼ਾਦੀ ਜਾਂ ਪਰਟੀ ਲਈ ਦਸ ਹਜਾਰ ਬੰਦਿਆਂ ਤੱਕ ਦੇ ਖਾਣੇ ਦਾ ਇੰਤਜ਼ਾਮ ਕਰ ਸਕਦੇ ਹਾਂ।

Follow us on:
Toll Free 1-866-FOR-RAJA
www.rajasweets.com
msbains@rajasweets.com

Fresh Sweets, Snacks & Food
Catering with Portable Tandoor for up to 10000 guests
Lunch - Dinner - Take Out - Banquets

**Raja™ Sweets & Indian Cuisine**
31853 Alvarado Blvd. Union City CA 94587
Ph. (510) 489-9100 Fax (510) 489-9111

**Raja™ Indian Cuisine & Bar**
1275 W Winton Ave. Hayward CA 94545
Ph. (510) 264-9300 Fax (510) 264-9345

Call Makhan Bains or Ravinder Singh For Your Next Party

**1-866-FOR-RAJA (367-7252)**
**www.RajaSweets.com**

**Items Serving:**
- All kinds of Sweets
- Snacks & Food
- Chaat & Tikki Stall
- Pani Poori Stall
- Bhel Poori / Pav Bhaji
- Falooda Kulfi

**Catering Services:**
- Wedding Ceremonies
- Receptions
- Birthday Parties
- Religious Gatherings
- Corporate Events
- Picnics / Bar-b-que

**Additional Services:**
- Warmers
- Chaffing Dishes
- China & Silverware
- Linen Rental
- Waiters & Bartenders




ਹਰ ਮੌਕੇ ਜਿਵੇਂ ਵਿਆਹ ਸ਼ਾਦੀ, ਰਿਸੈਪਸ਼ਨ, ਜਨਮਦਿਨ, ਪਾਰਟੀ ਲਈ
200 ਤੋਂ 1000 ਬੰਦਿਆਂ ਦੇ ਬੈਠਣ ਅਤੇ ਖਾਣ ਲਈ ਹਾਲ ਦਾ ਇੰਤਜਾਮ ਹੈ।

# PARADISE BALLROOMS

4100 Peralta Blvd. Fremont, CA 94536

**(510) 900-6319**

info@paradiseballrooms.com www.paradiseballrooms.com

## SERVICES INCLUDE

- CATERING
- SILVERWARE
- CHINAWARE
- DECORATED HALL
- LINEN
- SEVERAL BAR OPTIONS
- SECURITY
- WAIT STAFF
- FULL SETUP INCLUDING TABLE CLOTH, NAPKINS, CHAIRS ETC.


SHER® ROTI
SOFT
SO SOFT
SHER
DURUM ATTA
DESI
STYLE
20 lb
9.07 kg
SHER ATTA GHAR LAAO
WWW.SHERBRARMILLS.COM